ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 197| 15 October to 21 October, 2025 | Ph.: (510) 240-5949 | Email: asrtimes@gmail.com



# ਗਾਜ਼ਾ ਨੇ ਬਰਬਾਦ ਹੋ ਕੇ ਚੁਕਾਈ ਸ਼ਾਂਤੀ ਦੀ ਕੀਮਤ

## ਇਜ਼ਰਾਇਲ-ਹਮਾਸ 'ਚ ਜੰਗਬੰਦੀ ਦੇ ਬਾਵਜੂਦ ਲੋਕਾਂ ਦੇ ਦਿਲਾਂ 'ਚ ਖੌਫ਼ ਬਰਕਰਾਰ

### ਦੋਵੇਂ ਦੇਸ਼ਾਂ ਵੱਲੋਂ ਬੰਦੀਆਂ ਦੀ ਰਿਹਾਈ ਤੋਂ ਬਾਅਦ 2 ਸਾਲਾਂ ਤੋਂ ਚੱਲ ਰਹੀ ਜੰਗ ਹੋਈ ਸਮਾਪਤ

**ਜਗਮੋਹਨ ਸਿੰਘ 'ਲੱਕੀ'**



ਲੰਘੇ ਇੱਕ ਸਾਲ ਤੋਂ ਇਜ਼ਰਾਇਲ ਦੀਆਂ ਫ਼ੌਜਾਂ ਵੱਲੋਂ ਦਿਨ ਰਾਤ ਕੀਤੀ ਜਾਂਦੀ ਬੰਬਾਰੀ ਅਤੇ ਚਲਾਈਆਂ ਜਾਂਦੀਆਂ ਗੋਲੀਆਂ ਨਾਲ ਤਬਾਹ ਹੋਈ ਗਾਜ਼ਾ ਪੱਟੀ ਵਿੱਚ ਹੁਣ ਅਮਨ ਸ਼ਾਂਤੀ ਦੀ ਹਵਾ ਰੁਮਕਣ ਲੱਗ ਪਈ ਹੈ, ਜਿਸ ਕਾਰਨ ਜੰਗ ਦੀ ਭੱਠੀ ਵਿੱਚ ਅੱਗ ਦੇ ਗੋਲੇ ਵਾਂਗੂੰ ਤਪ ਰਹੀ ਗਾਜ਼ਾ ਦੀ ਧਰਤੀ ਨੂੰ ਕੁਝ ਠੰਡਕ ਮਿਲੀ ਹੈ। ਅਮਰੀਕਾ, ਅਰਬ ਦੇਸ਼ਾਂ ਅਤੇ ਤੁਰਕੀ ਦੇ ਦਬਾਅ ਹੇਠ ਇਜ਼ਰਾਇਲ ਅਤੇ ਹਮਾਸ ਵਿਚਾਲੇ ਸ਼ਾਂਤੀ ਸਮਝੌਤਾ ਹੋ ਚੁੱਕਿਆ ਹੈ ਅਤੇ ਇਜ਼ਰਾਇਲ ਵੱਲੋਂ ਵੀ ਗੋਲੀਬੰਦੀ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਜ਼ਰਾਇਲ ਵੱਲੋਂ ਗਾਜਾ ਲਈ ਸਹਾਇਤਾ ਲੈ ਕੇ ਜਾ ਰਹੇ ਜਹਾਜ਼ਾਂ ਅਤੇ ਹੋਰ ਵਾਹਨਾਂ ਨੂੰ ਨਾ ਰੋਕਣ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ। ਇਜ਼ਰਾਇਲ ਦੇ ਇਸ ਐਲਾਨ ਤੋਂ ਬਾਅਦ ਗਾਜਾ ਪੱਟੀ ਦੇ ਵਸਨੀਕਾਂ/ ਫਲਸਤੀਨੀਆਂ ਨੇ ਸੁੱਖ ਦਾ ਸਾਹ ਲਿਆ ਹੈ। ਗਾਜ਼ਾ ਸ਼ਾਂਤੀ ਯੋਜਨਾ ਗਾਜ਼ਾ ਦੇ ਲੋਕਾਂ ਨੂੰ ਭੁੱਖਮਰੀ ਅਤੇ ਦੁੱਖ ਤੋਂ ਮੁਕਤ ਕਰਨ ਲਈ ਮਾਨਵਤਾਵਾਦੀ ਆਧਾਰ 'ਤੇ ਸ਼ੁਰੂ ਕੀਤੀ ਗਈ ਹੈ ਸਮੁੰਦਰ ਕੰਢੇ ਵਸੇ ਅਤੇ 45 ਵਰਗ ਕਿਲੋਮੀਟਰ (17 ਵਰਗ ਮੀਲ) 'ਚ ਫੈਲੇ ਜਿਹੜੇ ਗਾਜ਼ਾ ਸ਼ਹਿਰ 'ਚ ਬਹੁ-ਮੰਜ਼ਿਲਾ ਅਪਾਰਟਮੈਂਟ, ਛੋਟੇ ਅਤੇ ਵੱਡੇ ਨਿਵਾਸ, ਸਕੂਲ, ਹਸਪਤਾਲ, ਜੀਵੰਤ ਬਾਜ਼ਾਰ, ਪੰਜ-ਸਿਤਾਰਾ ਹੋਟਲ, ਪਿਕਨਿਕ ਸਥਾਨ, ਬੀਚ, ਖੇਤੀਬਾੜੀ ਅਤੇ ਕਾਰੋਬਾਰ ਇਸ ਦੀ ਸ਼ਾਨ ਸਨ। ਇਸ ਸ਼ਹਿਰ ਨੂੰ ਗਾਜ਼ਾ ਪੱਟੀ ਦਾ ਇੱਕ ਪ੍ਰਮੁੱਖ ਵਪਾਰਕ ਕੇਂਦਰ ਮੰਨਿਆ ਜਾਂਦਾ ਸੀ, ਜਿਸ ਵਿੱਚ ਇੱਕ ਮਸ਼ਹੂਰ ਦਸਤਕਾਰੀ ਉਦਯੋਗ ਵੀ ਸੀ। ਉਸ ਸ਼ਹਿਰ 'ਚ ਹੁਣ ਸਭ ਕੁਝ ਤਬਾਹ ਹੋ ਗਿਆ ਹੈ। ਇਹੋ ਹਾਲ ਗਾਜ਼ਾ ਪੱਟੀ ਦੇ ਹੋਰਨਾਂ ਸ਼ਹਿਰਾਂ ਦਾ ਹੋਇਆ ਹੈ। ਹੁਣ ਤਾਂ ਇਥੇ ਹਰ ਪਾਸੇ ਜੰਗ 'ਚ ਹੋਈ ਤਬਾਹੀ ਦੇ ਮੰਜ਼ਰ ਹਨ। ਜ਼ਿਕਰਯੋਗ ਹੈ ਕਿ ਇਜ਼ਰਾਇਲ-ਹਮਾਸ ਵਿਚਾਲੇ ਮੌਜੂਦਾ ਜੰਗ ਦੀ ਸ਼ੁਰੂਆਤ 7 ਅਕਤੂਬਰ 2023 ਨੂੰ ਇਜ਼ਰਾਇਲ 'ਤੇ ਹਮਾਸ ਦੇ ਉਸ ਹਮਲੇ ਨਾਲ ਹੋਈ ਸੀ, ਜਿਸ ਵਿੱਚ 1200 ਦੇ ਕਰੀਬ ਇਜ਼ਰਾਇਲੀਆਂ ਦੀ ਮੌਤ ਹੋਈ ਅਤੇ 251 ਨੂੰ ਬੰਧਕ ਬਣਾ ਲਿਆ ਗਿਆ ਸੀ। ਇਨ੍ਹਾਂ ਬੰਧਕਾਂ ਵਿੱਚ ਕਈ ਵਿਦੇਸ਼ੀ ਵੀ ਸਨ। ਇਸ ਦਾ ਬਦਲਾ ਲੈਣ ਲਈ ਇਜ਼ਰਾਇਲ ਨੇ ਤੁਰੰਤ ਇੱਕ-ਪਾਸੜ ਜੰਗ ਸ਼ੁਰੂ ਕਰ ਦਿੱਤੀ ਸੀ। ਇਸ ਜੰਗ ਦੌਰਾਨ ਇਜ਼ਰਾਇਲ ਨੇ ਅਜਿਹੀਆਂ ਕਰਤੂਤਾਂ ਕੀਤੀਆਂ ਕਿ ਉਸ ਨੇ ਤਮਾਮ ਮਾਨਵੀ ਕਦਰਾਂ-ਕੀਮਤਾਂ ਨੂੰ ਦਰੜ ਕੇ ਰੱਖ ਦਿੱਤਾ। ਗਾਜ਼ਾ 'ਤੇ ਹਮਲਿਆਂ ਦੌਰਾਨ ਇਜ਼ਰਾਇਲ ਦੇ ਜੰਗ ਦੇ ਨਿਯਮਾਂ ਅਤੇ ਕਾਨੂੰਨਾਂ ਦੀ ਵੀ ਪਰਵਾਹ ਨਹੀਂ ਕੀਤੀ। ਸਭ ਕੁਝ ਨੂੰ ਛਿੱਕੇ ਟੰਗਦਿਆਂ ਇਜ਼ਰਾਇਲੀ ਫ਼ੌਜਾਂ ਨੇ ਨਿਹੱਥੇ ਫ਼ਲਸਤੀਨੀਆਂ ਦਾ ਕਤਲੇਆਮ ਕੀਤਾ। ਆਮ ਸ਼ਹਿਰੀਆਂ ਅਤੇ ਉਨ੍ਹਾਂ ਦੇ ਘਰਾਂ ਨੂੰ ਤਬਾਹ ਕੀਤਾ। ਇੱਥੋਂ ਤੱਕ ਕਿ ਮਹਿਲਾਵਾਂ ਅਤੇ ਮਾਸੂਮ ਬੱਚਿਆਂ 'ਤੇ ਵੀ ਇਜ਼ਰਾਇਲ ਦੀ ਫ਼ੌਜ ਨੇ ਕੋਈ ਤਰਸ ਨਹੀਂ ਕੀਤਾ। ਚਿੱਟੇ ਦਿਨ ਹੋਏ ਇਸ ਨਰ ਸੰਹਾਰ ਦਾ ਕੁਝ ਦੇਸ਼ਾਂ ਨੇ ਵਿਰੋਧ ਵੀ ਕੀਤਾ ਪਰ ਇਸ ਜੰਗ ਦੇ ਸ਼ੁਰੂ ਹੋਣ ਤੋਂ ਹੀ ਅਮਰੀਕਾ ਵੱਲੋਂ ਸ਼ਰੇਆਮ ਇਜ਼ਰਾਇਲ ਦਾ ਸਮਰਥਨ ਕੀਤਾ ਜਾ ਰਿਹਾ ਹੈ। ਇਸ ਸਮੇਂ ਵੀ ਹਮਾਸ ਅਤੇ ਇਜ਼ਰਾਇਲ ਵਿਚਾਲੇ ਜੋ ਸ਼ਾਂਤੀ ਸਮਝੌਤਾ ਹੋਇਆ ਹੈ, ਉਹ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀ ਅਗਵਾਈ ਵਿੱਚ ਹੀ ਹੋਇਆ ਹੈ। ਇਸ ਸਮਝੌਤੇ ਤੋਂ ਬਾਅਦ ਗਾਜ਼ਾ ਵਿੱਚ ਗੋਲੀਬੰਦੀ ਹੋ ਗਈ ਹੈ ਅਤੇ ਹਮਾਸ ਤੇ ਇਜ਼ਰਾਇਲ ਨੇ ਬੰਦੀ ਬਣਾਏ ਕੈਦੀਆਂ ਦੀ ਅਦਲਾ ਬਦਲੀ ਕਰ ਲਈ ਹੈ। ਗਾਜ਼ਾ ਸ਼ਹਿਰ ਦੇ ਤਾਜ਼ਾ ਹਾਲਾਤ ਇਹ ਹਨ ਕਿ ਇਸ ਸ਼ਹਿਰ ਦੀਆਂ ਵੱਡੀ ਗਿਣਤੀ ਇਮਾਰਤਾਂ ਇਜ਼ਰਾਇਲ ਦੇ ਹਮਲਿਆਂ ਕਾਰਨ ਮਲਬੇ 'ਚ ਬਦਲ ਚੁੱਕੀਆਂ ਹਨ। ਗਾਜ਼ਾ ਦੀ ਅੱਧੀ ਤੋਂ ਵੱਧ ਜ਼ਮੀਨ ਵਾਹੀਯੋਗ ਨਹੀਂ ਰਹੀ। ਇਸ ਤੋਂ ਇਲਾਵਾ 23 ਲੱਖ ਦੀ ਆਬਾਦੀ ਵਾਲੀ ਗਾਜ਼ਾ ਪੱਟੀ ਪੂਰੀ ਤਰ੍ਹਾਂ ਤਬਾਹ ਕਰ ਦਿੱਤੀ ਗਈ ਹੈ। (ਬਾਕੀ ਸਫ਼ਾ 26 'ਤੇ)



**ਜੰਗ ਕਿਸੇ ਸਮੱਸਿਆ ਦਾ ਹੱਲ ਨਹੀਂ, ਕਿਉਂਕਿ ਜੰਗ ਤਾਂ ਖੁਦ ਹੀ ਇੱਕ ਮਸਲਾ ਹੁੰਦੀ ਹੈ। ਗੁੰਝਲਦਾਰ ਮਸਲਿਆਂ ਦਾ ਹੱਲ ਸਿਰਫ਼ ਆਪਸੀ ਗੱਲਬਾਤ ਰਾਹੀਂ ਹੀ ਨਿਕਲਦਾ ਹੈ। ਜੰਗ 'ਚ ਤਬਾਹ ਹੋਏ ਗਾਜ਼ਾ ਦੇ ਲੋਕਾਂ ਦੀ ਤਰਾਸਦੀ ਤੋਂ ਪੂਰੀ ਦੁਨੀਆ ਜਾਣੂੰ ਹੈ। ਗਾਜ਼ਾ 'ਚ ਗੋਲੀਬੰਦੀ ਤੋਂ ਬਾਅਦ ਵਾਪਸ ਆਪਣੇ ਘਰਾਂ ਨੂੰ ਪਰਤ ਰਹੇ ਗਾਜ਼ਾ ਦੇ ਵਸਨੀਕ ਆਪਣੇ ਉੱਜੜੇ ਹੋਏ ਘਰਾਂ, ਹਰ ਪਾਸੇ ਹੋਈ ਬਰਬਾਦੀ, ਮਲਬੇ 'ਚ ਬਦਲੀਆਂ ਉੱਚੀਆਂ ਇਮਾਰਤਾਂ ਅਤੇ ਆਪਣਿਆਂ ਦੀਆਂ ਲਾਸ਼ਾਂ ਨੂੰ ਵੇਖ ਕੇ ਬੇਬਸੀ ਦੇ ਹੰਝੂ ਵਹਾਅ ਰਹੇ ਹਨ।**



## ਕੀ ਹੈ ਗਾਜ਼ਾ ਪੱਟੀ?




ਆਮ ਤੌਰ 'ਤੇ ਗਾਜ਼ਾ ਪੱਟੀ ਅਤੇ ਗਾਜ਼ਾ ਸਿਟੀ ਨੂੰ ਇੱਕ ਹੀ ਸ਼ਹਿਰ ਸਮਝ ਲਿਆ ਜਾਂਦਾ ਹੈ, ਪਰ ਦੋਵਾਂ ਵਿੱਚ ਵੱਡਾ ਅੰਤਰ ਹੈ। ਗਾਜ਼ਾ ਸਿਟੀ ਅਸਲ ਵਿੱਚ ਗਾਜ਼ਾ ਪੱਟੀ ਦਾ ਸਭ ਤੋਂ ਵੱਡਾ ਸ਼ਹਿਰ ਹੈ। ਗਾਜ਼ਾ ਪੱਟੀ ਦੁਨੀਆ ਦੇ ਸਭ ਤੋਂ ਸੰਘਣੀ ਆਬਾਦੀ ਵਾਲੇ ਅਤੇ ਟਕਰਾਅ ਵਾਲੇ ਖੇਤਰਾਂ ਵਿੱਚੋਂ ਇੱਕ ਹੈ। ਇਹ ਪੱਛਮੀ ਏਸ਼ੀਆ ਦਾ ਇੱਕ ਛੋਟਾ ਜਿਹਾ ਖੇਤਰ ਹੈ ਜੋ ਅੰਤਰਰਾਸ਼ਟਰੀ ਰਾਜਨੀਤੀ, ਸੁਰੱਖਿਆ ਅਤੇ ਮਾਨਵਤਾਵਾਦੀ ਸੰਕਟਾਂ ਕਾਰਨ ਲਗਾਤਾਰ ਖ਼ਬਰਾਂ ਵਿੱਚ ਰਹਿੰਦਾ ਹੈ। ਇਹ ਪੱਟੀ ਭੂਮੱਧ ਸਾਗਰ ਦੇ ਪੂਰਬੀ ਤੱਟ 'ਤੇ, ਇਜ਼ਰਾਈਲ ਅਤੇ ਮਿਸਰ ਦੇ ਵਿਚਕਾਰ ਸਥਿਤ ਹੈ। ਇਸਦਾ ਕੁੱਲ ਖੇਤਰਫਲ ਲਗਭਗ 365 ਵਰਗ ਕਿਲੋਮੀਟਰ ਹੈ। ਇਹ ਪੱਟੀ 41 ਕਿਲੋਮੀਟਰ ਲੰਬੀ ਅਤੇ 6-12 ਕਿਲੋਮੀਟਰ ਚੌੜੀ ਹੈ। ਇਸ ਪੂਰੇ ਖੇਤਰ ਦੀ ਕੁੱਲ ਆਬਾਦੀ 2.3 ਮਿਲੀਅਨ ਹੈ। ਗਾਜ਼ਾ ਪੱਟੀ ਉੱਤਰ ਅਤੇ ਪੂਰਬ ਵਿੱਚ ਇਜ਼ਰਾਇਲ, ਦੱਖਣ ਵਿੱਚ ਮਿਸਰ ਅਤੇ ਪੱਛਮ ਵਿੱਚ ਭੂਮੱਧ ਸਾਗਰ ਨਾਲ ਲੱਗਦੀ ਹੈ। ਗਾਜ਼ਾ ਪੱਟੀ ਪੰਜ ਜ਼ਿਲ੍ਹਿਆਂ ਵਿੱਚ ਵੰਡੀ ਹੋਈ ਹੈ। ਇਹ ਪੰਜ ਸ਼ਹਿਰ ਹਨ ਗਾਜ਼ਾ ਸ਼ਹਿਰ, ਉੱਤਰੀ ਗਾਜ਼ਾ, ਦੀਰ ਅਲ-ਬਲਾਹ, ਖਾਨ ਯੂਨਿਸ ਅਤੇ ਰਫਾਹ ਹਨ।



# ਨੋਬੇਲ ਸ਼ਾਂਤੀ ਇਨਾਮ ਜੇਤੂ ਮਾਰੀਆ ਕੋਰੀਨਾ ਮਸ਼ਾਡੋ



ਮਨੁੱਖੀ ਆਜ਼ਾਦੀ, ਸਮਾਨਤਾ ਅਤੇ ਹੱਕਾਂ ਨਾਲ ਜੁੜੇ ਸਰੋਕਾਰਾਂ ਲਈ ਜੂਝਣਾ ਸੰਗਰਾਮੀ ਯੋਧਿਆਂ ਲਈ ਹਮੇਸ਼ਾ ਚਣੌਤੀਆਂ ਭਰਭੂਰ ਰਿਹਾ ਹੈ। 1967 ਵਿੱਚ ਪੈਦਾ ਹੋਈ ਮਾਰੀਆ ਮਸ਼ਾਡੋ ਲਾਤੀਨੀ ਅਮਰੀਕਾ ਦੇ ਮੁਲਕ ਵੈਨੇਜ਼ੁਏਲਾ ਵਿੱਚ ਲੋਕਤੰਤਰ ਨੂੰ ਮਜ਼ਬੂਤ ਕਰਨ ਵਿੱਚ ਵਰ੍ਹਿਆਂ ਤੋਂ ਸੰਘਰਸ਼ ਕਰ ਰਹੀ ਹੈ। ਯੇਲ ਯੂਨੀਵਰਸਟੀ ਨਿਊ ਹੇਵਨ, ਅਮਰੀਕਾ ਤੋਂ ਉਚ ਸਿੱਖਿਆ ਪ੍ਰਾਪਤ ਮਾਰੀਆ ਵੈਨੇਜ਼ੁਏਲਾ ਦੀ ਹਕੂਮਤ ਵਿਰੁੱਧ ਸਾਰੀਆਂ ਵਿਰੋਧੀ ਧਿਰਾਂ ਨੂੰ ਇਕੱਠਿਆਂ ਕਰ ਕੇ ਆਜ਼ਾਦ ਚੋਣਾਂ ਕਰਾ ਕੇ ਲੋਕ ਪ੍ਰਤੀਨਿਧ ਸਰਕਾਰ ਬਣਾਉਣ ਲਈ ਲੰਮੇ ਸਮੇਂ ਤੋਂ ਲੜ ਰਹੀ ਹੈ। ਉਹਨੇ ਦੇਸ਼ ਦੇ ਤਾਨਾਸ਼ਾਹ ਰਾਜ ਪ੍ਰਬੰਧ ਦੀਆਂ ਜੜ੍ਹਾਂ ਵਿੱਚ ਤੇਲ ਦੇਣ ਦਾ ਕੰਮ ਉਦੋਂ ਕੀਤਾ, ਜਦ 2024 ਵਿੱਚ ਉਹ ਸਾਰੀਆਂ ਵਿਰੋਧੀ ਧਿਰਾਂ ਵੱਲੋਂ ਉਥੋਂ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਵਿਰੁੱਧ ਲਿਬਰਲ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰ ਬਣ ਗਈ। ਹਕੂਮਤ ਨੇ ਉਸ ਦੇ ਉਮੀਦਵਾਰੀ ਦੇ ਕਾਗਜ਼ ਰੱਦ ਕਰਵਾ ਕੇ ਮਾਰੀਆ ਨਾਲ ਵਧੀਕੀ ਕੀਤੀ। ਲੋਕਤੰਤਰ ਨੂੰ ਬਚਾਉਣ ਲਈ ਉਹ ਪਿਛਲੇ 14 ਮਹੀਨਿਆਂ ਤੋਂ ਲੁਕ ਛਿਪ ਕੰਮ ਕਰ ਰਹੀ ਹੈ।



ਉਧਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਜਿਹੜਾ ਖ਼ੁਦ ਨਸਲਵਾਦ ਨੂੰ ਹਵਾ ਦਿੰਦਾ ਰਿਹਾ ਅਤੇ ਦੁਨੀਆ ਦੇ ਵੱਖ-ਵੱਖ ਹਿਸਿਆਂ ਵਿੱਚ ਚਲ ਰਹੇ ਯੁੱਧ ਰੋਕਣ ਦਾ ਸਵੈ-ਹਾਸਲ ਦਰਸਾ ਕੇ ਸ਼ਾਂਤੀ ਪੁਰਸਕਾਰ ਲੈਣ ਲਈ ਰੌਲਾ ਪਾ ਰਿਹਾ ਸੀ, ਦਾ ਸੁਪਨਾ ਧਰਿਆ ਧਰਾਇਆ ਰਹਿ ਗਿਆ। ਖਾਹ-ਮਖਾਹ ਭਾਰਤ-ਪਾਕਿਸਤਾਨ ਯੁੱਧਬੰਦੀ ਦਾ ਸਿਹਰਾ, ਫਿਰ ਇਜ਼ਰਾਇਲ-ਗਾਜ਼ਾ ਘਮਸਾਨ ਦਾ ਨਿਬੇੜਾ ਅਤੇ ਯੂਕ੍ਰੇਨ-ਰੂਸ ਯੁੱਧ ਖਤਮ ਕਰਨ ਦਾ ਢੰਡੋਰਾ ਪਿਟਣ ਵਾਲਾ ਟਰੰਪ ਅਸਲ ਵਿੱਚ ਦੁਨੀਆ ਵਿੱਚ ਆਰਥਿਕ ਨੀਤੀਆਂ ਅਤੇ ਟੈਰਿਫ ਦਾ ਘਚੋਲਾ ਪਾ ਕੇ ਅਸ਼ਾਂਤੀ ਪੈਦਾ ਕਰ ਰਿਹਾ ਹੈ।

ਰੂਸ ਨੇ ਵੀ ਭਾਵੇਂ ਟਰੰਪ ਦੀ ਸ਼ਾਂਤੀ ਇਨਾਮ ਲਈ ਨਾਮਜ਼ਦਗੀ ਦੀ ਹਮਾਇਤ ਕੀਤੀ ਪਰ ਹਜ਼ਾਰਾਂ ਫ਼ਲਸਤੀਨੀਆਂ ਦਾ ਡੁੱਲ੍ਹਿਆ ਖ਼ੂਨ ਅਤੇ ਯੂਕ੍ਰੇਨ ਦੀਆਂ ਬਹਾਦਰ ਸ਼ਹੀਦ ਔਰਤਾਂ ਤੇ ਬੱਚਿਆਂ ਦੀਆਂ ਰੂਹਾਂ ਅਮਰੀਕਾ ਨੂੰ ਫਿਟਕਾਰ ਰਹੀਆਂ ਹਨ। ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿੱਚ ਲੋਕ ਪੱਖੀ ਤਾਕਤਾਂ ਅਤੇ ਅਮਨ ਨੂੰ ਤਕੜਾ ਕਰਨ ਦੀ ਥਾਂ ਟਰੰਪ ਆਪਣੇ ਸਵਾਰਥਾਂ ਦੀ ਪੂਰਤੀ ਲਈ ਪਾਕਿਸਤਾਨ ਵਰਗੀਆਂ ਗੈਰ-ਜਮਹੂਰੀ ਸਰਕਾਰਾਂ ਦੇ ਫ਼ੌਜੀ ਅਫ਼ਸਰਾਂ ਨੂੰ ਨਿਓਤਾ ਦੇ ਕੇ ਆਪਣੇ ਰਵਾਇਤੀ ਤੇ ਇਤਿਹਾਸਕ ਲੋਕਤੰਤਰ ਨੂੰ ਲੋਕ ਮਨਾਂ ਤੋਂ ਦੂਰ ਲਿਜਾਣ ਵਲ ਕਦਮ ਚੁੱਕ ਰਿਹਾ ਹੈ।

ਨੌਰਵੇਜੀਅਨ ਨੋਬੇਲ ਇੰਸਟੀਚਿਊਟ ਦੇ ਐਲਾਨ ਮੁਤਾਬਿਕ, ਲੋਕਤੰਤਰ ਨੂੰ ਜਿਊਂਦਾ ਰੱਖਣ ਅਤੇ ਮਾਨਵੀ ਅਧਿਕਾਰਾਂ ਨੂੰ ਬਚਾਉਣ ਲਈ ਜਿੰਦ ਜਾਨ ਲਗਾਉਣ ਵਾਲੀ ਮਾਰੀਆ ਕੋਰੀਨਾ ਮਸ਼ਾਡੋ ਨੋਬੇਲ ਸ਼ਾਂਤੀ ਇਨਾਮ ਦੇ ਇਤਿਹਾਸ ਵਿੱਚ ਵੀਹਵੀਂ ਔਰਤ ਬਣ ਗਈ ਹੈ।ਐਲਾਨ ਤੋਂ ਪਹਿਲਾਂ ਜਦ ਕਮੇਟੀ ਨੇ ਮਾਰੀਆ ਨੂੰ ਦੱਸਿਆ ਤਾਂ ਉਹ ਭਾਵੁਕ ਹੋ ਕੇ ਬੋਲੀ, ਅਸੀਂ ਜਾਨ ਵਾਰ ਕੇ ਵੀ ਲੋਕਤੰਤਰ ਦੇ ਸੂਰਜ ਨੂੰ ਡੁੱਬਣ ਨਹੀਂ ਦਿਆਂਗੇ। ਕਮੇਟੀ ਨੇ ਲਿਖਿਆ ਹੈ, ਮਾਰੀਆ ਦੀ ਆਪਣੇ ਮੁਲਕ ਵੈਨੇਜ਼ੁਏਲਾ ਦੀ ਗੈਰ-ਪ੍ਰਤੀਨਿਧ ਸਰਕਾਰ ਵਿਰੁੱਧ ਲੰਮੇ ਸਮੇਂ ਤੋਂ ਚਲਾਏ ਜਾ ਰਹੇ ਸੰਘਰਸ਼ ਅਤੇ ਲੋਕਤੰਤਰ ਨੂੰ ਬਚਾਉਣ ਲਈ ਵਿੱਢੇ ਘੋਲ ਵਿੱਚ ਪਾਏ ਯੋਗਦਾਨ ਦੀ ਪ੍ਰਸ਼ੰਸਾ ਕਰਨਾ ਬਣਦੀ ਹੈ।

ਦੋ ਸਾਲ ਪਹਿਲਾਂ ਇਰਾਨ ਦੀ ਨਰਗਿਸੀ ਮੁਹੰਮਦੀ ਨੂੰ ਜੇਲ੍ਹ ਵਿੱਚ ਬੈਠੀ ਨੂੰ ਨੋਬੇਲ ਸ਼ਾਂਤੀ ਇਨਾਮ ਦਿੱਤਾ ਗਿਆ ਸੀ। ਇਰਾਨ ਦੀ ਮਜ਼ਹਬੀ ਕਟੜਪੰਥੀ ਸਰਕਾਰ ਨੇ ਇੰਜਨੀਅਰ ਅਤੇ ਭੌਤਿਕ ਵਿਗਿਆਨੀ ਨਰਗਿਸ ਮੁਹੰਮਦੀ ਨੂੰ 31 ਸਾਲਾਂ ਤੋਂ 13 ਵਾਰ ਨਜ਼ਰਬੰਦ ਕਰ ਕੇ ਅਤੇ 154 ਕੋਰੜੇ ਮਾਰ ਕੇ ਜੇਲ੍ਹ ਵਿੱਚ ਸੁੱਟਿਆ ਗਿਆ। ਜਦ ਉਸ ਲਈ ਨੋਬੇਲ ਸ਼ਾਂਤੀ ਇਨਾਮ ਦਾ ਐਲਾਨ ਕੀਤਾ ਗਿਆ ਤਾਂ ਪੂਰੀ ਦੁਨੀਆ ਵਿੱਚ ਮਾਨਵੀ ਹੱਕਾਂ ’ਤੇ ਪਹਿਰਾ ਦੇਣ ਵਾਲਿਆਂ ਦੇ ਹੌਸਲੇ ਬੁਲੰਦ ਹੋਏ ਸਨ। ਔਰਤਾਂ ’ਤੇ ਹੋ ਰਹੇ ਤਸ਼ੱਦਦ, ਮਾਨਵੀ ਅਧਿਕਾਰਾਂ ਅਤੇ ਆਜ਼ਾਦੀ ਲਈ ਜੂਝਣ ਵਾਲੀ ਨਰਗਸੀ ਹੁਣ ਵੀ ਤਹਿਰਾਨ ਜੇਲ੍ਹ ਵਿੱਚ ਬੰਦ ਹੈ। 2023 ਵਿੱਚ ਨੌਰਵੇਜੀਅਨ ਨੋਬੇਲ ਕਮੇਟੀ ਨੇ ਲਿਖਿਆ ਸੀ, ਮਾਨਵੀ ਹੱਕਾਂ ਲਈ ਵਿੱਢੀ ਲੰਮੀ ਜਦੋ-ਜਹਿਦ ਵਿੱਚ ਨਰਗਿਸ ਨੂੰ ਬਹੁਤ ਕੁਝ ਗੁਆਉਣਾ ਪਿਆ ਹੈ। ਇਸ ਸਨਮਾਨ ਨਾਲ ਅਸੀਂ ਵਿਸ਼ਵ ਦੇ ਉਨ੍ਹਾਂ ਹਨੇਰੇ ਖੱਲਾਂ-ਖੂੰਜਿਆਂ ’ਚ ਵੀ ਸੁਨੇਹਾ ਭੇਜਣਾ ਚਾਹੁੰਦੇ ਹਾਂ ਜਿੱਥੇ ਔਰਤਾਂ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ ਅਤੇ ਮੁਢਲੇ ਮਾਨਵੀ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ।

ਇੱਕੀਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਇਹੋ ਜਿਹਾ ਅਮਾਨਵੀ ਵਰਤਾਰਾ ਉਥੋਂ ਦੇ ਨਿਜ਼ਾਮ ਦੀਆਂ ਜੜ੍ਹਾਂ ਵਿੱਚ ਤੇਲ ਦੇਣ ਵਾਲਾ ਹੈ। ਜਿਸ ਵੀ ਖਿੱਤੇ ਵਿੱਚ ਤਾਨਾਸ਼ਾਹ ਸਰਕਾਰਾਂ ਜਾਂ ਸਮਾਜ ਵੱਲੋਂ ਇਸ ਤਰ੍ਹਾਂ ਦਾ ਡਰੈੱਸ ਕੋਡ ਜਾਂ ਸਮਾਜਿਕ ਜਿਊਣਾ ਤੈਅ ਕੀਤਾ ਜਾਵੇਗਾ, ਉਥੇ ਮਾਰੀਆ ਅਤੇ ਨਰਗਿਸ ਮੁਹੰਮਦੀ ਵਰਗੀਆਂ ਬੇਖ਼ੌਫ਼ ਅਤੇ ਬਹਾਦਰ ਔਰਤਾਂ ਦਾ ਪੈਦਾ ਹੋਣਾ ਲਾਜ਼ਮੀ ਹੈ। ਇਨ੍ਹਾਂ ਦੋਹਾਂ ਦੀ ਲੋਕਤੰਤਰ ਅਤੇ ਮਾਨਵੀ ਅਧਿਕਾਰਾਂ ਲਈ ਵਿੱਢੀ ਦਲੇਰਾਨਾ ਜਦੋ-ਜਹਿਦ ਯਾਦ ਰੱਖੀ ਜਾਵੇਗੀ।

# ਨੋਬਲ ਪੁਰਸਕਾਰ ਕੀ ਹੈ ?

## ਇਹ ਕਿਸ ਨੂੰ ਦਿੱਤਾ ਜਾਂਦਾ ਹੈ?






ਨੋਬਲ ਪੁਰਸਕਾਰ: ਨੋਬਲ ਫਾਊਂਡੇਸ਼ਨ ਦੁਆਰਾ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਸ਼ਾਂਤੀ, ਸਾਹਿਤ, ਮੈਡੀਕਲ ਵਿਗਿਆਨ ਅਤੇ ਅਰਥ ਸ਼ਾਸਤਰ ਵਿੱਚ ਸ਼ਾਨਦਾਰ ਯੋਗਦਾਨ ਲਈ ਹਰ ਸਾਲ ਨੋਬਲ ਪੁਰਸਕਾਰ ਦਿੱਤਾ ਜਾਂਦਾ ਹੈ।

ਨੋਬਲ ਪੁਰਸਕਾਰ ਕੀ ਹੈ: ਨੋਬਲ ਪੁਰਸਕਾਰ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਸ਼ਾਂਤੀ, ਸਾਹਿਤ, ਮੈਡੀਕਲ ਵਿਗਿਆਨ ਅਤੇ ਅਰਥ ਸ਼ਾਸਤਰ ਦੇ ਖੇਤਰਾਂ ਵਿੱਚ ਦਿੱਤਾ ਜਾਣ ਵਾਲਾ ਵਿਸ਼ਵ ਦਾ ਸਭ ਤੋਂ ਉੱਚਾ ਪੁਰਸਕਾਰ ਹੈ। ਇਹਨਾਂ ਵਿੱਚੋਂ ਹਰੇਕ ਪੁਰਸਕਾਰ ਇੱਕ ਵੱਖਰੀ ਕਮੇਟੀ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ। ਕੈਰੋਲਿਨਸਕਾ ਇੰਸਟੀਚਿਊਟ ਮੈਡੀਸਨ ਵਿੱਚ ਨੋਬਲ ਪੁਰਸਕਾਰ, ਭੌਤਿਕ ਵਿਗਿਆਨ, ਅਰਥ ਸ਼ਾਸਤਰ ਅਤੇ ਰਸਾਇਣ ਵਿਗਿਆਨ ਵਿੱਚ ਰਾਇਲ ਸਵੀਡਿਸ਼ ਅਕੈਡਮੀ ਆਫ਼ ਸਾਇੰਸਜ਼ ਅਤੇ ਸ਼ਾਂਤੀ ਦੇ ਖੇਤਰ ਵਿੱਚ ਨਾਰਵੇਈ ਨੋਬਲ ਕਮੇਟੀ ਪ੍ਰਦਾਨ ਕਰਦਾ ਹੈ। ਹਰੇਕ ਨੋਬਲ ਪੁਰਸਕਾਰ ਜੇਤੂ ਨੂੰ ਇੱਕ ਮੈਡਲ, ਇੱਕ ਡਿਪਲੋਮਾ, ਇੱਕ ਮੁਦਰਾ ਪੁਰਸਕਾਰ ਦਿੱਤਾ ਜਾਂਦਾ ਹੈ।

**ਨੋਬਲ ਪੁਰਸਕਾਰ ਦੀ ਸ਼ੁਰੂਆਤ**

ਇਹ ਪੁਰਸਕਾਰ ਨੋਬਲ ਫਾਊਂਡੇਸ਼ਨ ਵੱਲੋਂ ਸਵੀਡਿਸ਼ ਵਿਗਿਆਨੀ ਅਲਫਰੇਡ ਬਰਨਾਰਡ ਨੋਬਲ ਦੀ ਯਾਦ ਵਿੱਚ ਦਿੱਤਾ ਜਾਂਦਾ ਹੈ। ਦਸੰਬਰ 1896 ਵਿੱਚ ਆਪਣੀ ਮੌਤ ਤੋਂ ਪਹਿਲਾਂ, ਉਸਨੇ ਇੱਕ ਟਰੱਸਟ ਲਈ ਆਪਣੀ ਦੌਲਤ ਦਾ ਇੱਕ ਵੱਡਾ ਹਿੱਸਾ ਰਾਖਵਾਂ ਰੱਖਿਆ। ਉਹ ਚਾਹੁੰਦਾ ਸੀ ਕਿ ਇਸ ਪੈਸੇ ਦਾ ਵਿਆਜ ਹਰ ਸਾਲ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਵੇ ਜਿਨ੍ਹਾਂ ਦਾ ਕੰਮ ਮਨੁੱਖਤਾ ਲਈ ਸਭ ਤੋਂ ਵੱਧ ਲਾਭਦਾਇਕ ਪਾਇਆ ਜਾਂਦਾ ਹੈ। ਨੋਬਲ ਪੁਰਸਕਾਰ ਹਰ ਸਾਲ ਨੋਬਲ ਫਾਊਂਡੇਸ਼ਨ ਦੁਆਰਾ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਸ਼ਾਂਤੀ, ਸਾਹਿਤ, ਮੈਡੀਕਲ ਵਿਗਿਆਨ ਅਤੇ ਅਰਥ ਸ਼ਾਸਤਰ ਵਿੱਚ ਸ਼ਾਨਦਾਰ ਯੋਗਦਾਨ ਲਈ ਇੱਕ ਸਵੀਡਿਸ਼ ਬੈਂਕ ਵਿੱਚ ਜਮ੍ਹਾ ਉਸ ਦੀ ਜਾਇਦਾਦ ਦੀ ਰਕਮ ਦੇ ਵਿਆਜ ਨਾਲ ਦਿੱਤਾ ਜਾਂਦਾ ਹੈ।

**ਨੋਬਲ ਫਾਊਂਡੇਸ਼ਨ**

ਨੋਬਲ ਫਾਊਂਡੇਸ਼ਨ ਦਾ ਕੰਮ ਨੋਬਲ ਪੁਰਸਕਾਰਾਂ ਦਾ ਵਿੱਤੀ ਤੌਰ ’ਤੇ ਪ੍ਰਬੰਧਨ ਕਰਨਾ ਹੈ। ਨੋਬਲ ਫਾਊਂਡੇਸ਼ਨ ਦੀ ਸਥਾਪਨਾ 29 ਜੂਨ 1900 ਨੂੰ ਕੀਤੀ ਗਈ ਸੀ ਅਤੇ 1901 ਤੋਂ ਨੋਬਲ ਪੁਰਸਕਾਰ ਦਿੱਤਾ ਗਿਆ ਸੀ। ਨੋਬਲ ਫਾਊਂਡੇਸ਼ਨ ਵਿੱਚ 5 ਲੋਕਾਂ ਦੀ ਇੱਕ ਟੀਮ ਹੈ ਜਿਸ ਦਾ ਮੁਖੀ ਸਵੀਡਨ ਦੀ ਕੌਂਸਲ ਦੇ ਰਾਜਾ ਦੁਆਰਾ ਚੁਣਿਆ ਜਾਂਦਾ ਹੈ ਅਤੇ ਬਾਕੀ ਚਾਰ ਮੈਂਬਰਾਂ ਦੀ ਚੋਣ ਇਨਾਮ ਵੰਡਣ ਵਾਲੀ ਸੰਸਥਾ ਦੇ ਟਰੱਸਟੀਆਂ ਦੁਆਰਾ ਕੀਤੀ ਜਾਂਦੀ ਹੈ। ਸਟਾਕਹੋਮ ਵਿੱਚ ਸਵੀਡਨ ਦੇ ਰਾਜੇ ਦੁਆਰਾ ਨੋਬਲ ਪੁਰਸਕਾਰ ਪ੍ਰਾਪਤ ਕੀਤਾ ਗਿਆ। ਇਨਾਮ ਲਈ ਬਣੀ ਕਮੇਟੀ ਹਰ ਸਾਲ ਅਕਤੂਬਰ ਵਿੱਚ ਨੋਬਲ ਪੁਰਸਕਾਰ ਜੇਤੂਆਂ ਦਾ ਐਲਾਨ ਕਰਦੀ ਹੈ, ਪਰ ਇਨਾਮਾਂ ਦੀ ਵੰਡ ਅਲਫਰੇਡ ਨੋਬਲ ਦੀ ਬਰਸੀ, 10 ਦਸੰਬਰ ਨੂੰ ਕੀਤੀ ਜਾਂਦੀ ਹੈ।

**ਕੌਣ ਸੀ ਅਲਫਰੇਡ ਨੋਬਲ ?**

ਅਲਫ੍ਰੇਡ ਬਰਨਾਰਡ ਨੋਬਲ ਦਾ ਜਨਮ 1833 ਵਿੱਚ ਸਵੀਡਨ ਦੀ ਰਾਜਧਾਨੀ ਸਟਾਕਹੋਮ ਵਿੱਚ ਹੋਇਆ ਸੀ। 1867 ਵਿੱਚ, ਅਲਫ੍ਰੇਡ ਨੋਬਲ ਨੇ ਡਾਇਨਾਮਾਈਟ ਦੀ ਖੋਜ ਕੀਤੀ। ਹਾਲਾਂਕਿ ਅਲਫਰੇਡ ਨੋਬਲ ਨੇ ਆਪਣੇ ਜੀਵਨ ਕਾਲ ਵਿੱਚ ਕੁੱਲ 355 ਕਾਢਾਂ ਕੀਤੀਆਂ ਸਨ, ਪਰ ਉਸਨੇ ਸਭ ਤੋਂ ਵੱਧ ਨਾਮ ਅਤੇ ਪੈਸਾ 1867 ਵਿੱਚ ਡਾਇਨਾਮਾਈਟ ਦੀ ਕਾਢ ਤੋਂ ਕਮਾਇਆ। ਨੋਬਲ ਨੇ ਵਿਆਹ ਨਹੀਂ ਕਰਵਾਇਆ। ਨੋਬਲ ਦੀ ਮੌਤ 10 ਦਸੰਬਰ 1896 ਨੂੰ ਇਟਲੀ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਹੋਈ।

**ਅਰਥ ਸ਼ਾਸਤਰ ਵਿੱਚ ਨੋਬਲ ਦੀ ਸ਼ੁਰੂਆਤ ?**

ਸ਼ੁਰੂ ਵਿੱਚ, ਨੋਬਲ ਪੁਰਸਕਾਰ ਅਰਥ ਸ਼ਾਸਤਰ ਦੇ ਖੇਤਰ ਵਿੱਚ ਪ੍ਰਚਲਿਤ ਨਹੀਂ ਸੀ, ਪਰ 1968 ਵਿੱਚ, ਸਵੀਡਨ ਦੇ ਕੇਂਦਰੀ ਬੈਂਕ ਨੇ ਅਲਫ੍ਰੇਡ ਨੋਬਲ ਦੀ 300ਵੀਂ ਵਰ੍ਹੇਗੰਢ ਦੇ ਮੌਕੇ ’ਤੇ ਇਸ ਪੁਰਸਕਾਰ ਦੀ ਸ਼ੁਰੂਆਤ ਕੀਤੀ। ਅਰਥ ਸ਼ਾਸਤਰ ਦਾ ਪਹਿਲਾ ਨੋਬਲ ਪੁਰਸਕਾਰ 1969 ਵਿੱਚ ਨਾਰਵੇ ਦੇ ਰਾਗਨਾਰ ਐਂਥਨ ਕਿਟਿਲ ਫ੍ਰਿਸ਼ ਅਤੇ ਨੀਦਰਲੈਂਡ ਦੇ ਜਾਨ ਟਿਰਬਰਗਨ ਨੂੰ ਦਿੱਤਾ ਗਿਆ ਸੀ।

**ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲੇ ਭਾਰਤੀ**

ਭਾਰਤ ਨਾਲ ਸਬੰਧਿਤ ਦਸ ਵਿਅਕਤੀਆਂ ਨੂੰ ਹੁਣ ਤੱਕ ਵੱਖ-ਵੱਖ ਸ਼੍ਰੇਣੀਆਂ ਵਿੱਚ ਨੋਬਲ ਪੁਰਸਕਾਰ ਮਿਲ ਚੁੱਕਾ ਹੈ। ਰਬਿੰਦਰਨਾਥ ਟੈਗੋਰ (ਸਾਹਿਤ) 1913 ਵਿੱਚ ਇਹ ਪੁਰਸਕਾਰ ਪ੍ਰਾਪਤ ਕਰਨ ਵਾਲੇ ਪਹਿਲੇ ਗੈਰ-ਯੂਰਪੀਅਨ ਅਤੇ ਪਹਿਲੇ ਭਾਰਤੀ ਸਨ। ਇਨ੍ਹਾਂ ਤੋਂ ਇਲਾਵਾ ਮੈਡੀਸਨ ਦੇ ਖੇਤਰ ਵਿੱਚ ਹਰਗੋਵਿੰਦ ਖੁਰਾਣਾ, ਭੌਤਿਕ ਵਿਗਿਆਨ ਦੇ ਖੇਤਰ ਵਿੱਚ ਸੀ.ਵੀ. ਰਮਨ, ਸਾਹਿਤ ਦੇ ਖੇਤਰ ਵਿੱਚ ਵੀ.ਏ.ਐਸ. ਨਾਈਪਾਲ, ਰਸਾਇਣ ਦੇ ਖੇਤਰ ਵਿੱਚ ਵੈਂਕਟ ਰਾਮਾਕ੍ਰਿਸ਼ਨਨ, ਸ਼ਾਂਤੀ ਦੇ ਖੇਤਰ ਵਿੱਚ ਮਦਰ ਟੈਰੇਸਾ, ਸੁਬਰਾਮਨੀਅਮ ਚੰਦਰਸ਼ੇਖਰ, ਕੈਲਾਸ਼ ਸਤਿਆਰਥੀ, ਸ਼ਾਂਤੀ ਦੇ ਖੇਤਰ ਵਿੱਚ, ਆਰ ਕੇ ਪਚੌਰੀ, ਅਮਰਤਿਆ ਸੇਨ ਅਤੇ ਅਰਥ ਸ਼ਾਸਤਰ ਦੇ ਖੇਤਰ ਵਿੱਚ ਅਭਿਜੀਤ ਬੈਨਰਜੀ ਨੂੰ ਇਹ ਪੁਰਸਕਾਰ ਮਿਲ ਚੁੱਕਿਆ ਹੈ।



# ਪੰਜਾਬ ਦੀ ਸਿਆਸਤ ਦੀ ਦਿਸ਼ਾ ਤੈਅ ਕਰੇਗੀ ਤਰਨ ਤਾਰਨ ਉਪ-ਚੋਣ

## ਪੰਜਾਬ ਤੇ ਪੰਥਕ ਰਾਜਨੀਤੀ ਵਿੱਚ ਮਨਦੀਪ ਸਿੰਘ ਦੀ ਐਂਟਰੀ ਨੇ ਵਧਾਈ ਹਲਚਲ




ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ
9815700916


## 'ਆਪ' ਦੀ ਅਗਨੀ ਪ੍ਰੀਖਿਆ: ਹਰਮੀਤ ਸੰਧੂ ਕੀ ਬਚਾਅ ਸਕਣਗੇ ਸੱਤਾ ਦੀ ਸਾਖ ?



**ਕਰਨਬੀਰ ਸਿੰਘ ਬੁਰਜ**
ਕਾਂਗਰਸ



**ਹਰਮੀਤ ਸਿੰਘ ਸੰਧੂ**
ਆਮ ਆਦਮੀ ਪਾਰਟੀ



**ਮਨਦੀਪ ਸਿੰਘ**
ਅਕਾਲੀ ਦਲ (ਵਾਰਿਸ ਪੰਜਾਬ ਦੇ)



**ਸੁਖਵਿੰਦਰ ਕੌਰ ਰੰਧਾਵਾ**
ਸ਼੍ਰੋਮਣੀ ਅਕਾਲੀ ਦਲ



**ਹਰਜੀਤ ਸਿੰਘ ਸੰਧੂ**
ਭਾਜਪਾ

ਤਰਨ ਤਾਰਨ ਵਿਧਾਨ ਸਭਾ ਹਲਕੇ ਵਿੱਚ ਹੋਣ ਵਾਲੀ ਉਪ-ਚੋਣ ਨੇ ਪੰਜਾਬ ਦੀ ਸਿਆਸਤ ਨੂੰ ਇੱਕ ਵਾਰ ਫ਼ਿਰ ਸੁਰਖ਼ੀਆਂ ਵਿੱਚ ਲੈ ਆਉਂਦਾਹੈ। ਇਹ ਚੋਣ ਨਾ ਸਿਰਫ਼ ਇੱਕ ਵਿਧਾਨ ਸਭਾ ਸੀਟ ਦੀ ਜਿੱਤ-ਹਾਰ ਦਾ ਸਵਾਲ ਹੈ, ਸਗੋਂ ਪੰਜਾਬ ਦੀ ਸਿਆਸਤ ਅਤੇ ਸਿੱਖ ਰਾਜਨੀਤੀ ਦੇ ਭਵਿੱਖ ਦੀ ਦਿਸ਼ਾ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਇਸ ਸਿੱਖ ਬਹੁਲ ਹਲਕੇ ਵਿੱਚ ਪੰਥਕ ਭਾਵਨਾਵਾਂ, ਰਾਜਨੀਤਕ ਗਠਜੋੜ ਅਤੇ ਸਥਾਨਕ ਮੁੱਦਿਆਂ ਦਾ ਮਿਸ਼ਰਣ ਇਸ ਚੋਣ ਨੂੰ ਰੋਮਾਂਚਕ ਬਣਾ ਰਿਹਾ ਹੈ। ਆਮ ਆਦਮੀ ਪਾਰਟੀ (ਆਪ), ਸ਼੍ਰੋਮਣੀ ਅਕਾਲੀ ਦਲ (ਬਾਦਲ), ਕਾਂਗਰਸ, ਅਕਾਲੀ ਦਲ (ਵਾਰਿਸ ਪੰਜਾਬ ਦੇ) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਸਮੇਤ ਕਈ ਪਾਰਟੀਆਂ ਅਤੇ ਸੁਤੰਤਰ ਉਮੀਦਵਾਰ ਇਸ ਮੈਦਾਨ ਵਿੱਚ ਆਪਣੀ ਕਿਸਮਤ ਅਜ਼ਮਾ ਰਹੇ ਹਨ। ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਇਹ ਚੋਣ ਪੰਜਾਬ ਦੀ ਰਾਜਨੀਤੀ ਨੂੰ ਨਵੀਂ ਸੂਝਵਾਨ ਪੰਥਕ ਲੀਡਰਸ਼ਿਪ ਦੇਵੇਗੀ, ਜਾਂ ਫ਼ਿਰ ਪੰਥਕ ਸਿਆਸਤ ਉੱਪਰ ਨਾਅਰੇਬਾਜ਼ੀ ਤੇ ਭਾਵੁਕਤਾ ਦਾ ਹੀ ਬੋਲਬਾਲਾ ਰਹੇਗਾ ?

### ਤਰਨ ਤਾਰਨ ਉਪ-ਚੋਣ: ਪਾਰਟੀਆਂ ਦੀ ਸਥਿਤੀ ਅਤੇ ਮੁਕਾਬਲੇ ਦੀ ਸੰਭਾਵਨਾ

ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਉਪ-ਚੋਣ ਨੂੰ ਲੈ ਕੇ ਸਿਆਸੀ ਸਰਗਰਮੀਆਂ ਜ਼ੋਰਾਂ 'ਤੇ ਹਨ। ਸ਼ੁਰੂਆਤੀ ਰਿਪੋਰਟਾਂ ਅਨੁਸਾਰ, ਮੁੱਖ ਮੁਕਾਬਲਾ ਆਮ ਆਦਮੀ ਪਾਰਟੀ, ਕਾਂਗਰਸ, ਪੰਥਕ ਗਠਜੋੜ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚਕਾਰ ਹੋਣ ਦੀ ਸੰਭਾਵਨਾ ਹੈ। ਆਪ ਨੇ ਇਸ ਹਲਕੇ ਤੋਂ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਨੂੰ ਉਮੀਦਵਾਰ ਬਣਾਇਆ ਹੈ, ਜੋ ਪੰਜਾਬ ਸਰਕਾਰ ਦੀ ਸੱਤਾ ਅਤੇ ਸਰਕਾਰੀ ਤੰਤਰ ਦਾ ਸਹਾਰਾ ਲੈ ਕੇ ਮਜ਼ਬੂਤ ਸਥਿਤੀ ਵਿੱਚ ਦਿਖਾਈ ਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਮੈਦਾਨ ਵਿੱਚ ਉਤਾਰਿਆ ਹੈ, ਜੋ ਸਥਾਨਕ ਪੱਧਰ 'ਤੇ ਜਾਣੇ-ਪਛਾਣੇ ਨਾਮ ਵਜੋਂ ਜਾਣੇ ਜਾਂਦੇ ਹਨ।

ਕਾਂਗਰਸ ਨੇ ਵੀ ਆਪਣਾ ਉਮੀਦਵਾਰ ਖੜ੍ਹਾ ਕੀਤਾ ਹੈ ਅਤੇ ਸਾਬਕਾ ਮੰਤਰੀ ਅਨਿਲ ਜੋਸ਼ੀ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਹਿੰਦੂ ਵੋਟਰਾਂ ਵਿੱਚ ਮਜ਼ਬੂਤੀ ਮਿਲਣ ਦੀ ਉਮੀਦ ਹੈ। ਭਾਜਪਾ ਨੇ ਹਰਜੀਤ ਸਿੰਘ ਸੰਧੂ ਨੂੰ ਟਿਕਟ ਦਿੱਤੀ ਹੈ, ਪਰ ਪਾਰਟੀ ਦੀ ਸਥਿਤੀ ਕਮਜ਼ੋਰ ਦਿਖਾਈ ਦੇ ਰਹੀ ਹੈ। ਹਾਲਾਂਕਿ, ਭਾਜਪਾ ਵੋਟ ਫ਼ੀਸਦੀ ਵਧਾਉਣ ਅਤੇ ਨਵੇਂ ਕੇਡਰ ਨੂੰ ਜੋੜਨ ਦੀ ਕੋਸ਼ਿਸ਼ ਵਿੱਚ ਜੁਟੀ ਹੋਈ ਹੈ।

ਸਭ ਤੋਂ ਦਿਲਚਸਪ ਮੋੜ ਅਕਾਲੀ ਦਲ (ਵਾਰਿਸ ਪੰਜਾਬ ਦੇ), ਨਵਾਂ ਅਕਾਲੀ ਦਲ, ਹੋਰ ਪੰਥਕ ਧਿਰਾਂ ਦੀ ਹਮਾਇਤ ਪ੍ਰਾਪਤ ਅਜ਼ਾਦ ਉਮੀਦਵਾਰ ਭਾਈ ਮਨਦੀਪ ਸਿੰਘ ਦੀ ਐਂਟਰੀ ਨੇ ਲਿਆਂਦਾ ਹੈ। ਮਨਦੀਪ ਸਿੰਘ, ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਕੇਸ ਵਿੱਚ ਜੇਲ੍ਹ ਵਿੱਚ ਬੰਦ ਸੰਦੀਪ ਸਿੰਘ ਸੰਨੀ ਦੇ ਭਰਾ ਹਨ। ਇਸ ਉਮੀਦਵਾਰ ਨੇ ਪੰਥਕ ਧਿਰਾਂ ਦੀ ਹਮਾਇਤ ਨਾਲ ਸਭ ਰਾਜਨੀਤਿਕ ਪਾਰਟੀਆਂ ਨੂੰ ਚੋਣ ਮੈਦਾਨ ਵਿੱਚ ਵੱਡੀ ਚੁਣੌਤੀ ਦਿੱਤੀ ਹੈ। ਕੁਝ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਥਕ ਵੋਟਾਂ ਦੀ ਵੰਡ ਇਸ ਚੋਣ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਤਰਨ ਤਾਰਨ, ਜੋ ਪੰਥਕ ਭਾਵਨਾਵਾਂ ਦਾ ਕੇਂਦਰ ਮੰਨਿਆ ਜਾਂਦਾ ਹੈ, ਵਿੱਚ ਪੰਥਕ ਵੋਟਾਂ ਦੀ ਭੂਮਿਕਾ ਹਮੇਸ਼ਾ ਅਹਿਮ ਰਹੀ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੇ ਸਮਰਥਨ ਨਾਲ ਆਜ਼ਾਦ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਨੇ ਖਡੂਰ ਸਾਹਿਬ ਸੀਟ ਤੋਂ 44,703 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਸੀ। ਇਸ ਨੇ ਸਪੱਸ਼ਟ ਕੀਤਾ ਸੀ ਕਿ ਪੰਥਕ ਵੋਟਰਾਂ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ਜਥੇਬੰਦੀ ਦਾ ਕਾਫ਼ੀ ਪ੍ਰਭਾਵ ਹੈ। ਹੁਣ ਭਾਈ ਮਨਦੀਪ ਸਿੰਘ ਨੂੰ ਸਮਰਥਨ ਦੇਣ ਦਾ ਫ਼ੈਸਲਾ ਵੀ ਪੰਥਕ ਭਾਵਨਾਵਾਂ ਨੂੰ ਜਗਾਉਣ ਦੀ ਕੋਸ਼ਿਸ਼ ਹੈ। ਇਸ ਵਾਰ ਬਹੁਤ ਸਾਰੀਆਂ ਪੰਥਕ ਧਿਰਾਂ ਇਕਜੁੱਟ ਹਨ।

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਆਗੂਆਂ ਮਨਜੀਤ ਸਿੰਘ ਭੂਰਾ ਕੋਹਨਾ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸੁੱਚਾ ਸਿੰਘ ਛੋਟੇਪੁਰ ਨੇ ਸਮੂਹ ਪੰਥਕ ਜਥੇਬੰਦੀਆਂ ਨੂੰ ਮਨਦੀਪ ਸਿੰਘ ਦੇ ਸਮਰਥਨ ਦੀ ਅਪੀਲ ਕੀਤੀ ਹੈ। ਪਰ ਇਸ ਫ਼ੈਸਲੇ ਨੇ ਸਿੱਖ ਰਾਜਨੀਤੀ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ।

ਸਵਾਲ ਉੱਠ ਰਿਹਾ ਹੈ ਕਿ ਕੀ ਮਨਦੀਪ ਸਿੰਘ ਵਿਜ਼ਨਰੀ ਲੀਡਰਸ਼ਿਪ ਦੀ ਸਮਰੱਥਾ ਰੱਖਦੇ ਹਨ, ਜੋ ਪੰਜਾਬ ਅਤੇ ਸਿੱਖ ਕੌਮ ਨੂੰ ਨਵੀਂ ਦਿਸ਼ਾ ਦੇ ਸਕਣ ? ਇਤਿਹਾਸ ਗਵਾਹ ਹੈ ਕਿ ਪੰਥਕ ਸਿਆਸਤ ਵਿੱਚ ਭਾਵੁਕਤਾ 'ਤੇ ਅਧਾਰਿਤ ਫ਼ੈਸਲਿਆਂ ਨੇ ਅਕਸਰ ਨਿਰਾਸ਼ਾ ਹੀ ਦਿੱਤੀ ਹੈ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ 7 ਸੀਟਾਂ ਜਿੱਤੀਆਂ ਸਨ, ਪਰ ਸਿਆਸੀ ਸਿਆਣਪ ਦੀ ਘਾਟ ਕਾਰਨ ਪੰਥਕ ਰਾਜਨੀਤੀ ਨੂੰ ਸਥਿਰਤਾ ਨਹੀਂ ਮਿਲੀ। ਸਿਮਰਨਜੀਤ ਸਿੰਘ ਮਾਨ, ਰਜਿੰਦਰ ਕੌਰ ਬੁਲਾਰਾ ਅਤੇ ਅਤਿੰਦਰਪਾਲ ਸਿੰਘ ਵਰਗੇ ਉਮੀਦਵਾਰਾਂ ਨੂੰ ਸ਼ਹੀਦ ਪਰਿਵਾਰਾਂ ਤੇ ਸਿੱਖ ਸੰਘਰਸ਼ ਨਾਲ ਜੋੜ ਕੇ ਚੋਣਾਂ ਜਿੱਤੀਆਂ ਗਈਆਂ, ਪਰ ਉਹ ਪੰਥਕ ਸਿਆਸਤ ਨੂੰ ਮਜ਼ਬੂਤ ਨਹੀਂ ਕਰ ਸਕੇ।

ਇਸ ਵਾਰ ਵੀ ਮਨਦੀਪ ਸਿੰਘ ਦੇ ਸਮਰਥਨ ਨੂੰ ਲੈ ਕੇ ਭਾਵੁਕਤਾ ਦਾ ਪਹਿਲੂ ਸਪੱਸ਼ਟ ਦਿਖਾਈ ਦਿੰਦਾ ਹੈ। ਉਨ੍ਹਾਂ



ਦੇ ਭਰਾ ਸੰਦੀਪ ਸਿੰਘ ਸੰਨੀ ਦੀ ਪੰਥਕ ਭਾਵਨਾਵਾਂ ਨਾਲ ਜੁੜੀ ਪਛਾਣ ਨੇ ਮਨਦੀਪ ਸਿੰਘ ਨੂੰ ਸੁਰਖ਼ੀਆਂ ਵਿੱਚ ਲਿਆਂਦਾ ਹੈ, ਪਰ ਸਵਾਲ ਇਹ ਹੈ ਕਿ ਕੀ ਇਹ ਭਾਵੁਕਤਾ ਲੰਮੇ ਸਮੇਂ ਦੀ ਸਿਆਸੀ ਸਥਿਰਤਾ ਦੇ ਸਕਦੀ ਹੈ ?

### ਵੋਟਰ ਪੈਟਰਨ ਅਤੇ ਬਦਲਦੇ ਸਿਆਸੀ ਹਾਲਾਤ

ਤਰਨ ਤਾਰਨ ਦੇ ਵੋਟਰ ਪੈਟਰਨ ਨੂੰ ਸਮਝਣ ਲਈ ਪਿਛਲੀਆਂ ਚੋਣਾਂ ਦਾ ਵਿਸ਼ਲੇਸ਼ਣ ਜ਼ਰੂਰੀ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ 52,469 ਵੋਟਾਂ ਨਾਲ ਜਿੱਤ ਹਾਸਲ ਕੀਤੀ ਸੀ, ਜਦਕਿ ਅਕਾਲੀ ਦਲ (ਬਾਦਲ) 39,232 ਵੋਟਾਂ ਨਾਲ ਦੂਜੇ ਸਥਾਨ 'ਤੇ ਸੀ। ਕਾਂਗਰਸ 26,460 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੀ, ਜਦਕਿ ਭਾਜਪਾ ਨੂੰ ਸਿਰਫ਼ 1,132 ਵੋਟਾਂ ਮਿਲੀਆਂ ਅਤੇ ਉਹ ਨੋਟਾ ਤੋਂ ਵੀ ਪਿੱਛੇ ਸੀ। ਪਰ 2024 ਦੀਆਂ ਲੋਕ ਸਭਾ ਚੋਣਾਂ ਨੇ ਵੋਟਰ ਪੈਟਰਨ ਵਿੱਚ ਵੱਡੀ ਤਬਦੀਲੀ ਦਿਖਾਈ। ਆਪ 18,298 ਵੋਟਾਂ ਨਾਲ ਤੀਜੇ ਸਥਾਨ 'ਤੇ ਖਿਸਕ ਗਈ, ਅਕਾਲੀ ਦਲ (ਬਾਦਲ) 10,896 ਵੋਟਾਂ ਨਾਲ ਚੌਥੇ ਸਥਾਨ 'ਤੇ ਪਹੁੰਚਿਆ, ਜਦਕਿ ਕਾਂਗਰਸ ਨੇ 20,000 ਦੇ ਕਰੀਬ ਵੋਟਾਂ ਨਾਲ ਦੂਜਾ ਸਥਾਨ ਹਾਸਲ ਕੀਤਾ। ਭਾਈ ਅੰਮ੍ਰਿਤਪਾਲ ਸਿੰਘ ਨੇ 44,703 ਵੋਟਾਂ ਨਾਲ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਭਾਜਪਾ ਨੇ 8,105 ਵੋਟਾਂ ਨਾਲ ਪੰਜਵਾਂ ਸਥਾਨ ਪ੍ਰਾਪਤ ਕੀਤਾ।

ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਵੋਟਰ ਪੈਟਰਨ ਸਮੇਂ ਅਤੇ ਹਾਲਾਤਾਂ ਦੇ ਨਾਲ ਬਦਲਦਾ ਹੈ। ਸਥਾਨਕ ਮੁੱਦੇ, ਉਮੀਦਵਾਰ ਦੀ ਪਛਾਣ ਅਤੇ ਰਾਜਨੀਤਕ ਮਾਹੌਲ ਨਤੀਜਿਆਂ 'ਤੇ ਅਸਰ ਪਾਉਂਦੇ ਹਨ। ਇਸ ਵਾਰ ਹੜ੍ਹਾਂ ਦੌਰਾਨ ਸਰਕਾਰ ਅਤੇ ਸਥਾਨਕ ਲੋਕਾਂ ਦੀ ਭੂਮਿਕਾ ਵੀ ਵੋਟਰਾਂ ਦੇ ਮੂਡ ਨੂੰ ਪ੍ਰਭਾਵਿਤ ਕਰ ਸਕਦੀ ਹੈ। ਆਪ ਸਰਕਾਰ ਦੀ ਕਾਰਗੁਜ਼ਾਰੀ, ਖ਼ਾਸਕਰ ਹੜ੍ਹ ਪ੍ਰਬੰਧਨ ਅਤੇ ਸਥਾਨਕ ਵਿਕਾਸ ਦੇ ਮੁੱਦਿਆਂ 'ਤੇ, ਚੋਣ ਦੇ ਨਤੀਜਿਆਂ 'ਤੇ ਅਸਰ ਪਾਵੇਗੀ।

### ਸਿੱਖ ਰਾਜਨੀਤੀ ਦਾ ਭਵਿੱਖ ਕੀ ਹੈ ?

ਸਿੱਖ ਰਾਜਨੀਤੀ ਦਾ ਇਤਿਹਾਸ ਭਾਵੁਕਤਾ ਅਤੇ ਤੁਰੰਤ ਨਤੀਜਿਆਂ 'ਤੇ ਆਧਾਰਿਤ ਫ਼ੈਸਲਿਆਂ ਨਾਲ ਭਰਿਆ ਪਿਆ ਹੈ। 1984 ਦੀਆਂ ਘਟਨਾਵਾਂ ਤੋਂ ਲੈ ਕੇ ਅੱਜ ਦੇ ਅੰਦੋਲਨਾਂ ਤੱਕ, ਸਿੱਖ ਸਿਆਸਤ ਅਕਸਰ ਭਾਵਨਾਤਮਕ ਨਾਹਰਿਆਂ 'ਤੇ ਟਿਕੀ ਰਹੀ ਹੈ। ਪਰ ਇਹ ਭਾਵੁਕਤਾ ਲੰਮੇ ਸਮੇਂ ਦੀ ਸਥਿਰਤਾ ਅਤੇ ਵਿਜ਼ਨਰੀ ਲੀਡਰਸ਼ਿਪ ਪੈਦਾ ਨਹੀਂ ਕਰ ਸਕੀ। ਅਕਾਲੀ ਦਲ, ਜੋ ਸਿੱਖ ਸਿਆਸਤ ਦਾ ਮੁੱਖ ਧਾਰਕ ਰਿਹਾ ਹੈ, ਨੇ ਆਨੰਦਪੁਰ ਸਾਹਿਬ ਮਤੇ ਵਰਗੇ ਮੁੱਦਿਆਂ ਨੂੰ ਛੱਡ ਕੇ ਕੇਂਦਰੀ ਸੱਤਾ ਨਾਲ ਗਠਜੋੜ ਕਰਨ ਨੂੰ ਤਰਜੀਹ ਦਿੱਤੀ। ਇਸ ਨਾਲ ਪੰਜਾਬ ਦੇ ਹੱਕਾਂ ਦੀ ਲੜਾਈ ਕਮਜ਼ੋਰ ਹੋਈ ਹੈ। 2007 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਦੀ ਜਿੱਤ ਦੇ ਬਾਵਜੂਦ, ਪੰਥਕ ਮੁੱਦਿਆਂ ਜਿਵੇਂ ਕਿ ਬੇਅਦਬੀਆਂ ਅਤੇ ਸੌਦਾ ਸਾਧ ਵਿਵਾਦ ਨੇ ਪਾਰਟੀ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ ਹੈ। 2017 ਅਤੇ 2022 ਦੀਆਂ ਚੋਣਾਂ ਵਿੱਚ ਵੀ ਅਕਾਲੀ ਦਲ ਨੂੰ ਨਿਰਾਸ਼ਾ ਹੀ ਹੱਥ ਲੱਗੀ ਸੀ।

ਭਾਈ ਅੰਮ੍ਰਿਤਪਾਲ ਸਿੰਘ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਵਰਗੀਆਂ ਜਥੇਬੰਦੀ ਨੇ ਨੌਜਵਾਨਾਂ ਵਿੱਚ ਨਵੀਂ ਉਮੀਦ ਜਗਾਈ ਹੈ, ਪਰ ਉਨ੍ਹਾਂ ਦੀ ਸਿਆਸਤ ਵੀ ਅਕਸਰ ਭਾਵੁਕਤਾ 'ਤੇ ਅਧਾਰਿਤ ਹੈ। ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਅਤੇ ਐਨਐਸਏ ਅਧੀਨ ਜੇਲ੍ਹ ਵਿੱਚ ਬੰਦ ਹੋਣ ਦੇ ਬਾਵਜੂਦ, ਉਨ੍ਹਾਂ ਦੀ ਜਥੇਬੰਦੀ ਨੇ ਪੰਥਕ ਵੋਟਰਾਂ ਨੂੰ ਆਕਰਸ਼ਿਤ ਕੀਤਾ ਹੈ। ਪਰ ਸਵਾਲ ਇਹ ਹੈ ਕਿ ਕੀ ਇਹ ਭਾਵੁਕ ਸਿਆਸਤ ਸਿੱਖ ਰਾਜਨੀਤੀ ਨੂੰ ਮਜ਼ਬੂਤ ਕਰ ਸਕਦੀ ਹੈ ? ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਤੱਕ, ਸਿੱਖ ਲੀਡਰਸ਼ਿਪ ਵਿਜ਼ਨ ਅਤੇ ਬੌਧਿਕਤਾ 'ਤੇ ਅਧਾਰਿਤ ਸੀ। ਅੱਜ ਦੀ ਸਿੱਖ ਸਿਆਸਤ ਨੂੰ ਵੀ ਅਜਿਹੀ ਲੀਡਰਸ਼ਿਪ ਦੀ ਲੋੜ ਹੈ, ਜੋ ਭਾਵੁਕਤਾ ਦੀ ਬਜਾਏ ਸੂਝਬੂਝ ਅਤੇ ਸਮਰਪਣ ਨਾਲ ਮੁੱਦਿਆਂ ਨੂੰ ਸੁਲਝਾਵੇ।

ਪੰਜਾਬ ਦੀ ਸਿਆਸਤ ਨੂੰ ਬੰਗਾਲ ਅਤੇ ਤਾਮਿਲਨਾਡੂ ਵਰਗੀ ਸੂਝਵਾਨ ਲੀਡਰਸ਼ਿਪ ਤੋਂ ਸਬਕ ਸਿੱਖਣ ਦੀ ਜ਼ਰੂਰਤ ਹੈ। ਇਨ੍ਹਾਂ ਸੂਬਿਆਂ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਜੋੜਦਿਆਂ ਆਰਥਿਕ ਵਿਕਾਸ, ਸਿੱਖਿਆ, ਅਤੇ ਸਿਹਤ ਵਰਗੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ। ਪੰਜਾਬ ਨੂੰ ਵੀ ਅਜਿਹੀ ਸਿਆਸਤ ਦੀ ਜ਼ਰੂਰਤ ਹੈ, ਜੋ ਕਿਸਾਨਾਂ ਦੇ ਐਮਐਸਪੀ, ਸਰਹੱਦੀ ਵਪਾਰ ਅਤੇ ਨੌਜਵਾਨਾਂ ਲਈ ਰੁਜ਼ਗਾਰ,ਮਨੁੱਖੀ ਅਧਿਕਾਰਾਂ ਵਰਗੇ ਮੁੱਦਿਆਂ 'ਤੇ ਕੰਮ ਕਰੇ। ਨਸ਼ਿਆਂ ਤੇ ਝੂਠੇ ਪੁਲਿਸ ਮੁਕਾਬਲਿਆਂ ਵਿਰੁੱਧ ਆਵਾਜ਼ ਬੁਲੰਦ ਕਰੇ। ਸਰਹੱਦੀ ਵਪਾਰ ਲਈ ਭਾਰਤ- ਪਾਕਿ ਦਰਮਿਆਨ ਵਾਘਾ ਤੇ ਹੁਸੈਨੀਵਾਲਾ ਬਾਰਡਰ ਖੋਲ੍ਹਣ ਨਾਲ ਪੰਜਾਬ ਦੀ ਆਰਥਿਕਤਾ ਮਜ਼ਬੂਤ ਹੋ ਸਕਦੀ ਹੈ, ਪਰ ਸਿੱਖ ਲੀਡਰਸ਼ਿਪ ਅਕਸਰ ਇਨ੍ਹਾਂ ਮੁੱਦਿਆਂ ਨੂੰ ਨਜ਼ਰ ਅੰਦਾਜ਼ ਕਰਦੀ ਹੈ।




### ਨਤੀਜੇ ਦੀ ਸੰਭਾਵਨਾ ਅਤੇ ਸਿੱਖ ਰਾਜਨੀਤੀ ਦਾ ਭਵਿੱਖ

ਤਰਨ ਤਾਰਨ ਉਪ-ਚੋਣ ਦਾ ਨਤੀਜਾ ਪੰਜਾਬ ਦੀ ਸਿਆਸਤ 'ਤੇ ਡੂੰਘਾ ਅਸਰ ਪਾਵੇਗਾ। ਜੇਕਰ ਆਮ ਆਦਮੀ ਪਾਰਟੀ ਜਿੱਤਦੀ ਹੈ, ਤਾਂ ਇਹ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਉਸ ਦੇ ਹੌਸਲੇ ਵਧਾਏਗੀ। ਪਰ ਜੇਕਰ ਆਪ ਹਾਰਦੀ ਹੈ, ਤਾਂ ਸੂਬੇ ਦੀ ਸਿਆਸਤ ਵਿੱਚ ਤਬਦੀਲੀ ਆ ਸਕਦੀ ਹੈ। ਅਕਾਲੀ ਦਲ (ਬਾਦਲ) ਦੀ ਪੰਥਕ ਵੋਟਾਂ ਦੀ ਵੰਡ ਕਾਰਨ ਉਸ ਦੀ ਸਥਿਤੀ ਅੱਗੇ ਨਾਲੋਂ ਕਮਜ਼ੋਰ ਵੀ ਹੋ ਸਕਦੀ ਹੈ। ਅਕਾਲੀ ਦਲ (ਵਾਰਿਸ ਪੰਜਾਬ ਦੇ) ਦੇ ਉਮੀਦਵਾਰ ਮਨਦੀਪ ਸਿੰਘ ਦੀ ਜਿੱਤ ਪੰਥਕ ਸਿਆਸਤ ਵਿੱਚ ਨਵੀਂ ਲਹਿਰ ਪੈਦਾ ਕਰ ਸਕਦੀ ਹੈ, ਪਰ ਉਨ੍ਹਾਂ ਦੀ ਵਿਜ਼ਨਰੀ ਲੀਡਰਸ਼ਿਪ ਦੀ ਸਮਰੱਥਾ 'ਤੇ ਸਵਾਲ ਉੱਠਣਗੇ।

ਪੰਜਾਬ ਦੀ ਸਿਆਸਤ ਨੂੰ ਨਵੀਂ ਦਿਸ਼ਾ ਦੇਣ ਲਈ ਭਾਵੁਕਤਾ ਦੀ ਬਜਾਏ ਸੂਝਬੂਝ, ਸਮਰਪਣ ਅਤੇ ਜਵਾਬਦੇਹੀ ਵਾਲੀ ਲੀਡਰਸ਼ਿਪ ਦੀ ਜ਼ਰੂਰਤ ਹੈ। ਸਮਾਜ ਦੇ ਸਾਰੇ ਵਰਗਾਂ ਨੂੰ ਜੋੜਦਿਆਂ, ਆਰਥਿਕ ਵਿਕਾਸ ਅਤੇ ਸਥਾਨਕ ਮੁੱਦਿਆਂ 'ਤੇ ਅਧਾਰਿਤ ਸਿਆਸਤ ਹੀ ਪੰਜਾਬ ਨੂੰ ਮੁੜ ਉਭਾਰ ਸਕਦੀ ਹੈ। ਤਰਨ ਤਾਰਨ ਦੀ ਇਹ ਚੋਣ ਸਿਰਫ਼ ਇੱਕ ਸੀਟ ਦੀ ਜਿੱਤ-ਹਾਰ ਨਹੀਂ, ਸਗੋਂ ਸਿੱਖ ਰਾਜਨੀਤੀ ਦੇ ਭਵਿੱਖ ਦਾ ਫ਼ੈਸਲਾ ਕਰੇਗੀ।

# ਮਾਰੀਆ ਕੋਰੀਨਾ ਮਸ਼ਾਡੋ ਨੂੰ ਕਈ ਵਾਰ ਮਦਦ ਦਿੱਤੀ ਸੀ : ਟਰੰਪ

## ਵੈਨੇਜ਼ੁਏਲਾ ਦੀ ਮਸ਼ਾਡੋ ਨੇ ਟਰੰਪ ਨੂੰ ਸਮਰਪਿਤ ਕੀਤਾ ਨੋਬੇਲ ਪੁਰਸਕਾਰ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਸਾਲ ਨੋਬੇਲ ਸ਼ਾਂਤੀ ਪੁਰਸਕਾਰ ਨਾ ਜਿੱਤਣ 'ਤੇ ਪ੍ਰਤੀਕਿਰਿਆ ਦਿੰਦਿਆਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਪੁਰਸਕਾਰ ਜੇਤੂ ਵੈਨੇਜ਼ੁਏਲਾ ਦੀ ਵਿਰੋਧੀ ਧਿਰ ਦੀ ਨੇਤਾ ਮਾਰੀਆ ਕੋਰੀਨਾ ਮਸ਼ਾਡੋ ਨੂੰ ਕਈ ਵਾਰ ਮਦਦ ਦਿੱਤੀ ਸੀ।

ਉਨ੍ਹਾਂ ਕਿਹਾ ਕਿ ਵੈਨੇਜ਼ੁਏਲਾ ਦੀ ਵਿਰੋਧੀ ਧਿਰ ਦੀ ਨੇਤਾ ਨੇ ਉਨ੍ਹਾਂ ਨੂੰ ਫ਼ੋਨ ਕੀਤਾ ਅਤੇ 'ਉਨ੍ਹਾਂ ਦੇ ਸਨਮਾਨ ਵਿੱਚ' ਪੁਰਸਕਾਰ ਸਵੀਕਾਰ ਕੀਤਾ।

ਟਰੰਪ ਨੇ ਵ੍ਹਾਈਟ ਹਾਊਸ 'ਚ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, "ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲੀ ਸ਼ਖ਼ਸੀਅਤ ਨੇ ਅੱਜ ਮੈਨੂੰ ਫ਼ੋਨ ਕੀਤਾ ਅਤੇ ਕਿਹਾ, 'ਮੈਂ ਤੁਹਾਡੇ ਸਨਮਾਨ ਵਿੱਚ ਇਹ ਸਵੀਕਾਰ ਕਰ ਰਹੀ ਹਾਂ ਕਿਉਂਕਿ ਤੁਸੀਂ ਸੱਚਮੁੱਚ ਇਸ ਦੇ ਹੱਕਦਾਰ ਸੀ'.. ਹਾਲਾਂਕਿ, ਮੈਂ ਇਹ ਨਹੀਂ ਕਿਹਾ, 'ਇਹ ਮੈਨੂੰ ਦਿਓ'। ਮੈਂ ਲੰਬੇ ਸਮੇਂ ਤੋਂ ਉਸ ਦੀ ਮਦਦ ਕਰ ਰਿਹਾ ਹਾਂ। ਉਨ੍ਹਾਂ ਨੂੰ ਆਫ਼ਤ ਦੌਰਾਨ ਵੈਨੇਜ਼ੁਏਲਾ ਵਿੱਚ ਬਹੁਤ ਮਦਦ ਦੀ ਲੋੜ ਸੀ। ਮੈਂ ਖੁਸ਼ ਹਾਂ ਕਿਉਂਕਿ ਮੈਂ ਲੱਖਾਂ ਜਾਨਾਂ ਬਚਾਈਆਂ।"

ਮਾਰੀਆ ਕੋਰੀਨਾ ਮਸ਼ਾਡੋ ਨੂੰ ਇਹ ਵੱਕਾਰੀ ਪੁਰਸਕਾਰ ਵੈਨੇਜ਼ੁਏਲਾ ਦੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਉਤਸ਼ਾਹਿਤ ਕਰਨ ਵਿੱਚ ਉਨ੍ਹਾਂ ਦੇ ਅਣਥੱਕ ਯਤਨ ਅਤੇ ਤਾਨਾਸ਼ਾਹੀ ਤੋਂ ਲੋਕਤੰਤਰ ਵਿੱਚ ਨਿਆਂਪੂਰਨ ਅਤੇ ਸ਼ਾਂਤੀਪੂਰਨ ਤਬਦੀਲੀ ਲਈ ਉਨ੍ਹਾਂ ਦੇ ਸੰਘਰਸ਼ ਲਈ ਦਿੱਤਾ ਗਿਆ ਹੈ।

ਟਰੰਪ ਨੇ ਸੱਤ ਜੰਗਾਂ ਰੁਕਵਾਉਣ ਦਾ ਦਾਅਵਾ ਕਰਕੇ ਨੋਬੇਲ ਪੁਰਸਕਾਰ ਦਾ ਦਾਅਵੇਦਾਰ ਬਣਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਯੂਕ੍ਰੇਨ ਵਿੱਚ ਟਕਰਾਅ ਨੂੰ ਆਪਣੇ ਵਿਆਪਕ ਸ਼ਾਂਤੀ ਸਥਾਪਨਾ ਦੇ ਦਾਅਵਿਆਂ ਨਾਲ ਵੀ ਜੋੜਿਆ।



ਟਰੰਪ ਨੇ ਪੱਤਰਕਾਰਾਂ ਨੂੰ ਦੱਸਿਆ, "ਮੈਂ ਕਿਹਾ, 'ਖੈਰ, ਸੱਤ ਹੋਰਾਂ ਬਾਰੇ ਕੀ? ਮੈਨੂੰ ਹਰੇਕ ਲਈ ਇੱਕ ਨੋਬੇਲ ਪੁਰਸਕਾਰ ਮਿਲਣਾ ਚਾਹੀਦਾ ਹੈ।' ਤਾਂ ਉਨ੍ਹਾਂ ਨੇ ਕਿਹਾ, 'ਪਰ ਜੇ ਤੁਸੀਂ ਰੂਸ ਅਤੇ ਯੂਕ੍ਰੇਨ ਨੂੰ ਰੋਕਦੇ ਹੋ ਤਾਂ ਸਰ ਤੁਹਾਨੂੰ ਨੋਬੇਲ ਮਿਲਣਾ ਚਾਹੀਦਾ ਹੈ'। ਮੈਂ ਕਿਹਾ ਕਿ ਮੈਂ ਸੱਤ ਯੁੱਧ ਰੋਕ ਦਿੱਤੇ ਹਨ। ਇਹ ਇੱਕ ਯੁੱਧ ਹੈ ਅਤੇ ਇਹ ਇੱਕ ਵੱਡਾ ਯੁੱਧ ਹੈ।" ਟਰੰਪ ਨੇ ਉਨ੍ਹਾਂ ਦੇਸ਼ਾਂ ਦੇ ਯੁੱਧਾਂ ਦੀ ਸੂਚੀ ਦਾ ਜ਼ਿਕਰ ਕੀਤਾ, ਜੋ ਉਨ੍ਹਾਂ ਦੀ ਅਗਵਾਈ ਹੇਠ ਰੋਕੇ ਗਏ ਸਨ, ਜਿਸ ਵਿੱਚ 'ਅਰਮੀਨੀਆ, ਅਜ਼ਰਬਾਇਜਾਨ, ਕੋਸੋਵੋ ਅਤੇ ਸਰਬੀਆ, ਇਜ਼ਰਾਈਲ ਅਤੇ ਇਰਾਨ, ਮਿਸਰ ਅਤੇ ਇਥੋਪੀਆ, ਰਵਾਂਡਾ ਅਤੇ ਕਾਂਗੋ' ਸ਼ਾਮਲ ਹਨ।

ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਟਰੰਪ ਨੋਬੇਲ ਸ਼ਾਂਤੀ ਪੁਰਸਕਾਰ ਦੇ ਹੱਕਦਾਰ ਹਨ। ਐਕਸ 'ਤੇ ਇੱਕ ਪੋਸਟ ਵਿੱਚ ਉਨ੍ਹਾਂ ਲਿਖਿਆ, "ਟਰੰਪ ਨੂੰ ਨੋਬਲ ਸ਼ਾਂਤੀ ਪੁਰਸਕਾਰ ਦਿਓ - ਉਹ ਇਸ ਦੇ ਹੱਕਦਾਰ ਹਨ!"

ਨੌਰਵੇ ਦੀ ਨੋਬੇਲ ਕਮੇਟੀ ਨੇ ਮਾਰੀਆ ਕੋਰੀਨਾ ਮਸ਼ਾਡੋ ਨੂੰ 'ਸ਼ਾਂਤੀ ਦੀ ਬਹਾਦਰ ਅਤੇ ਵਚਨਬੱਧ ਚੈਂਪੀਅਨ' ਦੱਸਿਆ ਅਤੇ ਕਿਹਾ ਕਿ ਇਹ ਪੁਰਸਕਾਰ ਇੱਕ 'ਔਰਤ ਨੂੰ ਦਿੱਤਾ ਗਿਆ ਹੈ ਜੋ ਵਧਦੇ ਹਨੇਰੇ ਵਿੱਚ ਲੋਕਤੰਤਰ ਦੀ ਲਾਟ ਨੂੰ ਬਲਦੀ ਰੱਖਦੀ ਹੈ।'ਕਮੇਟੀ ਨੇ ਕਿਹਾ, "ਲੋਕਤੰਤਰ ਸਥਾਈ ਸ਼ਾਂਤੀ ਲਈ ਇੱਕ ਪੂਰਵ ਸ਼ਰਤ ਹੈ। ਹਾਲਾਂਕਿ, ਅਸੀਂ ਇੱਕ ਅਜਿਹੀ ਦੁਨੀਆ ਵਿੱਚ ਰਹਿੰਦੇ ਹਾਂ ਜਿੱਥੇ ਲੋਕਤੰਤਰ ਪਿੱਛੇ ਹਟ ਰਿਹਾ ਹੈ, ਜਿੱਥੇ ਵੱਧ ਤੋਂ ਵੱਧ ਤਾਨਾਸ਼ਾਹੀ ਸ਼ਾਸਨ ਨਿਯਮਾਂ ਨੂੰ ਚੁਣੌਤੀ ਦੇ ਰਹੇ ਹਨ ਅਤੇ ਹਿੰਸਾ ਦਾ ਸਹਾਰਾ ਲੈ ਰਹੇ ਹਨ। ਮਸ਼ਾਡੋ ਨੇ ਕਈ ਸਾਲਾਂ ਤੋਂ ਵੈਨੇਜ਼ੁਏਲਾ ਦੇ ਲੋਕਾਂ ਦੀ ਆਜ਼ਾਦੀ ਲਈ ਕੰਮ ਕੀਤਾ ਹੈ।"ਨੋਬੇਲ ਕਮੇਟੀ ਨੇ ਕਿਹਾ, "ਸ਼ਾਂਤੀ ਪੁਰਸਕਾਰ ਜੇਤੂ ਮਾਰੀਆ ਕੋਰੀਨਾ ਮਸ਼ਾਡੋ ਨੇ ਦਿਖਾਇਆ ਹੈ ਕਿ ਲੋਕਤੰਤਰ ਦੇ ਸਾਧਨ ਵੀ ਸ਼ਾਂਤੀ ਦੇ ਸਾਧਨ ਹਨ। ਉਹ ਇੱਕ ਵੱਖਰੇ ਭਵਿੱਖ ਦੀ ਉਮੀਦ ਨੂੰ ਦਰਸਾਉਂਦੀ ਹੈ, ਜਿੱਥੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀਆਂ ਆਵਾਜ਼ਾਂ ਸੁਣੀਆਂ ਜਾਂਦੀਆਂ ਹਨ।"

## ਅਮਰੀਕਾ ਅਤੇ ਚੀਨ ਵਿਚਾਲੇ ਵਪਾਰਕ ਰੇੜਕਾ ਹੋਰ ਵਧਿਆ

# ਟਰੰਪ ਨੇ ਹੁਣ ਚੀਨ 'ਤੇ ਲਗਾਇਆ 100 ਫ਼ੀਸਦੀ ਟੈਰਿਫ਼

## ਇੱਕ ਨਵੰਬਰ ਤੋਂ ਹੋਣਗੇ ਨਵੇਂ ਹੁਕਮ ਲਾਗੂ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਦਿਨੀਂ ਐਲਾਨ ਕੀਤਾ ਕਿ ਸੰਯੁਕਤ ਰਾਜ ਅਮਰੀਕਾ ਚੀਨੀ ਸਾਮਾਨ 'ਤੇ 'ਕਿਸੇ ਵੀ ਟੈਰਿਫ਼ ਤੋਂ ਇਲਾਵਾ ਜੋ ਉਹ ਮੌਜੂਦਾ ਸਮੇਂ ਅਦਾ ਕਰ ਰਹੇ ਹਨ' 1 ਨਵੰਬਰ ਤੋਂ ਪ੍ਰਭਾਵੀ ਤੌਰ 'ਤੇ 100 ਫ਼ੀਸਦੀ ਟੈਰਿਫ਼ ਲਗਾਵੇਗਾ।

ਉਨ੍ਹਾਂ ਕਿਹਾ ਕਿ ਉਸੇ ਦਿਨ ਤੋਂ ਸਾਰੇ ਮਹੱਤਵਪੂਰਨ ਸਾਫ਼ਟਵੇਅਰ 'ਤੇ ਨਿਰਯਾਤ ਨਿਯੰਤਰਣ ਲਗਾਏ ਜਾਣਗੇ।

'ਟਰੁੱਥ ਸ਼ੋਸ਼ਲ' 'ਤੇ ਇੱਕ ਪੋਸਟ ਵਿੱਚ ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਇਸ ਤੱਥ ਦੇ ਆਧਾਰ 'ਤੇ ਕਿ ਚੀਨ ਨੇ ਇਹ ਬੇਮਿਸਾਲ ਰੁਖ਼ ਅਪਣਾਇਆ ਹੈ ਅਤੇ ਸਿਰਫ਼ ਅਮਰੀਕਾ ਲਈ ਬੋਲ ਰਿਹਾ ਹੈ, ਨਾ ਕਿ ਹੋਰ ਦੇਸ਼ਾਂ ਲਈ ਜਿਨ੍ਹਾਂ ਨੂੰ ਇਸੇ ਤਰ੍ਹਾਂ ਧਮਕੀ ਦਿੱਤੀ ਗਈ ਸੀ, 1 ਨਵੰਬਰ, 2025 ਤੋਂ (ਜਾਂ ਜਲਦੀ, ਚੀਨ ਦੁਆਰਾ ਕੀਤੇ ਗਏ ਕਿਸੇ ਵੀ ਹੋਰ ਕਦਮ ਜਾਂ ਬਦਲਾਅ 'ਤੇ ਨਿਰਭਰ ਕਰਦਿਆਂ), ਸੰਯੁਕਤ ਰਾਜ ਅਮਰੀਕਾ ਚੀਨ 'ਤੇ 100 ਫ਼ੀਸਦੀ ਟੈਰਿਫ਼ ਲਗਾਵੇਗਾ, ਜੋ ਕਿ ਉਹ ਮੌਜੂਦਾ ਸਮੇਂ ਅਦਾ ਕਰ ਰਹੇ ਕਿਸੇ ਵੀ ਟੈਰਿਫ਼ ਤੋਂ ਇਲਾਵਾ ਹੈ। ਨਾਲ ਹੀ 1 ਨਵੰਬਰ ਨੂੰ, ਅਸੀਂ ਕਿਸੇ ਵੀ ਅਤੇ ਸਾਰੇ ਮਹੱਤਵਪੂਰਨ ਸਾਫ਼ਟਵੇਅਰ 'ਤੇ ਨਿਰਯਾਤ ਨਿਯੰਤਰਣ ਲਗਾਵਾਂਗੇ।"

ਟਰੰਪ ਨੇ ਇਹ ਐਲਾਨ ਚੀਨ ਵੱਲੋਂ 'ਦੁਨੀਆ ਨੂੰ ਇੱਕ ਬਹੁਤ ਹੀ ਵਿਰੋਧੀ ਪੱਤਰ' ਭੇਜ ਕੇ 'ਵਪਾਰ 'ਤੇ ਇੱਕ ਅਸਾਧਾਰਨ ਹਮਲਾਵਰ ਰੁਖ਼' ਅਪਣਾਉਣ ਦੇ ਜਵਾਬ ਵਿੱਚ ਕੀਤਾ ਹੈ।

ਟਰੰਪ ਨੇ ਕਿਹਾ, "ਇਹ ਹੁਣੇ ਪਤਾ ਲੱਗਾ ਹੈ ਕਿ ਚੀਨ ਨੇ ਵਪਾਰ 'ਤੇ ਇੱਕ ਬਹੁਤ ਹੀ ਹਮਲਾਵਰ ਰੁਖ਼ ਅਪਣਾਇਆ ਹੈ, ਜਿਸ ਵਿੱਚ ਦੁਨੀਆ ਨੂੰ ਇੱਕ ਬਹੁਤ ਹੀ ਵਿਰੋਧੀ



ਪੱਤਰ ਭੇਜਿਆ ਗਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਉਹ 1 ਨਵੰਬਰ, 2025 ਤੋਂ ਪ੍ਰਭਾਵੀ ਹੋ ਕੇ, ਉਨ੍ਹਾਂ ਦੁਆਰਾ ਬਣਾਏ ਗਏ ਲਗਭਗ ਹਰ ਉਤਪਾਦ 'ਤੇ ਵੱਡੇ ਪੱਧਰ ਉੱਤੇ ਨਿਰਯਾਤ ਨਿਯੰਤਰਣ ਲਗਾਉਣ ਜਾ ਰਹੇ ਹਨ ਅਤੇ ਕੁਝ ਤਾਂ ਉਨ੍ਹਾਂ ਦੁਆਰਾ ਬਣਾਏ ਵੀ ਨਹੀਂ ਗਏ ਹਨ। ਬਿਨਾਂ ਕਿਸੇ ਅਪਵਾਦ ਦੇ ਇਹ ਸਾਰੇ ਦੇਸ਼ਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਸਪੱਸ਼ਟ ਤੌਰ 'ਤੇ ਉਨ੍ਹਾਂ ਦੁਆਰਾ ਸਾਲ ਪਹਿਲਾਂ ਬਣਾਈ ਗਈ ਇੱਕ ਯੋਜਨਾ ਸੀ। ਇਹ ਕੌਮਾਂਤਰੀ ਵਪਾਰ ਵਿੱਚ ਬਿਲਕੁਲ ਅਣਸੁਣਿਆ ਹੈ ਅਤੇ ਦੂਜੇ ਦੇਸ਼ਾਂ ਨਾਲ ਨਜਿੱਠਣ ਵਿੱਚ ਇੱਕ ਨੈਤਿਕ ਅਪਮਾਨ ਹੈ।" ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਇਹ ਵਿਸ਼ਵਾਸ ਕਰਨਾ ਅਸੰਭਵ ਹੈ ਕਿ ਚੀਨ ਨੇ ਅਜਿਹੀ ਕਾਰਵਾਈ ਕੀਤੀ ਹੋਵੇਗੀ, ਪਰ ਉਨ੍ਹਾਂ ਨੇ ਕੀਤੀ ਹੈ ਅਤੇ ਬਾਕੀ ਇਤਿਹਾਸ ਹੈ। ਇਸ ਮਾਮਲੇ ਵੱਲ ਧਿਆਨ ਦੇਣ ਲਈ ਤੁਹਾਡਾ ਧੰਨਵਾਦ।"

ਟਰੰਪ ਦਾ ਇਹ ਐਲਾਨ ਚੀਨ ਵੱਲੋਂ ਧਰਤੀ ਦੇ ਦੁਰਲੱਭ ਨਿਰਯਾਤ 'ਤੇ ਪਾਬੰਦੀਆਂ ਵਧਾਉਣ, ਆਪਣੀ ਨਿਯੰਤਰਣ ਸੂਚੀ ਦਾ ਵਿਸਤਾਰ ਕਰਨ ਅਤੇ ਉਤਪਾਦਨ ਤਕਨਾਲੋਜੀਆਂ ਅਤੇ ਵਿਦੇਸ਼ੀ ਐਪਲੀਕੇਸ਼ਨਾਂ ਨੂੰ ਕਵਰ ਕਰਨ ਲਈ ਪਾਬੰਦੀਆਂ ਵਧਾਉਣ ਦੇ ਜਵਾਬ 'ਚ ਆਇਆ ਹੈ,

(ਬਾਕੀ ਸਫ਼ਾ 27 'ਤੇ)

# ਐਚ-1 ਬੀ ਵੀਜ਼ਾ ਉਪਰ ਇੱਕ ਲੱਖ ਡਾਲਰ ਫ਼ੀਸ ਲਾਉਣ ਨੂੰ ਅਦਾਲਤ ਵਿੱਚ ਚੁਣੌਤੀ

ਸੈਕਰਾਮੈਂਟੋ, ਕੈਲੀਫ਼ੋਰਨੀਆ (ਹੁਸਨ ਲੜੋਆ ਬੰਗਾ)- ਸਾਊਥ ਏਸ਼ੀਅਨ ਅਮਰੀਕਨ ਜਸਟਿਸ ਕੋਲੈਬੋਰੇਟਿਵ ਨੇ ਪ੍ਰਮੁੱਖ ਲੇਬਰ ਯੂਨੀਅਨਾਂ, ਹੈਲਥ ਕੇਅਰ

ਆਯੋਜਕਾਂ, ਯੂਨੀਵਰਸਿਟੀਆਂ ਤੇ ਹੋਰ ਸੰਸਥਾਵਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਟਰੰਪ ਪ੍ਰਸ਼ਾਸਨ ਦੁਆਰਾ ਐਚ-1 ਬੀ ਵੀਜ਼ਾ ਉੱਪਰ ਇੱਕ

ਲੱਖ ਡਾਲਰ ਫ਼ੀਸ ਲਾਗੂ ਕਰਨ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਹੈ। ਸਾਊਥ ਏਸ਼ੀਅਨ ਅਮਰੀਕਨ ਜਸਟਿਸ ਕੋਲੈਬੋਰੇਟਿਵ ਨੇ ਕਿਹਾ ਹੈ ਕਿ ਇਹ ਫ਼ੀਸ ਗੈਰ ਸੰਵਿਧਾਨਕ ਹੈ ਤੇ ਆਰਥਕ ਤੌਰ 'ਤੇ ਤਬਾਹਕੁੰਨ ਹੈ। ਯੂ.ਐਸ. ਡਿਸਟ੍ਰਿਕਟ




ਕੋਰਟ ਉੱਤਰੀ ਕੈਲੀਫ਼ੋਰਨੀਆ ਡਿਸਟ੍ਰਿਕਟ ਵਿੱਚ ਦਾਇਰ ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਹੈ ਕਿ 19 ਸਤੰਬਰ ਨੂੰ ਜਾਰੀ ਆਦੇਸ਼ ਜੋ 36 ਘੰਟੇ ਬਾਅਦ ਹੀ ਲਾਗੂ ਕਰ ਦਿੱਤਾ ਗਿਆ, ਅਜਿਹਾ ਕਰਕੇ ਐਡਮਨਿਸਟ੍ਰੇਟਿਵ ਪ੍ਰੋਸੀਜ਼ਰ ਐਕਟ ਦੀ ਉਲੰਘਣਾ ਕੀਤੀ ਗਈ ਹੈ। ਅਜਿਹਾ ਕਰਕੇ ਟਰੰਪ ਪ੍ਰਸ਼ਾਸਨ ਨੇ ਕਾਂਗਰਸ ਦੀਆਂ ਸ਼ਕਤੀਆਂ ਨੂੰ ਗੈਰ ਕਾਨੂੰਨੀ ਢੰਗ ਨਾਲ ਖੋਹ ਲਿਆ ਹੈ। ਇਸ ਪਟੀਸ਼ਨ ਦੀ ਗਲੋਬਲ ਨਰਸ ਫ਼ੋਰਸ, ਯੂਨਾਈਟਿਡ ਆਟੋ ਵਰਕਰਜ ਇੰਟਰਨੈਸ਼ਨਲ, ਦ ਅਮਰੀਕਨ ਐਸੋਸੀਏਸ਼ਨ ਆਫ਼ ਯੂਨੀਵਰਸਿਟੀ ਪ੍ਰੋਫ਼ੈਸਰਜ ਤੇ ਕਮੇਟੀ ਆਫ਼ ਇੰਟਰਨਸ ਐਂਡ ਰੈਜੀਡੈਂਸ ਦੁਆਰਾ ਹਮਾਇਤ ਕੀਤੀ ਗਈ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਰੂਸ-ਪਾਕਿਸਤਾਨ ਅਭਿਆਸ ਨੇ ਭਾਰਤੀ ਸਰਹੱਦਾਂ ’ਤੇ ਚੁਣੌਤੀ ਵਧਾਈ

## ਪੁਤਿਨ ਦੇ ਦੌਰੇ ਵਿੱਚ ਰਹੱਸਮਈ ਰਵੱਈਆ ?

## ਰੂਸ-ਪਾਕਿਸਤਾਨ ਸਾਂਝਾ ਅਭਿਆਸ: ਪੁਤਿਨ ਦੀ ਭਾਰਤ ਨੀਤੀ ’ਤੇ ਸਵਾਲੀਆ ਨਿਸ਼ਾਨ



ਬਘੇਲ ਸਿੰਘ ਧਾਲੀਵਾਲ





ਵਿਸ਼ਵ ਅੰਤਰਰਾਸ਼ਟਰੀ ਸੰਬੰਧਾਂ ਵਿੱਚ ਨਵੇਂ ਮੋੜ ਆ ਰਹੇ ਹਨ। ਇੱਕ ਪਾਸੇ ਵਲਾਦੀਮੀਰ ਪੂਤਿਨ ਦਾ ਭਾਰਤ ਦੌਰਾ ਨੇੜੇ ਆ ਰਿਹਾ ਹੈ, ਜਿੱਥੇ ਦੋਹਾਂ ਦੇਸ਼ਾਂ ਵਿਚਕਾਰ ਰੱਖਿਆ ਤਕਨਾਲੋਜੀ ਅਤੇ ਊਰਜਾ ਸਹਿਯੋਗ ’ਤੇ ਚਰਚਾ ਹੋਣ ਵਾਲੀ ਹੈ, ਉੱਧਰ ਰੂਸੀ ਫੌਜ ਨੇ ਪਾਕਿਸਤਾਨ ਨਾਲ ‘ਦਰੂਜ਼ਬਾ 2025’ ਨਾਂ ਦਾ ਸਾਂਝਾ ਯੁੱਧ ਅਭਿਆਸ ਕੀਤਾ ਹੈ। ਇਸ ਅਭਿਆਸ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀਆਂ ਹਨ, ਜਿਨ੍ਹਾਂ ਵਿੱਚ ਰੂਸੀ ਅਤੇ ਪਾਕਿਸਤਾਨੀ ਜਵਾਨਾਂ ਨੂੰ ਸਾਂਝੇ ਤੌਰ ਉੱਪਰ ਅਭਿਆਸ ਕਰਦੇ ਦਿਖਾਇਆ ਗਿਆ ਹੈ। ਇਹ ਕੌਮਾਂਤਰੀ ਦ੍ਰਿਸ਼ ਭਾਰਤ ਲਈ ਸੰਕਟ ਦਾ ਵਿਸ਼ਾ ਬਣ ਗਿਆ ਹੈ। ਸੁਆਲ ਇਹ ਹੈ- ਕੀ ਰੂਸ ਭਾਰਤ ਨਾਲ ਧੋਖਾ ਕਰ ਰਿਹਾ ਹੈ? ਫਿਰ ਦੁਨੀਆਂ ਵਿੱਚ ਭਾਰਤ ਦਾ ਵਿਸ਼ਵਾਸਯੋਗ ਮਿੱਤਰ ਕੌਣ ਹੈ?

ਰੂਸੀ ਰੱਖਿਆ ਮੰਤਰਾਲੇ ਨੇ ਇਸ ਅਭਿਆਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਅਨੁਸਾਰ, ਇਹ ਅਭਿਆਸ ਰੂਸ ਦੇ ਦੱਖਣੀ ਫੌਜੀ ਜ਼ਿਲ੍ਹੇ ਵਿੱਚ ਹੋਇਆ, ਜਿੱਥੇ ਅੰਤਰਰਾਸ਼ਟਰੀ ਅੱਤਵਾਦ ਵਿਰੋਧੀ ਕਾਰਵਾਈਆਂ ’ਤੇ ਧਿਆਨ ਕੇਂਦ੍ਰਿਤ ਕੀਤਾ ਗਿਆ। ਇਸ ਵਿਚ ਲਗਭਗ 200 ਜਵਾਨਾਂ ਨੇ ਹਿੱਸਾ ਲਿਆ। ਰੂਸੀ ਅਧਿਕਾਰੀਆਂ ਨੇ ਕਿਹਾ ਕਿ ਇਹ ਸਹਿਯੋਗ ਦੋਹਾਂ ਦੇਸ਼ਾਂ ਵਿਚਕਾਰ ਫੌਜੀ ਗਠਜੋੜ ਨੂੰ ਮਜ਼ਬੂਤ ਕਰਨ ਲਈ ਹੈ, ਪਰ ਭਾਰਤ ਵਿੱਚ ਇਸ ਨੂੰ ਰਾਜਨੀਤਕ ਚਾਲ ਤੇ ਸੰਕਟ ਵਜੋਂ ਵੇਖਿਆ ਜਾ ਰਿਹਾ ਹੈ।

ਇਹ ਅਭਿਆਸ 2016 ਤੋਂ ਚੱਲ ਰਿਹਾ ਹੈ ਅਤੇ ਹਰ ਸਾਲ ਬਦਲਵੇਂ ਦੇਸ਼ਾਂ ਦੀ ਧਰਤੀ ਤੇ ਹੁੰਦਾ ਰਿਹਾ ਹੈ। ਇਸ ਵਾਰ ਰੂਸ ਵਿੱਚ ਹੋਣ ਕਾਰਨ ਇਸ ਨੂੰ ਵਿਸ਼ੇਸ਼ ਮਹੱਤਵ ਮਿਲਿਆ ਹੈ। ਪਿਛਲੇ ਸਾਲਾਂ ਵਿੱਚ ਵੀ ਅਜਿਹੇ ਅਭਿਆਸ ਹੋਏ ਹਨ, ਜਿਵੇਂ ਦਰੂਜ਼ਬਾ-2025 ਜੋ ਸਤੰਬਰ 2025 ਵਿੱਚ ਪਾਕਿਸਤਾਨ ਦੇ ਨੈਸ਼ਨਲ ਕਾਊਂਟਰ ਟੈਰਰਿਜ਼ਮ ਸੈਂਟਰ ਪਾਬੀ ਵਿੱਚ ਹੋਇਆ ਸੀ। ਉੱਥੇ ਡਰੋਨ ਯੁੱਧ, ਸ਼ਹਿਰੀ ਹਮਲਿਆਂ ਅਤੇ ਵਿਸਫੋਟਕ ਉਪਕਰਣਾਂ ਵਿਰੁੱਧ ਕਾਰਵਾਈਆਂ ਤੇ ਜ਼ੋਰ ਦਿੱਤਾ ਗਿਆ। ਪਾਕਿਸਤਾਨੀ ਫੌਜ ਨੇ ਇਸ ਨੂੰ ਆਪਣੀ ਰਣਨੀਤਕ ਤਿਆਰੀ ਨੂੰ ਸੁਧਾਰਨ ਵਾਲਾ ਕਦਮ ਦੱਸਿਆ, ਜਦਕਿ ਰੂਸ ਨੇ ਇਸ ਨੂੰ ਵਿਸ਼ਵ ਅੱਤਵਾਦ ਨਾਲ ਲੜਨ ਵਿੱਚ ਸਾਂਝੇਦਾਰੀ ਵਜੋਂ ਪੇਸ਼ ਕੀਤਾ।

ਪਰ ਭਾਰਤ ਲਈ ਇਹ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਪੁਤਿਨ ਦੇ ਭਾਰਤ ਦੌਰੇ ਦੀਆਂ ਤਿਆਰੀਆਂ ਦੌਰਾਨ ਰੂਸ ਨੇ ਭਾਰਤ ਨੂੰ ਐਸ-400 ਮਿਜ਼ਾਈਲ ਸਿਸਟਮ ਅਤੇ ਬ੍ਰਹਮੋਸ ਮਿਸਾਈਲਾਂ ਵਰਗੀਆਂ ਤਕਨੀਕਾਂ ਨਾਲ ਮਜ਼ਬੂਤ ਕਰਨ ਦਾ ਵਾਅਦਾ ਕੀਤਾ ਹੈ। ਭਾਰਤ-ਰੂਸ ਸੰਬੰਧ ਮਿਤਰਾਨਾ ਲੰਬੇ ਸਮੇਂ ਤੋਂ ਚੱਲ ਰਹੇ ਹਨ। ਪਰ ਹੁਣ ਰੂਸ ਦੀ ਪਾਕਿਸਤਾਨ ਨਾਲ ਦੋਸਤੀ ਵਧ ਰਹੀ ਹੈ। ਪਾਕਿਸਤਾਨ, ਚੀਨ ਅਤੇ ਇਰਾਨ ਦੇਸ਼ਾਂ ਦੇ ਸਾਂਝੇ ਨੌਸੈਨਿਕ ਅਭਿਆਸ ਵੀ ਹੋ ਚੁੱਕੇ ਹਨ। ਭਾਰਤੀ ਵਿਸ਼ਲੇਸ਼ਕਾਂ ਅਨੁਸਾਰ, ਇਹ ਰੂਸ ਦੀ ਨਿਰਪੱਖ ਵਿਦੇਸ਼ ਨੀਤੀ ਹੈ, ਜੋ ਆਪਣੇ ਹਿੱਤਾਂ ਅਨੁਸਾਰ ਸਾਰਿਆਂ ਨਾਲ ਸੰਬੰਧ ਰੱਖਦਾ ਹੈ। ਪਰ ਕੀ ਇਹ ਭਾਰਤ ਲਈ ਨਵਾਂ ਸੰਕਟ ਨਹੀਂ ਹੈ?

ਸੋਸ਼ਲ ਮੀਡੀਆ ਤੇ ਇਹਨਾਂ ਤਸਵੀਰਾਂ ਨੇ ਹਲਚਲ ਮਚਾ ਦਿੱਤੀ ਹੈ। ਟਵਿੱਟਰ (ਐਕਸ) ’ਤੇ ਹਜ਼ਾਰਾਂ ਪੋਸਟਾਂ ਵਿੱਚ ਭਾਰਤੀ ਯੂਜ਼ਰ ਪੁੱਛ ਰਹੇ ਹਨ – ‘ਕੀ ਪੁਤਿਨ ਭਾਰਤ ਨਾਲ ਧੋਖਾ ਕਰ ਰਹੇ ਹਨ?’ ਇਸ ਵਿਵਾਦ ਨੇ ਭਾਰਤ ਵਿੱਚ ਰਾਜਨੀਤਕ ਚਰਚਾਵਾਂ ਨੂੰ ਹਵਾ ਦਿੱਤੀ ਹੈ, ਜਿੱਥੇ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਪੁੱਛਿਆ ਹੈ ਕਿ ਰੂਸ ਨਾਲ ਨਵੇਂ ਸਮਝੌਤੇ ਕਿਉਂ ਨਹੀਂ ਕੀਤੇ ਜਾ ਰਹੇ।

ਭਾਰਤ ਇਸ ਸਮੇਂ ਸੰਕਟਾਂ ਵਿਚਕਾਰ ਵਿੱਚ ਫਸਿਆ ਹੋਇਆ ਲੱਗ ਰਿਹਾ ਹੈ। ਅਮਰੀਕਾ, ਕੈਨੇਡਾ ਨਾਲ ਤਣਾਅ, ਚੀਨ ਨਾਲ ਸਰਹੱਦੀ ਵਿਵਾਦ ਅਤੇ ਹੁਣ ਰੂਸ ਦਾ ਪਾਕਿਸਤਾਨ ਵੱਲ ਝੁਕਾਅ - ਭਾਰਤ ਲਈ ਸਮਸਿਆ ਬਣਿਆ ਹੋਇਆ ਹੈ। ਇਸ ਦੌਰਾਨ। ਭਾਰਤ ਨੂੰ ਆਪਣੀ ਰਣਨੀਤਕ ਸਥਿਤੀ ਬਾਰੇ ਸੋਚਣਾ ਪੈ ਰਿਹਾ ਹੈ। ਕੀ ਭਾਰਤ ਇਕੱਲਾ ਪੈ ਗਿਆ ਹੈ?

ਨਹੀਂ, ਕਿਉਂਕਿ ਅਮਰੀਕਾ ਨਾਲ ਕੋਆਡ ਅਤੇ ਇੰਡੋ-ਪੈਸਿਫਿਕ ਗਠਜੋੜ ਮਜ਼ਬੂਤ ਹਨ, ਫਰਾਂਸ ਨਾਲ ਰਾਫੇਲ ਜਹਾਜ਼ਾਂ ਦੇ ਸੌਦੇ ਚੱਲ ਰਹੇ ਹਨ ਅਤੇ ਇਜ਼ਰਾਇਲ ਨਾਲ ਤਕਨੀਕ ਸਾਂਝੀ ਹੋ ਰਹੀ ਹੈ। ਇਸ ਤੋਂ ਇਲਾਵਾ, ਭਾਰਤ ਨੇ ਆਪਣੀ ਰੱਖਿਆ ਉਦਯੋਗ ਨੂੰ ਵਧਾਇਆ ਹੈ - ਤੇਜਸ ਲੜਾਕੂ ਜਹਾਜ਼, ਅਰਜੁਨ ਟੈਂਕ ਅਤੇ ਬ੍ਰਹਮੋਸ ਮਿਸਾਈਲਾਂ ਵਰਗੀਆਂ ਸਵਦੇਸ਼ੀ ਚੀਜ਼ਾਂ ਨਾਲ ਆਪਣੀ ਤਾਕਤ ਵਧਾਈ ਹੈ। ਇੱਕ ਰੱਖਿਆ ਮਾਹਿਰ ਨੇ ਕਿਹਾ, ‘ਭਾਰਤ ਨੂੰ ਹੁਣ ਡਿਪਲੋਮੇਸੀ ਤੋਂ ਕੰਮ ਲੈਣਾ ਹੋਵੇਗਾ। ਰੂਸ ਤੇ ਨਿਰਭਰਤਾ ਘਟਾਈਏ ਅਤੇ ਆਪਣੀ ਆਤਮਨਿਰਭਰਤਾ ਨੂੰ ਵਧਾਈਏ।’

ਇਸ ਅਭਿਆਸ ਨੇ ਖੇਤਰੀ ਸੁਰੱਖਿਆ ਨੂੰ ਨਵਾਂ ਰੰਗ ਦਿੱਤਾ ਹੈ। ਪਾਕਿਸਤਾਨ ਲਈ ਇਹ ਚੀਨ-ਰੂਸ ਗਠਜੋੜ ਨਾਲ ਜੁੜਨ ਦਾ ਸੁਨਹਿਰੀ ਮੌਕਾ ਹੈ, ਜੋ ਅੱਤਵਾਦ ਅਤੇ ਅੰਦਰੂਨੀ ਖਤਰਿਆਂ ਨਾਲ ਲੜਨ ਵਿੱਚ ਮਦਦ ਕਰੇਗਾ। ਪਰ ਭਾਰਤ ਲਈ ਇਹ ਚਿਤਾਵਨੀ ਹੈ ਕਿ ਵਿਸ਼ਵ ਰਾਜਨੀਤੀ ਵਿੱਚ ਕੋਈ ਸਥਾਈ ਮਿੱਤਰ ਨਹੀਂ ਹੁੰਦੇ। ਪੁਤਿਨ ਦੇ ਦੌਰੇ ਵਿੱਚ ਭਾਰਤ ਨੂੰ ਰੂਸ ਨਾਲ ਖੁੱਲ੍ਹ ਕੇ ਗੱਲ ਕਰਨੀ ਪਵੇਗੀ - ਕੀ ਇਹ ਸਹਿਯੋਗ ਸੀਮਤ ਰੱਖਿਆ ਜਾਵੇਗਾ ਜਾਂ ਭਾਰਤ ਤੋਂ ਵਧ ਤਰਜੀਹ ਦਿੱਤੀ ਜਾਵੇਗੀ?

ਅੰਤਰਰਾਸ਼ਟਰੀ ਮਾਹਿਰਾਂ ਅਨੁਸਾਰ, ਰੂਸ ਆਪਣੇ ਆਰਥਿਕ ਹਿੱਤਾਂ ਲਈ ਅਜਿਹੇ ਕਦਮ ਚੁਣਦਾ ਰਹੇਗਾ, ਪਰ ਭਾਰਤ-ਰੂਸ ਗਠਜੋੜ ਅਜੇ ਵੀ ਮਜ਼ਬੂਤ ਹੈ। ਫਿਰ ਵੀ, ਇਹ ਘਟਨਾ ਭਾਰਤ ਨੂੰ ਆਪਣੇ ਬਦਲਾਂ ਬਾਰੇ ਸੋਚਣ ਤੇ ਮਜਬੂਰ ਕਰ ਰਹੀ ਹੈ। ਕੀ ਭਾਰਤ ਹੁਣ ਨਵੇਂ ਗਠਜੋੜ ਬਣਾਵੇਗਾ? ਇਸ ਦਾ ਭਵਿੱਖ ਵਿੱਚ ਜਵਾਬ ਮਿਲੇਗਾ।

## ਯੂਕ੍ਰੇਨ ਜੰਗ ਜਲਦੀ ਸਮਾਪਤ ਕਰਨ ’ਚ ਹੀ ਰੂਸ ਦੀ ਭਲਾਈ : ਟਰੰਪ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਹ ਯੂਕ੍ਰੇਨ ਦੇ ਨਾਲ ਲੰਬੇ ਸਮੇਂ ਤੋਂ ਜਾਰੀ ਜੰਗ ਖ਼ਤਮ ਨਹੀਂ ਕਰਦਾ ਹੈ ਤਾਂ ਅਮਰੀਕਾ, ਯੂਕ੍ਰੇਨ ਨੂੰ ਲੰਬੀ ਦੂਰੀ ਦੀ ਟੌਮਹਾਕ ਮਿਜ਼ਾਈਲ ਦੇ ਸਕਦਾ ਹੈ।

ਟਰੰਪ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ, “ਟੌਮਹਾਕ ਬਿਹਤਰੀਨ ਤੇ ਬੇਹੱਦ ਘਾਤਕ ਹਥਿਆਰ ਹੈ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਜੇਕਰ ਜੰਗ ਖ਼ਤਮ ਨਹੀਂ ਹੁੰਦੀ ਤਾਂ ਅਸੀਂ ਅਜਿਹਾ ਕਰ ਸਕਦੇ ਹਾਂ। ਹੋ ਸਕਦਾ ਹੈ, ਅਸੀਂ ਅਜਿਹਾ ਨਾ ਕਰੀਏ ਪਰ ਇਹ ਵੀ ਹੋ ਸਕਦਾ ਹੈ ਕਿ ਅਸੀਂ ਅਜਿਹਾ ਕਰੀਏ।” ਟਰੰਪ ਦੀ ਇਹ ਟਿੱਪਣੀ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨਾਲ ਫੋਨ ’ਤੇ ਹੋਈ ਗੱਲਬਾਤ ਤੋਂ ਬਾਅਦ ਆਈ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਉਸ ਗੱਲਬਾਤ ’ਚ ਟੌਮਹਾਕ ਮਿਜ਼ਾਈਲ ਭੇਜਣ ਦੀ ਸੰਭਾਵਨਾ ਦਾ ਜ਼ਿਕਰ ਕੀਤਾ ਸੀ। ਟਰੰਪ ਨੇ ਕਿਹਾ, “ਜੇਕਰ ਪੂਤਿਨ ਇਸ ਮਾਮਲੇ ਨੂੰ ਸੁਲਝਾ ਲੈਂਦੇ ਹਨ ਤਾਂ ਵਧੀਆ ਹੈ, ਜੇਕਰ ਅਜਿਹਾ ਨਾ ਹੋਇਆ ਤਾਂ ਇਹ ਉਨ੍ਹਾਂ ਵਾਸਤੇ ਹੀ ਠੀਕ ਨਹੀਂ ਹੋਵੇਗਾ।”



# ਭਵਿੱਖ ਦੀ ਰਾਜਨੀਤੀ ਦਾ ਰਾਹ ਤੈਅ ਕਰਨਗੀਆਂ ਬਿਹਾਰ ਚੋਣਾਂ

## ਭਾਜਪਾ ਵੱਲੋਂ ਨੀਤੀਸ਼ ਨੂੰ ਝਟਕਾ, ਵੱਡੇ ਭਰਾ ਵਾਲਾ ਦਬਦਬਾ ਕੀਤਾ ਖਤਮ !

## ਸਮਾਜਿਕ ਨਿਆਂ ਦੇ ਮੁੱਦੇ ਕਰਨਗੇ ਰਾਜਨੀਤੀ ਨੂੰ ਪ੍ਰਭਾਵਿਤ

## ਕੀ ਪ੍ਰਸ਼ਾਂਤ ਕਿਸ਼ੋਰ ਬਦਲ ਸਕੇਗਾ ਬਿਹਾਰ ਦੀ ਸਿਆਸਤ ?



ਭਾਰਤ ਦੇ ਪੂਰਬੀ ਹਿੱਸੇ ਵਿੱਚ ਵੱਸਦੇ ਬਿਹਾਰ ਰਾਜ ਵਿੱਚ ਚੋਣਾਂ ਦਾ ਬਿਗਲ ਵਜ ਚੁੱਕਿਆ ਹੈ। ਚੋਣ ਕਮਿਸ਼ਨ ਨੇ 6 ਤੇ 11 ਨਵੰਬਰ ਨੂੰ ਦੋ ਪੜਾਵਾਂ ਵਿੱਚ ਵੋਟ ਪਾਉਣ ਦਾ ਐਲਾਨ ਕੀਤਾ ਹੈ, ਜਦਕਿ 14 ਨਵੰਬਰ ਨੂੰ ਨਤੀਜੇ ਆਉਣਗੇ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਚੋਣਾਂ ਪੂਰੇ ਦੇਸ਼ ਦੀ ਰਾਜਨੀਤਕ ਹਵਾ ਬਦਲ ਸਕਦੀਆਂ ਹਨ। ਇਹ ਨਤੀਜੇ 2026 ਵਿੱਚ ਅਸਾਮ, ਕੇਰਲਾ, ਪੱਛਮੀ ਬੰਗਾਲ, ਤਾਮਿਲਨਾਡੂ ਅਤੇ ਪੁਡੂਚੇਰੀ ਵਰਗੇ ਰਾਜਾਂ ਤੱਕ ਪ੍ਰਭਾਵ ਪਾਉਣਗੇ। ਉਸ ਤੋਂ ਬਾਅਦ 2027 ਵਿੱਚ ਉੱਤਰ ਪ੍ਰਦੇਸ਼, ਗੁਜਰਾਤ, ਪੰਜਾਬ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਗੋਆ ਅਤੇ ਮਣੀਪੁਰ ਵਿੱਚ ਵੀ ਚੋਣਾਂ ਹੋਣਗੀਆਂ। ਐੱਨ.ਡੀ.ਏ. ਜਾਂ ਇੰਡੀਆ ਗਠਜੋੜ ਵਿੱਚੋਂ ਜਿਸ ਨੂੰ ਵੀ ਬਿਹਾਰ ਵਿੱਚ ਜਿੱਤ ਮਿਲੇਗੀ, ਉਹ ਗੱਠਜੋੜ ਰਾਸ਼ਟਰੀ ਪੱਧਰ ਉਪਰ ਆਪਣੀ ਹਵਾ ਬਣਾ ਸਕੇਗਾ। ਰਾਜਨੀਤਕ ਵਿਸ਼ਲੇਸ਼ਕਾਂ ਅਨੁਸਾਰ, ਬਿਹਾਰ ਦੇ ਨਤੀਜੇ ਭਾਜਪਾ ਅਤੇ ਆਰ.ਐੱਸ.ਐੱਸ. ਵਿਚਕਾਰ ਅੰਦਰੂਨੀ ਖਿਚੋਤਾਣ ਨੂੰ ਵੀ ਉਭਾਰਨਗੇ । ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਬੀਜੇਪੀ ਜਿੱਤੀ, ਤਾਂ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮਰਜ਼ੀ ਚੱਲੇਗੀ; ਨਹੀਂ ਤਾਂ ਆਰ.ਐੱਸ.ਐੱਸ. ਦੀ ਹੀ ਚੱਲੇਗੀ।

ਐੱਨ.ਡੀ.ਏ. ਅਤੇ ਮਹਾਂਗਠਜੋੜ ਵਿਚਕਾਰ ਸਿੱਧੀ ਲੜਾਈ ਹੈ, ਪਰ ਪ੍ਰਸ਼ਾਂਤ ਕਿਸ਼ੋਰ ਦੀ ਜਨ ਸਵਰਾਜ ਪਾਰਟੀ ਤੀਜਾ ਕੋਣ ਬਣਾ ਰਹੀ ਹੈ। ਇਸ ਵਾਰ ਦਲਿਤਾਂ ਦੇ ਵੋਟਾਂ ਨੂੰ ਲੈ ਕੇ ਵੀ ਵੱਡੀ ਰੱਸਾਕਸ਼ੀ ਹੋ ਰਹੀ ਹੈ, ਜਦਕਿ ਬੇਰੁਜ਼ਗਾਰੀ, ਪਲਾਇਣ ਅਤੇ ਸਮਾਜਿਕ ਨਿਆਂ ਵਰਗੇ ਮੁੱਦੇ ਚਰਚਾ ਦਾ ਕੇਂਦਰ ਬਣੇ ਹੋਏ ਹਨ।

ਬਿਹਾਰ ਵਿਧਾਨ ਸਭਾ ਚੋਣਾਂ ਲਈ ਐੱਨ.ਡੀ.ਏ. ਵਿੱਚ ਸੀਟ ਵੰਡ ਦੀ ਘੋਸ਼ਣਾ ਨੇ ਨੀਤੀਸ਼ ਲਈ ਵੱਡਾ ਝਟਕਾ ਦਿਤਾ ਹੈ, ਜਿਨ੍ਹਾਂ ਨੂੰ ਹਮੇਸ਼ਾ ਗਠਜੋੜ ਵਿੱਚ ਵੱਡੇ ਭਰਾ ਵਜੋਂ ਵੇਖਿਆ ਜਾਂਦਾ ਰਿਹਾ ਹੈ। ਨੀਤੀਸ਼ ਇਹ ਰੁਤਬਾ ਹੁਣ ਗਵਾ ਚੁਕੇ ਹਨ। ਪਿਛਲੇ ਦਿਨੀਂ ਹੋਈ ਇਸ ਘੋਸ਼ਣਾ ਨਾਲ ਭਾਜਪਾ ਨੇ ਮੁੱਖ ਮੰਤਰੀ ਨੀਤੀਸ਼ ਕੁਮਾਰ ਦੀ ਜਨਤਾ ਦਲ ਯੂਨਾਈਟਡ (ਜੇ.ਡੀ.ਯੂ.) ਨੂੰ ਬਰਾਬਰੀ ਦਾ ਸਥਾਨ ਦੇ ਦਿੱਤਾ ਹੈ - ਦੋਹਾਂ ਨੂੰ 101-101 ਸੀਟਾਂ ਮਿਲੀਆਂ ਹਨ। ਯਾਦ ਰਹੇ ਕਿ 2020 ਵਿੱਚ ਜੇਡੀਯੂ ਨੂੰ 115 ਅਤੇ ਭਾਜਪਾ ਨੂੰ 110 ਸੀਟਾਂ ਮਿਲੀਆਂ ਸਨ, ਪਰ ਹੁਣ ਭਾਜਪਾ ਨੇ ਨੀਤੀਸ਼ ਦੇ ਦਬਦਬੇ ਨੂੰ ਖਤਮ ਕਰਕੇ ਆਪਣੀ ਰਣਨੀਤਕ ਤਾਕਤ ਦਿਖਾ ਦਿੱਤੀ ਹੈ। ਇਸ ਨਾਲ ਚਿਰਾਗ ਪਾਸਵਾਨ ਵਰਗੇ ਛੋਟੇ ਨੇਤਾਵਾਂ ਨੂੰ ਵੀ ਵਧੇਰੇ ਸੀਟਾਂ ਮਿਲਣ ਕਾਰਨ ਗਠਜੋੜ ਵਿੱਚ ਨਵਾਂ ਸੰਤੁਲਨ ਬਣਿਆ ਹੈ। ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਨੂੰ 29, ਜੀਤਨ ਰਾਮ ਮਾਂਝੀ ਦੀ ਹਿੰਦੁਸਤਾਨੀ ਅਵਾਮ ਮੋਰਚਾ (ਐੱਚ.ਏ.ਐੱਮ.) ਨੂੰ 6 ਅਤੇ ਉਪੇਂਦਰ ਕੁਸ਼ਵਾਹਾ ਦੀ ਰਾਸ਼ਟਰੀਯ ਲੋਕ ਮੋਰਚਾ ਨੂੰ 6 ਸੀਟਾਂ ਦਿੱਤੀਆਂ ਗਈਆਂ। ਸਿਆਸੀ ਮਾਹਿਰਾਂ ਅਨੁਸਾਰ, ਇਹ ਝਟਕਾ ਨੀਤੀਸ਼ ਲਈ ਰਣਨੀਤਕ ਹੈ। 2020 ਵਿੱਚ ਜੇਡੀਯੂ ਨੇ 115 ਸੀਟਾਂ ਤੇ ਲੜ ਕੇ 43 ਜਿੱਤੀਆਂ ਸਨ, ਜਦਕਿ ਭਾਜਪਾ ਨੇ 110 ਤੇ ਲੜ ਕੇ 74 ਜਿੱਤੀਆਂ ਸਨ। ਜੇਡੀਯੂ ਦੀ ਵੋਟ ਸ਼ੇਅਰਿੰਗ 15.39% ਰਹੀ ਸੀ, ਜਦਕਿ ਭਾਜਪਾ ਦੀ 19.46% ਹੋ ਗਈ ਸੀ। ਭਾਜਪਾ ਨੇ ਸੀਟ ਵੰਡ ਰਾਹੀਂ ਸੰਦੇਸ਼ ਵੀ ਦਿੱਤਾ ਕਿ ਬਿਹਾਰ ਵਿੱਚ ਐੱਨ.ਡੀ.ਏ. ਦੀ ਸਰਕਾਰ ਦਾ ਅਰਥ ਹੈ ਭਾਜਪਾ ਦੀ ਅਗਵਾਈ ਵਾਲੀ ਸਰਕਾਰ। ਨੀਤੀਸ਼ ਨੂੰ ਇਹ ਝਟਕਾ ਉਸ ਵੇਲੇ ਲੱਗਾ ਜਦੋਂ ਉਹ ਆਪਣੀ ਪਾਰਟੀ ਵਿੱਚ ਧੜਿਆਂ ਨਾਲ ਜੂਝ ਰਹੇ ਹਨ - ਇੱਕ ਧੜਾ ਉਨ੍ਹਾਂ ਨਾਲ ਹੈ, ਪਰ ਦੂਜਾ ਭਾਜਪਾ ਵੱਲ ਵਧ ਰਿਹਾ ਹੈ। ਭਾਜਪਾ ਨੇ ਇਸ ਧੜੇ ਨੂੰ ਵਰਤ ਕੇ ਨੀਤੀਸ਼ ਨੂੰ ਰਾਜ਼ੀ ਕੀਤਾ। ਇਹ ਵੰਡ ਨੀਤੀਸ਼ ਦੇ 20 ਸਾਲਾਂ ਦੇ ਰਾਜ ਦੇ ਅੰਤ ਦੀ ਸ਼ੁਰੂਆਤ ਵਜੋਂ ਵੇਖੀ ਜਾ ਰਹੀ ਹੈ।

ਵਿਸ਼ਲੇਸ਼ਕ ਕਹਿੰਦੇ ਹਨ ਕਿ ਨੀਤੀਸ਼ ਦਾ ਬੁਰਾ ਵਕਤ ਚੱਲ ਰਿਹਾ ਹੈ - ਉਨ੍ਹਾਂ ਦੀ ਪਾਰਟੀ ਦੀ ਜਿੱਤ ਦਰ ਘਟੀ ਹੈ ਅਤੇ ਵੋਟਾਂ ਵੀ ਖਿਸਕ ਰਹੀਆਂ ਹਨ। ਭਾਜਪਾ ਨੇ ਇਸ ਅਵਸਰ ਨੂੰ ਫਾਇਦੇ ਵਿੱਚ ਬਦਲਿਆ ਅਤੇ ਆਪਣੇ ਕਾਰਕੁਨਾਂ ਨੂੰ ਸੰਦੇਸ਼ ਦਿੱਤਾ ਕਿ ਨੀਤੀਸ਼ ਦਾ ਜ਼ਮਾਨਾ ਖਤਮ ਹੋ ਗਿਆ। ਇਸ ਨਾਲ ਜੇਡੀਯੂ ਦੇ ਕਾਰਕੁਨਾਂ ਵਿੱਚ ਨਿਰਾਸ਼ਾ ਹੈ, ਜੋ ਮਨੋਵਿਗਿਆਨਕ ਤੌਰ ਤੇ ਪਾਰਟੀ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇਸ ਤੋਂ ਇਲਾਵਾ, ਐੱਨ.ਡੀ.ਏ. ਵਿੱਚ ਛੋਟੀਆਂ ਪਾਰਟੀਆਂ ਨੂੰ ਵੀ ਘਟਾਇਆ ਗਿਆ। ਜੀਤਨ ਰਾਮ ਮਾਂਝੀ ਦੀ ਐੱਚ.ਏ.ਐੱਮ. ਨੂੰ 2020 ਵਿੱਚ 7 ਸੀਟਾਂ ਮਿਲੀਆਂ ਸਨ (ਜਿਨ੍ਹਾਂ ਵਿੱਚੋਂ 4 ਜਿੱਤੀਆਂ), ਪਰ ਹੁਣ ਸਿਰਫ਼ 6। ਇਹ ਵੀ ਨੀਤੀਸ਼ ਦੇ ਨੇੜਲੇ ਨੇਤਾ ਨੂੰ ਵਡੀ ਠੋਕਰ ਹੈ। ਉਪੇਂਦਰ ਕੁਸ਼ਵਾਹਾ ਨੂੰ ਵਾਪਸ ਲੈ ਕੇ ਭਾਜਪਾ ਨੇ ਆਪਣੀ ਰਣਨੀਤੀ ਮਜ਼ਬੂਤ ਕੀਤੀ, ਜੋ ਪਹਿਲਾਂ ਵਿਰੋਧੀ ਗਠਜੋੜ ਵਿੱਚ ਸਨ ਅਤੇ 104 ਸੀਟਾਂ 'ਤੇ ਲੜ ਕੇ ਵੀ ਖਾਤਾ ਨਹੀਂ ਖੋਲ੍ਹ ਸਕੇ।

ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਨੂੰ 29 ਸੀਟਾਂ ਮਿਲਣ ਨਾਲ ਉਨ੍ਹਾਂ ਦੀ ਸਥਿਤੀ ਮਜ਼ਬੂਤ ਹੋ ਗਈ ਹੈ। 2020 ਵਿੱਚ ਚਿਰਾਗ ਨੇ ਐੱਨ.ਡੀ.ਏ. ਤੋਂ ਵੱਖ ਹੋ ਕੇ 135 ਸੀਟਾਂ ਤੇ ਲੜੇ ਅਤੇ ਸਿਰਫ਼ ਇੱਕ ਜਿੱਤੀ, ਪਰ ਉਨ੍ਹਾਂ ਦੇ ਉਮੀਦਵਾਰਾਂ ਨੇ ਨੀਤੀਸ਼ ਦੇ 30 ਤੋਂ ਵੱਧ ਉਮੀਦਵਾਰਾਂ ਨੂੰ ਹਰਾਇਆ। ਇਹ 'ਨੀਤੀਸ਼ ਵਿਰੋਧੀ' ਰਣਨੀਤੀ ਸੀ, ਜਿਸ ਨਾਲ ਜੇ.ਡੀ.ਯੂ. ਨੂੰ ਵੱਡਾ ਨੁਕਸਾਨ ਹੋਇਆ ਸੀ। ਹੁਣ ਚਿਰਾਗ ਦੀ ਵਾਪਸੀ ਨਾਲ ਭਾਜਪਾ ਨੇ ਉਨ੍ਹਾਂ ਨੂੰ 29 ਸੀਟਾਂ ਦੇ ਕੇ ਖੁਸ਼ ਰੱਖਿਆ, ਪਰ ਇਹ ਨੀਤੀਸ਼ ਲਈ ਚੁਣੌਤੀ ਹੈ।

ਮਹਾਂਗਠਜੋੜ ਵਿੱਚ ਵੀ ਸੀਟਾਂ ਨੂੰ ਲੈ ਕੇ ਖਿਚੋਤਾਣ ਹੈ। ਕਾਂਗਰਸ ਵੱਧ ਸੀਟਾਂ ਮੰਗ ਰਹੀ ਹੈ। ਕਾਂਗਰਸ ਨੇ ਆਪਣੇ ਸਭ ਤੋਂ ਮਜ਼ਬੂਤ ਇਲਾਕਿਆਂ ਵਿੱਚ 25 ਉਮੀਦਵਾਰਾਂ ਦੇ ਨਾਂ ਤੈਅ ਕਰ ਲਏ ਹਨ। ਭਾਰਤੀ ਕਮਿਊਨਿਸਟ ਪਾਰਟੀ ਨੇ ਵੀ 40 ਸੀਟਾਂ 'ਤੇ ਦਾਅਵਾ ਠੋਕਿਆ ਹੈ। ਪਿਛਲੀ ਵਾਰ ਉਹਨਾਂ ਨੇ 19 ਵਿੱਚੋਂ 12 ਸੀਟਾਂ ਜਿੱਤੀਆਂ ਸਨ। ਵਿਕਾਸ਼ੀਲ ਇਨਸਾਨ ਪਾਰਟੀ ਨੇ ਵੀ 30 ਸੀਟਾਂ ਮੰਗੀਆਂ ਹਨ।

ਪ੍ਰਸ਼ਾਂਤ ਕਿਸ਼ੋਰ ਦੀ ਜਨ ਸਵਰਾਜ ਪਾਰਟੀ ਇੱਕ ਨਵਾਂ ਰੰਗ ਭਰ ਰਹੀ ਹੈ। ਪਿਛਲੇ ਦੋ ਸਾਲਾਂ ਵਿੱਚ ਉਹਨਾਂ ਨੇ ਬਿਹਾਰ ਬਦਲਾਅ ਯਾਤਰਾ ਕੀਤੀ, ਜਿਸ ਵਿੱਚ 5000 ਕਿਲੋਮੀਟਰ ਤੋਂ ਵੱਧ ਚੱਲ ਕੇ 5500 ਪਿੰਡਾਂ ਤਕ ਪਹੁੰਚ ਕੀਤੀ ਹੈ। ਉਹਨਾਂ ਨੇ 9 ਅਕਤੂਬਰ ਨੂੰ ਪਹਿਲੀ ਸੂਚੀ ਜਾਰੀ ਕੀਤੀ, ਜਿਸ ਵਿੱਚ 51 ਉਮੀਦਵਾਰ ਸਨ। ਕਿਸ਼ੋਰ ਨੌਜਵਾਨਾਂ ਨੂੰ ਪ੍ਰਭਾਵਿਤ ਕਰ ਰਹੇ ਹਨ ਅਤੇ ਸ਼ਾਸਨ, ਸਿੱਖਿਆ ਅਤੇ ਸਾਫ਼ ਰਾਜਨੀਤੀ ਤੇ ਜ਼ੋਰ ਦੇ ਰਹੇ ਹਨ। ਵਿਸ਼ਲੇਸ਼ਕਾਂ ਅਨੁਸਾਰ, ਉਹ ਮੁੱਖ ਤੌਰ 'ਤੇ ਮਹਾਂਗਠਜੋੜ ਨੂੰ ਨੁਕਸਾਨ ਪਹੁੰਚਾਉਣਗੇ।

ਇਸ ਵਾਰ ਦੇ ਮੁੱਖ ਮੁੱਦੇ ਬਹੁਤ ਡੂੰਘੇ ਹਨ। ਬਿਹਾਰ ਅੱਜ ਵੀ ਦੇਸ਼ ਦਾ ਪਛੜਿਆ ਰਾਜ ਹੈ। ਪ੍ਰਤੀ ਵਿਅਕਤੀ ਆਮਦਨੀ ਸਭ ਤੋਂ ਘੱਟ ਹੈ, ਅਨਪੜ੍ਹਾਂ ਦੀ ਗਿਣਤੀ ਸਭ ਤੋਂ ਵੱਧ ਹੈ ਅਤੇ ਸਿਹਤ ਸਹੂਲਤਾਂ ਖਸਤਾ ਹਾਲਤ ਵਿੱਚ ਹਨ। ਉਦਯੋਗ ਨਿਘਾਰ ਵਲ ਹਨ ਅਤੇ ਪੁਰਾਣੇ ਚੀਨੀ ਕਾਰਖਾਨੇ ਵੀ ਬੰਦ ਪਏ ਹਨ। ਬਿਹਾਰ ਵਿੱਚ ਸਿੱਖਿਆ ਅਤੇ ਨੌਕਰੀਆਂ ਦੇ ਮੌਕੇ ਘੱਟ ਹਨ। ਇਸ ਕਾਰਨ ਬਿਹਾਰ ਤੋਂ ਪਲਾਇਣ ਸਭ ਤੋਂ ਵੱਧ ਹੈ। ਵਿਦਿਆਰਥੀ ਦਿੱਲੀ ਅਤੇ ਹੋਰ ਵਿਸ਼ਵਵਿਦਿਆਲਿਆਂ ਵੱਲ ਭੱਜ ਰਹੇ ਹਨ, ਜਦਕਿ ਨੌਕਰੀਆਂ ਲਈ ਪੰਜਾਬ ਤੋਂ ਲੈ ਕੇ ਮਹਾਰਾਸ਼ਟਰ ਅਤੇ ਤਾਮਿਲਨਾਡੂ ਤੱਕ ਜਾ ਰਹੇ ਹਨ। ਪ੍ਰਸ਼ਾਂਤ ਕਿਸ਼ੋਰ ਵੀ ਇਹਨਾਂ ਮੁੱਦਿਆਂ ਨੂੰ ਉਠਾ ਕੇ ਨੌਜਵਾਨਾਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹਨਾਂ ਮੁੱਦਿਆਂ ਨੂੰ ਚੋਣਾਂ ਵਿੱਚ ਵੱਡਾ ਮੁੱਦਾ ਬਣਨ ਤੋਂ ਰੋਕਣ ਲਈ ਮੋਦੀ ਸਰਕਾਰ ਦੀ ਮਦਦ ਨਾਲ ਨਿਤੀਸ਼ ਕੁਮਾਰ ਨੇ ਖਜ਼ਾਨਾ ਖੋਲ੍ਹ ਦਿੱਤਾ ਹੈ। ਔਰਤਾਂ ਦੇ ਖਾਤਿਆਂ ਵਿੱਚ ਦਸ ਹਜ਼ਾਰ ਰੁਪਏ ਤੋਂ ਲੈ ਕੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਭੱਤਾ, ਕਿਸਾਨਾਂ ਨੂੰ ਪੈਸੇ ਅਤੇ ਬਜ਼ੁਰਗਾਂ ਨੂੰ ਪੈਨਸ਼ਨ ਤੱਕ ਵੰਡੀ ਜਾ ਰਹੀ ਹੈ। ਵਿਰੋਧੀ ਧਿਰ ਇਸ ਨੂੰ ਸਰਕਾਰੀ ਪੈਸੇ ਨਾਲ ਵੋਟ ਖਰੀਦਣ ਦੀ ਕੋਸ਼ਿਸ਼ ਕਹਿ ਰਹੀ ਹੈ।

ਬੀ.ਜੇ.ਪੀ. ਨੂੰ ਇਸ ਵਾਰ ਦਲਿਤ ਅਤੇ ਪਿੱਛੜੇ ਵਰਗਾਂ ਦੇ ਮੁੱਦੇ ਭਾਰੀ ਪੈਣਗੇ। ਬਿਹਾਰ ਵਿੱਚ ਦਲਿਤ 19.65 ਫੀਸਦੀ ਹਨ ਅਤੇ ਉਹਨਾਂ ਦੇ ਵੋਟ ਬੀ.ਜੇ.ਪੀ. ਲਈ ਚੁਣੌਤੀ ਹਨ। ਕੌਮੀ ਪਰਿਵਾਰ ਸਿਹਤ ਸਰਵੇਖਣ-5 ਦੇ ਅੰਕੜਿਆਂ ਮੁਤਾਬਕ ਦਲਿਤ ਭਾਈਚਾਰੇ ਵਿੱਚ ਬੱਚਾ ਮੌਤ ਦਰ (ਇੱਕ ਹਜ਼ਾਰ ਪਿੱਛੇ 55), ਜੱਚਾ ਮੌਤ ਦਰ (ਇੱਕ ਲੱਖ ਪਿੱਛੇ 130) ਅਤੇ ਕੁਪੋਸ਼ਣ ਦਰ ਹੋਰਨਾਂ ਭਾਈਚਾਰਿਆਂ ਦੀ ਤੁਲਨਾ ਵਿੱਚ ਵਧੇਰੇ ਹੈ। 49 ਫੀਸਦੀ ਦਲਿਤ ਬੱਚੇ ਬੌਣੇ ਤੇ 47.9 ਫੀਸਦੀ ਘੱਟ ਵਜ਼ਨ ਵਾਲੇ ਹੁੰਦੇ ਹਨ। ਬਿਹਾਰ ਵਿੱਚ ਦਲਿਤਾਂ ਦੀ ਗਰੀਬੀ ਦਾ ਪ੍ਰਮੁੱਖ ਕਾਰਨ ਉਨ੍ਹਾਂ ਕੋਲ ਜ਼ਮੀਨ ਨਾ ਹੋਣਾ ਹੈ। ਸੂਬੇ ਦੀ 19.65 ਫੀਸਦੀ ਦਲਿਤ ਆਬਾਦੀ ਕੋਲ ਸਿਰਫ 11.67 ਫੀਸਦੀ ਖੇਤੀ ਯੋਗ ਜ਼ਮੀਨ ਹੈ। 84 ਫੀਸਦੀ ਤੋਂ ਵੱਧ ਦਲਿਤ ਪਰਵਾਰ ਬੇਜ਼ਮੀਨੇ ਹਨ ਅਤੇ ਜਿਨ੍ਹਾਂ ਕੋਲ ਜ਼ਮੀਨ ਹੈ, ਉਹ ਔਸਤਨ ਅੱਧੇ ਏਕੜ ਤੋਂ ਵੀ ਘੱਟ ਹੈ। ਦਲਿਤ ਪਰਿਵਾਰਾਂ ਦੀ ਔਸਤ ਪ੍ਰਤੀ ਵਿਅਕਤੀ ਮਾਸਕ ਆਮਦਨ 6480 ਰੁਪਏ ਹੈ, ਜੋ ਸੂਬੇ ਦੀ ਔਸਤ ਨਾਲੋਂ 40 ਫੀਸਦੀ ਘੱਟ ਹੈ। ਬਿਹਾਰ ਦਾ ਬਜਟ ਵੀ ਇਨ੍ਹਾਂ ਨਾਲ ਘੋਰ ਵਿਤਕਰਾ ਕਰਦਾ ਹੈ। 2013-14 ਵਿੱਚ ਕੁੱਲ ਬਜਟ 80,405 ਕਰੋੜ ਰੁਪਏ ਸੀ, ਜੋ 2025-26 ਵਿੱਚ ਵਧ ਕੇ 3,16,895 ਕਰੋੜ ਰੁਪਏ ਹੋ ਗਿਆ।

(ਬਾਕੀ ਸਫ਼ਾ 26 'ਤੇ)

# ਜ਼ੈੱਨ ਜ਼ੀ ਦੇ ਰੋਹ ਨਾਲ ਆਰ.ਐਸ.ਐਸ. ਦੀ ਘਬਰਾਹਟ: ਨੇਪਾਲ ਅੰਦੋਲਨ ਨੂੰ ਅਰਾਜਕ ਕਿਉਂ ਕਿਹਾ ?


## ਮੋਹਨ ਭਾਗਵਤ ਦਾ ਡਰ: ਕੀ ਨੌਜਵਾਨ ਸੜਕਾਂ 'ਤੇ ਉੱਤਰਨਗੇ ?

## ਨੇਪਾਲ ਤੋਂ ਲੱਦਾਖ ਤੱਕ: ਜ਼ੈੱਨ ਜ਼ੀ ਅੰਦੋਲਨ ਨਾਲ ਭਾਜਪਾ 'ਤੇ ਸੰਕਟ ਛਾਇਆ

ਰਾਸ਼ਟਰੀ ਸਵਯੰਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਦੇ ਦੁਸਹਿਰੇ ਵਾਲੇ ਦਿਨ ਨਾਗਪੁਰ ਵਿੱਚ ਦਿੱਤੇ ਸਾਲਾਨਾ ਭਾਸ਼ਣ ਨੇ ਸਿਆਸੀ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਸੀ। ਭਾਗਵਤ ਨੇ ਆਪਣੇ ਭਾਸ਼ਣ ਵਿੱਚ ਨੇਪਾਲ ਦੇ ਹਾਲੀਆ ਜ਼ੈੱਨ ਜ਼ੀ (ਨੌਜਵਾਨ ਪੀੜ੍ਹੀ) ਅੰਦੋਲਨ ਨੂੰ 'ਅਰਾਜਕ' ਕਰਾਰ ਦਿੱਤਾ ਅਤੇ ਇਸ ਦੀ ਸਖ਼ਤ ਨਿੰਦਾ ਕੀਤੀ। ਪਰ ਸਵਾਲ ਇਹ ਉੱਠਦਾ ਹੈ ਕਿ ਇੱਕ ਸਫਲ ਜਮਹੂਰੀ ਅੰਦੋਲਨ ਨੂੰ ਅਰਾਜਕ ਕਹਿਣ ਪਿੱਛੇ ਭਾਗਵਤ ਦੀ ਮਜਬੂਰੀ ਕੀ ਹੈ ? ਕੀ ਉਹਨਾਂ ਨੂੰ ਭਾਰਤ ਦੇ ਨੌਜਵਾਨਾਂ ਦੇ ਰੋਹ ਅਤੇ ਆਉਣ ਵਾਲੀਆਂ ਅਸੈਂਬਲੀ ਚੋਣਾਂ ਵਿੱਚ ਭਾਜਪਾ ਨੂੰ ਜ਼ੈੱਨ ਜ਼ੀ ਤੋਂ ਮਿਲਣ ਵਾਲੀ ਚੁਣੌਤੀ ਦਾ ਡਰ ਸਤਾ ਰਿਹਾ ਹੈ ?

ਨੇਪਾਲ ਵਿੱਚ ਜ਼ੈੱਨ ਜ਼ੀ ਨੇ ਸਿਆਸੀ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਸੱਤਾ ਦੇ ਦੁਰਉਪਯੋਗ ਖ਼ਿਲਾਫ਼ ਸੜਕਾਂ 'ਤੇ ਉੱਤਰ ਕੇ ਵੱਡੀ ਸਿਆਸੀ ਪਰਿਵਰਤਨ ਦੀ ਚੰਗਿਆੜੀ ਸੁਲਗਾਈ ਸੀ। ਇਸ ਅੰਦੋਲਨ ਵਿੱਚ ਘੱਟੋ-ਘੱਟ 76 ਨੇਪਾਲੀ ਨਾਗਰਿਕਾਂ ਨੇ ਆਪਣੀ ਜਾਨ ਦੀ ਕੁਰਬਾਨੀ ਦਿੱਤੀ, ਜਿਸ ਨੇ ਨੇਪਾਲ ਦੀ ਸਿਆਸੀ ਤਸਵੀਰ ਬਦਲ ਦਿੱਤੀ। ਪਰ ਭਾਗਵਤ ਨੇ ਇਸ ਅੰਦੋਲਨ ਨੂੰ ਅਰਾਜਕ ਦੱਸ ਕੇ ਨਾ ਸਿਰਫ਼ ਇਸ ਦੀ ਮਹੱਤਤਾ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ, ਸਗੋਂ ਇਹ ਸੰਕੇਤ ਵੀ ਦਿੱਤਾ ਕਿ ਉਹਨਾਂ ਨੂੰ ਅਜਿਹੇ ਅੰਦੋਲਨਾਂ ਦਾ ਭਾਰਤ ਵਿੱਚ ਫੈਲਣ ਦਾ ਖ਼ਦਸ਼ਾ ਹੈ।

ਮੋਹਨ ਭਾਗਵਤ ਦਾ ਇਹ ਬਿਆਨ ਬਿਹਾਰ, ਪੱਛਮੀ ਬੰਗਾਲ, ਆਸਾਮ, ਤਾਮਿਲਨਾਡੂ ਅਤੇ ਕੇਰਲਾ ਦੀਆਂ ਅਸੈਂਬਲੀ ਚੋਣਾਂ ਦੇ ਮੱਦੇਨਜ਼ਰ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਇਨ੍ਹਾਂ ਸੂਬਿਆਂ ਵਿੱਚ ਨੌਜਵਾਨ ਵੋਟਰਾਂ ਦੀ ਵੱਡੀ ਗਿਣਤੀ ਹੈ, ਜੋ ਰੁਜ਼ਗਾਰ, ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੇ ਮੁੱਦਿਆਂ 'ਤੇ ਸਰਕਾਰ ਨੂੰ ਸਵਾਲ ਕਰ ਰਹੇ ਹਨ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਬਹੁਮਤ ਨਾ ਮਿਲਣਾ ਇਸ ਗੱਲ ਦਾ ਸਬੂਤ ਹੈ ਕਿ ਲੋਕ, ਖ਼ਾਸਕਰ ਨੌਜਵਾਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਅਤੇ ਅਮਿਤ ਸ਼ਾਹ ਦੀ ਗ਼ੈਰ-ਜਮਹੂਰੀ ਕਾਰਜਸ਼ੈਲੀ ਤੋਂ ਨਾਰਾਜ਼ ਹਨ।



ਭਾਗਵਤ ਦੇ ਬਿਆਨ ਨੂੰ ਲੱਦਾਖ ਦੇ ਜ਼ੈੱਨ ਜ਼ੀ ਅੰਦੋਲਨ ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ। ਲੱਦਾਖ ਵਿੱਚ ਜਲਵਾਯੂ ਕਾਰਕੁੰਨ ਸੋਨਮ ਵਾਂਗਚੁੱਕ ਦੀ ਗ੍ਰਿਫਤਾਰੀ ਨੇ ਪੂਰੇ ਦੇਸ਼ ਵਿੱਚ ਵਿਰੋਧ ਦੀ ਲਹਿਰ ਪੈਦਾ ਕੀਤੀ। ਲੱਦਾਖ ਦੇ ਨੌਜਵਾਨ ਵਾਤਾਵਰਣ ਸੁਰੱਖਿਆ, ਸਥਾਨਕ ਅਧਿਕਾਰਾਂ ਅਤੇ ਰੁਜ਼ਗਾਰ ਦੀ ਮੰਗ ਲਈ ਸੰਘਰਸ਼ ਕਰ ਰਹੇ ਹਨ, ਜੋ ਨੇਪਾਲ ਦੇ ਅੰਦੋਲਨ ਨਾਲ ਮਿਲਦਾ-ਜੁਲਦਾ ਹੈ। ਭਾਗਵਤ ਨੂੰ ਡਰ ਹੈ ਕਿ ਇਹ ਅੰਦੋਲਨ ਭਾਰਤ ਦੇ ਹੋਰ ਹਿੱਸਿਆਂ ਵਿੱਚ ਵੀ ਫੈਲ ਸਕਦੇ ਹਨ, ਜਿਸ ਨਾਲ ਭਾਜਪਾ ਅਤੇ ਆਰਐੱਸਐੱਸ ਦੀ ਸਿਆਸੀ ਜ਼ਮੀਨ ਖਿਸਕ ਸਕਦੀ ਹੈ।

ਭਾਗਵਤ ਨੂੰ ਇਹ ਵੀ ਪਤਾ ਹੈ ਕਿ ਨੌਜਵਾਨਾਂ ਨੂੰ 'ਆਈ ਲਵ ਮੁਹੰਮਦ', 'ਰਾਮ ਆਏਂਗੇ' ਜਾਂ 'ਕਾਸ਼ੀ ਵਿਸ਼ਵਨਾਥ ਲੈ ਕੇ ਰਹਾਂਗੇ' ਵਰਗੇ ਫਿਰਕੂ ਨਾਅਰਿਆਂ ਵਿੱਚ ਜ਼ਿਆਦਾ ਦੇਰ ਤੱਕ ਉਲਝਾਈ ਨਹੀਂ ਰੱਖਿਆ ਜਾ ਸਕਦਾ। ਅੱਜ ਦਾ ਨੌਜਵਾਨ ਰੁਜ਼ਗਾਰ, ਬਰਾਬਰੀ, ਸਿੱਖਿਆ ਅਤੇ ਪ੍ਰਗਟਾਵੇ ਦੀ ਆਜ਼ਾਦੀ ਵਰਗੇ ਮੁੱਦਿਆਂ 'ਤੇ ਗੱਲ ਕਰਨਾ ਚਾਹੁੰਦਾ ਹੈ। ਜੇਕਰ ਸਰਕਾਰ ਇਨ੍ਹਾਂ ਮੁੱਦਿਆਂ 'ਤੇ ਧਿਆਨ ਨਾ ਦੇਵੇਗੀ, ਤਾਂ ਨੌਜਵਾਨ ਸੜਕਾਂ 'ਤੇ ਉੱਤਰਣ ਲਈ ਮਜਬੂਰ ਹੋਣਗੇ।

**ਸਰਕਾਰੀ ਦਮਨ ਦੀ ਤਿਆਰੀ ?:**

ਭਾਗਵਤ ਦਾ ਬਿਆਨ ਜਲਵਾਯੂ ਕਾਰਕੁੰਨ ਸੋਨਮ ਵਾਂਗਚੁੱਕ ਦੀ ਗ੍ਰਿਫਤਾਰੀ ਖ਼ਿਲਾਫ਼ ਦੇਸ਼ ਭਰ ਵਿੱਚ ਹੋ ਰਹੇ ਵਿਰੋਧ ਨੂੰ ਦਬਾਉਣ ਦੀ ਸਰਕਾਰੀ ਨੀਤੀ ਦਾ ਸੰਕੇਤ ਵੀ ਮੰਨਿਆ ਜਾ ਰਿਹਾ ਹੈ। ਨੇਪਾਲ ਅਤੇ ਲੱਦਾਖ ਦੇ ਅੰਦੋਲਨਾਂ ਵਿੱਚ ਸਮਾਨਤਾਵਾਂ ਨੇ ਸਰਕਾਰ ਅਤੇ ਆਰ.ਐਸ.ਐਸ. ਨੂੰ ਘਬਰਾਹਟ ਵਿੱਚ ਪਾ ਦਿੱਤਾ ਹੈ। ਭਾਗਵਤ ਦਾ ਜ਼ੈੱਨ ਜ਼ੀ ਅੰਦੋਲਨ ਨੂੰ ਅਰਾਜਕ ਦੱਸਣਾ ਨਾ ਸਿਰਫ਼ ਇਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ, ਸਗੋਂ ਅਜਿਹੇ ਅੰਦੋਲਨਾਂ ਨੂੰ ਕੁਚਲਣ ਦੀ ਚਿਤਾਵਨੀ ਵੀ ਹੈ।

**ਭਵਿੱਖ ਦੀਆਂ ਚੁਣੌਤੀਆਂ:**

ਭਾਰਤ ਦੇ ਨੌਜਵਾਨ ਅੱਜ ਸਿਰਫ਼ ਧਾਰਮਿਕ ਜਾਂ ਫਿਰਕੂ ਮੁੱਦਿਆਂ 'ਤੇ ਨਹੀਂ, ਸਗੋਂ ਆਰਥਿਕ ਅਤੇ ਸਮਾਜਿਕ ਨਿਆਂ 'ਤੇ ਅਧਾਰਤ ਸੰਘਰਸ਼ ਲਈ ਤਿਆਰ ਹਨ। ਭਾਗਵਤ ਦਾ ਡਰ ਸਾਫ਼ ਜ਼ਾਹਰ ਹੈ ਕਿ ਜੇ ਨੌਜਵਾਨ ਰੁਜ਼ਗਾਰ, ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਮੰਗ ਲਈ ਲਾਮਬੰਦ ਹੋ ਗਏ, ਤਾਂ ਆਰ.ਐਸ.ਐਸ. ਅਤੇ ਭਾਜਪਾ ਦੀ ਸਿਆਸੀ ਰਣਨੀਤੀ ਨੂੰ ਵੱਡਾ ਝਟਕਾ ਲੱਗ ਸਕਦਾ ਹੈ। ਇਸ ਲਈ ਭਾਗਵਤ ਦਾ ਇਹ ਬਿਆਨ ਸਿਰਫ਼ ਨੇਪਾਲ ਦੇ ਅੰਦੋਲਨ ਦੀ ਨਿੰਦਾ ਨਹੀਂ, ਸਗੋਂ ਭਾਰਤ ਵਿੱਚ ਅਜਿਹੇ ਸੰਭਾਵੀ ਅੰਦੋਲਨਾਂ ਨੂੰ ਰੋਕਣ ਦੀ ਇੱਕ ਸਿਆਸੀ ਚਾਲ ਵੀ ਮੰਨਿਆ ਜਾ ਰਿਹਾ ਹੈ।

# ਬ੍ਰਿਟੇਨ: 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਦੀ ਮੰਗ

## ਲੰਡਨ 'ਚ ਸਿੱਖ ਭਾਈਚਾਰੇ ਨੇ ਯੂ.ਕੇ. ਸਰਕਾਰ ਨੂੰ ਮੰਗ ਪੱਤਰ ਦਿੱਤਾ



ਲੰਡਨ/ਏ.ਟੀ.ਨਿਊਜ਼: ਭਾਰਤ ਵਿੱਚ ਕਾਂਗਰਸ ਸਰਕਾਰ ਸਮੇਂ ਹੋਏ ਸਿੱਖ ਵਿਰੋਧੀ ਹਿੰਸਾ ਦੇ ਜ਼ਖ਼ਮ 41 ਸਾਲ ਬੀਤ ਜਾਣ ਤੋਂ ਬਾਅਦ ਵੀ ਅੱਲੇ ਹਨ। ਭਾਰਤ ਵਿੱਚ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਲਈ ਸਿੱਖਸ ਫਾਰ ਜਸਟਿਸ ਯੂ.ਕੇ. ਅਤੇ ਵਿਆਪਕ ਸਿੱਖ ਭਾਈਚਾਰੇ ਵੱਲੋਂ ਯੂ.ਕੇ. ਦੇ ਪ੍ਰਧਾਨ ਮੰਤਰੀ ਦੇ ਨਿਵਾਸ ਸਥਾਨ 10 ਡਾਊਨਿੰਗ ਸਟ੍ਰੀਟ ਵਿੱਚ ਇਕੱਠੇ ਹੋ ਕੇ ਇੱਕ ਮੰਗ ਪੱਤਰ ਦਿੱਤਾ ਗਿਆ।

ਇਹ ਮੰਗ ਪੱਤਰ ਪ੍ਰਧਾਨ ਮੰਤਰੀ ਨਿਵਾਸ 'ਤੇ ਸਿੱਖਸ ਫਾਰ ਜਸਟਿਸ ਯੂ.ਕੇ. ਦੇ ਕਾਰਕੁੰਨਾਂ ਗੁਰਚਰਨ ਸਿੰਘ, ਮੰਗਲ ਸਿੰਘ, ਜਸਬੀਰ ਸਿੰਘ ਘੁੰਮਣ ਤੇ ਹੋਰ ਸਾਥੀਆਂ ਨੇ ਯੂ.ਕੇ. ਦੇ ਕਿੰਗ ਚਾਰਲਸ ਦੀ ਸਰਕਾਰ ਨੂੰ ਸੌਂਪਿਆ। ਉਨ੍ਹਾਂ ਕਿਹਾ ਕਿ ਨਵੰਬਰ 1984 ਦੌਰਾਨ ਭਾਰਤ ਵਿੱਚ ਸਿੱਖਾਂ ਉੱਤੇ ਹੋਏ ਅੱਤਿਆਚਾਰਾਂ ਨੂੰ ਨਸਲਕੁਸ਼ੀ ਵਜੋਂ ਰਸਮੀ ਤੌਰ 'ਤੇ ਮਾਨਤਾ ਦਿੱਤੀ ਜਾਵੇ।

ਉਨ੍ਹਾਂ ਨੇ ਮੰਗ ਪੱਤਰ ਵਿੱਚ ਕਿਹਾ ਕਿ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹਜ਼ਾਰਾਂ ਨਿਰਦੋਸ਼ ਸਿੱਖਾਂ ਨੂੰ ਪੂਰੇ ਭਾਰਤ ਵਿੱਚ ਯੋਜਨਾਬੱਧ ਢੰਗ ਨਾਲ ਨਿਸ਼ਾਨਾ ਬਣਾਇਆ ਗਿਆ ਤੇ ਬੇਰਹਿਮੀ ਨਾਲ ਕਤਲ ਕੀਤਾ ਗਿਆ। ਇਸ ਕਤਲੇਆਮ ਵਿੱਚ ਬਚੇ ਹੋਏ ਲੋਕਾਂ, ਪੱਤਰਕਾਰਾਂ, ਮਨੁੱਖੀ ਅਧਿਕਾਰਾਂ ਦੀਆਂ ਸੰਸਥਾਵਾਂ ਅਤੇ ਸੁਤੰਤਰ ਪੁੱਛਗਿੱਛਾਂ ਦੇ ਸਬੂਤਾਂ ਨੇ ਸ਼ੱਕ ਤੋਂ ਪਰੇ ਇਹ ਸਾਬਤ ਕੀਤਾ ਹੈ ਕਿ ਇਹ ਅੱਤਿਆਚਾਰ ਨਾ ਤਾਂ ਆਪੋ-ਆਪਣੇ ਸਨ ਅਤੇ ਨਾ ਹੀ ਅਲੱਗ-ਥਲੱਗ ਸਨ। ਇਸ ਦੀ ਬਜਾਏ ਉਨ੍ਹਾਂ ਨੂੰ ਸੰਗਠਿਤ ਕੀਤਾ ਗਿਆ, ਕਤਲੇਆਮ ਰਾਜਨੀਤਿਕ ਨੇਤਾਵਾਂ, ਕਾਨੂੰਨ ਲਾਗੂ ਕਰਨ ਵਾਲੇ ਅਤੇ ਸਰਕਾਰੀ ਤੰਤਰ ਦੀ ਸ਼ਮੂਲੀਅਤ ਅਤੇ ਸਰਗਰਮ ਭਾਗੀਦਾਰੀ ਨਾਲ ਕੀਤੇ ਗਏ। ਆਗੂਆਂ ਨੇ ਕਿਹਾ ਕਿ 1984-1994 ਦਰਮਿਆਨ ਨਵੀਂ ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ 30,000 ਤੋਂ ਵੱਧ ਸਿੱਖ ਮਾਰੇ ਗਏ। ਨਵੰਬਰ 1984 ਹਿੰਸਾ ਦੇ ਸਭ ਤੋਂ ਕੇਂਦ੍ਰਿਤ ਦੌਰ ਨੂੰ ਦਰਸਾਉਂਦਾ ਹੈ ਅਤੇ ਬਲਾਤਕਾਰ, ਅੱਗਜ਼ਨੀ ਅਤੇ ਜਬਰੀ ਉਜਾੜੇ ਦੀਆਂ ਵਿਆਪਕ ਘਟਨਾਵਾਂ ਨਿਸ਼ਾਨਾ ਬਣਾਏ ਖੇਤਰਾਂ ਵਿੱਚ ਸਿੱਖ ਭਾਈਚਾਰੇ ਦੀ ਹੋਂਦ ਨੂੰ ਤਬਾਹ ਕਰਨ ਲਈ ਤਿਆਰ ਕੀਤੀਆਂ ਗਈਆਂ ਸਨ।

(ਬਾਕੀ ਸਫ਼ਾ 26 'ਤੇ)

# ਨਿਊਯਾਰਕ 'ਚ ਤੀਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਸੰਪੰਨ

## ਚੈਂਪੀਅਨਸ਼ਿਪ ਵਿੱਚ ਵੱਖ-ਵੱਖ ਉਮਰ ਵਰਗ ਦੀਆਂ ਬੀਬੀਆਂ ਅਤੇ ਸਿੰਘਾਂ ਨੇ ਲਿਆ ਹਿੱਸਾ



ਨਿਊਯਾਰਕ/ਏ.ਟੀ.ਨਿਊਜ਼: ਗੱਤਕਾ ਖੇਡ ਨੂੰ ਅਮਰੀਕਾ ਵਿੱਚ ਪ੍ਰਫੁਲਿੱਤ ਕਰ ਰਹੀ ਗੱਤਕਾ ਖੇਡ ਦੀ ਨੈਸ਼ਨਲ ਜੱਥੇਬੰਦੀ ਗੱਤਕਾ ਫੈਡਰੇਸ਼ਨ ਯੂ.ਐੱਸ.ਏ. ਵੱਲੋਂ ਅਮਰੀਕਾ ਵਿੱਚ ਤੀਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐੱਸ.ਏ. 'ਚ ਖਾਲਸਾਈ ਜਾਹੋ-ਜਲਾਲ ਨਾਲ 'ਦਿ ਸਿੱਖ ਸੈਂਟਰ ਆਫ ਨਿਊਯਾਰਕ ਇੰਕ', 222-28-95 ਅਵੈਨਿਊ, ਕੁਈਨਜ਼ ਵਿਲੇਜ ਨਿਉਯਾਰਕ ਦੇ ਉਚੇਚੇ ਸਹਿਯੋਗ ਨਾਲ ਕਰਵਾਈ ਗਈ। ਚੈਂਪੀਅਨਸ਼ਿਪ ਵਿੱਚ ਵੱਖ-ਵੱਖ ਉਮਰ ਵਰਗ ਦੀਆਂ ਬੀਬੀਆਂ ਅਤੇ ਸਿੰਘਾਂ ਨੇ ਹਿੱਸਾ ਲਿਆ। ਜ਼ਿਕਰਯੋਗ ਹੈ ਕਿ ਅਮਰੀਕਾ ਵਿੱਚ ਗੱਤਕਾ ਫੈਡਰੇਸ਼ਨ ਯੂ.ਐੱਸ.ਏ. ਪਿਛਲੇ ਕਾਫੀ ਸਾਲਾਂ ਤੋਂ ਪੱਬਾਂ ਭਾਰ ਹੋ ਕੇ ਵੱਖ ਵੱਖ ਰਾਜਾਂ ਵਿੱਚ ਗੱਤਕਾ ਖੇਡ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਚਾਰਾਜੋਈ ਕਰ ਰਹੀ ਹੈ।

ਤੀਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐੱਸ.ਏ. ਵਿੱਚ ਜੇਤੂ ਟੀਮਾਂ ਤੇ ਖਿਡਾਰੀਆਂ ਅਤੇ ਸਮੂਹ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਪ੍ਰੰਬਧਕਾਂ ਵਲੋਂ ਉਚੇਚੀ ਵਧਾਈ ਦਿੱਤੀ ਗਈ। ਵਿਸਥਾਰ 'ਚ ਗੱਲ ਕਰਦਿਆਂ ਗਤਕਾ ਫੈਡਰੇਸ਼ਨ ਯੂ.ਐੱਸ.ਏ. ਦੇ ਪ੍ਰਧਾਨ ਅਤੇ ਵਿਸ਼ਵ ਗੱਤਕਾ ਫੇਡਰੇਸ਼ਨ ਦੇ ਚੇਅਰਮੈਨ ਕੁਲਵਿੰਦਰ ਸਿੰਘ ਫਰੀਜ਼ਨੋ ਅਤੇ ਡਾ. ਦੀਪ ਸਿੰਘ ਜਨਰਲ ਸਕੱਤਰ ਵਿਸ਼ਵ ਗੱਤਕਾ ਫੇਡਰੇਸ਼ਨ ਵਲੋਂ ਸਾਂਝੇ ਤੋਰ ਤੇ ਜਾਣਕਾਰੀ ਦਿੰਦਿਆ ਆਖਿਆ ਹੈ ਕਿ ਇਸ ਸਾਲ ਦੇ ਨੈਸ਼ਨਲ ਗੱਤਕਾ ਮੁਕਾਬਲੇ 9ਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਤੇ ਗਏ ਸਨ। ਸਿੰਗਲ ਸੋਟੀ ਸਿੰਘਾਂ ਦੇ 21 ਸਾਲ ਵਰਗ ਗਹਿਗਚ ਮੁਕਾਬਲਿਆਂ ਦੌਰਾਨ ਹਰਮੀਤ ਸਿੰਘ ਨਿਊਯਾਰਕ ਨੇ ਪਹਿਲੇ, ਮਨਦੀਪ ਸਿੰਘ ਦੂਜੇ ਤੇ ਸਨਦੀਪ ਸਿੰਘ, ਤਿੰਨੇ ਸ਼ਹੀਦ ਬਾਬਾ ਦੀਪ ਸਿੰਘ ਗੱਤਕਾ ਅਖਾੜਾ ਨੇ ਤੀਜੇ ਸਥਾਨ 'ਤੇ ਕਬਜ਼ਾ ਕੀਤਾ। ਬੀਬੀਆਂ ਦੇ 21 ਸਾਲ ਵਰਗ ਦੇ ਸਿੰਗਲ ਸੋਟੀ ਦੇ ਮੁਕਾਬਲਿਆਂ ਦੌਰਾਨ ਗੁਰਵਿੰਦਰ ਕੌਰ ਕੈਨਸਸ ਗੱਤਕਾ ਐਸੋਸੀਏਸ਼ਨ ਨੇ ਪਹਿਲਾ, ਹਰਨੂਰ ਕੌਰ ਨਿਊਯਾਰਕ ਗੱਤਕਾ ਐਸੋਸੀਏਸ਼ਨ ਨੇ ਦੂਜਾ ਤੇ ਸ਼ਰਨ ਕੌਰ ਨਾਰਥ ਕੈਰੋਲੀਨਾ ਗੱਤਕਾ ਐਸੋਸੀਏਸ਼ਨ ਨੇ ਤੀਜਾ ਸਥਾਨ ਹਾਸਲ ਕੀਤਾ।

(ਬਾਕੀ ਸਫ਼ਾ 26 'ਤੇ)

# ਕੰਜ਼ਰਵੇਟਿਵ ਪਾਰਟੀ ਵੱਲੋਂ ਗ਼ੈਰ ਕਾਨੂੰਨੀ ਪਰਵਾਸੀਆਂ ਦੇ ਬੱਚਿਆਂ ਨੂੰ ਕੈਨੇਡੀਅਨ ਨਾਗਰਿਕਤਾ ਨਾ ਦੇਣ ਦੀ ਮੰਗ




ਟੋਰਾਂਟੋ/ਏ.ਟੀ.ਨਿਊਜ਼: ਇੱਕ ਪਾਸੇ ਡੋਨਾਲਡ ਟਰੰਪ ਦੀ ਅਗਵਾਈ ਵਾਲੀ ਅਮਰੀਕੀ ਸਰਕਾਰ ਪਰਵਾਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ 'ਚ ਲੱਗੀ ਹੋਈ ਹੈ, ਉੱਥੇ ਹੀ ਕੈਨੇਡਾ ਤੋਂ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਕੰਜ਼ਰਵੇਟਿਵ ਪਾਰਟੀ ਨੇ ਗ਼ੈਰ ਕਾਨੂੰਨੀ ਪਰਵਾਸੀਆਂ ਦੇ ਬੱਚਿਆਂ ਨੂੰ ਕੈਨੇਡੀਅਨ ਨਾਗਰਿਕਤਾ ਨਾ ਦੇਣ ਦੀ ਮੰਗ ਕੀਤੀ ਹੈ।

ਵਿਰੋਧੀ ਧਿਰ ਦੀ ਆਲੋਚਕ ਮਿਸ਼ੇਲ ਰੈਂਪਲ ਗਾਰਨਰ ਨੇ ਕਿਹਾ ਕਿ ਨਾਗਰਿਕਤਾ ਸਿਰਫ ਉਨ੍ਹਾਂ ਬੱਚਿਆਂ ਨੂੰ ਮਿਲੇ ਜਿਨ੍ਹਾਂ ਦੇ ਮਾਪਿਆਂ ਵਿੱਚੋਂ ਘੱਟੋ-ਘੱਟ ਇੱਕ ਪਰਮਾਨੈਂਟ ਰੈਜ਼ੀਡੈਂਟ ਜਾਂ ਕੈਨੇਡੀਅਨ ਨਾਗਰਿਕ ਹੋਵੇ। ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਇਮੀਗ੍ਰੇਸ਼ਨ ਸਿਸਟਮ ਦੀ ਦੁਰਵਰਤੋਂ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ 'ਚ ਅਸਫਲ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਬਰਥ ਰਾਈਟ ਸਿਟੀਜ਼ਨਸ਼ਿਪ ਨੂੰ ਖ਼ਤਮ ਕਰਨਾ ਚਾਹੀਦਾ ਹੈ, ਕਿਉਂਕਿ ਬਹੁਤ ਸਾਰੇ ਲੋਕ ਕੈਨੇਡਾ ਦੀ ਧਰਤੀ 'ਤੇ ਸਿਰਫ ਇਸ ਲਈ ਆਉਂਦੇਹਨ ਤਾਂ ਜੋ ਉਨ੍ਹਾਂ ਦੇ ਬੱਚੇ ਜਨਮ ਲੈ ਕੇ ਕੈਨੇਡੀਅਨ ਨਾਗਰਿਕ ਬਣ ਸਕਣ। ਉਨ੍ਹਾਂ ਦਾ ਦਾਅਵਾ ਹੈ ਕਿ ਵਿਦੇਸ਼ੀ ਨਾਗਰਿਕਾਂ ਨੂੰ ਕੈਨੇਡਾ ਵਿੱਚ ਬੱਚੇ ਨੂੰ ਜਨਮ ਦੇਣ ਦੀ ਸਲਾਹ ਦਿੱਤੀ ਜਾ ਰਹੀ ਹੈ, ਤਾਂ ਜੋ ਉਨ੍ਹਾਂ ਨੂੰ ਜਨਮ ਮਗਰੋਂ ਹੀ ਉੱਥੋਂ ਦੀ ਨਾਗਰਿਕਤਾ ਮਿਲ ਸਕੇ।

ਹਾਲਾਂਕਿ ਕੈਨੇਡਾ ਦੀ ਲਿਬਰਲ ਸਰਕਾਰ ਇਸ ਵਿਚਾਰ ਨਾਲ ਸਹਿਮਤ ਨਹੀਂ ਹੈ। ਨਿਆਂ ਮੰਤਰੀ ਸ਼ੌਨ ਫਰੇਜ਼ਰ ਨੇ ਕਿਹਾ ਕਿ ਬਰਥ ਰਾਈਟ ਨਾਗਰਿਕਤਾ ਨਾਲ ਸਬੰਧਤ ਕਾਨੂੰਨ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਕੈਨੇਡਾ ਦਾ ਸੰਵਿਧਾਨ ਇਸ ਦੀ ਇਜਾਜ਼ਤ ਨਹੀਂ ਦਿੰਦਾ ਕਿ ਮੁਲਕ ਵਿੱਚ ਜਨਮ ਲੈਣ ਵਾਲੇ ਬੱਚਿਆਂ ਦੀ ਨਾਗਰਿਕਤਾ ਨੂੰ ਖ਼ਤਮ ਕਰ ਦਿੱਤਾ ਜਾਵੇ। ਇਸ ਮਾਮਲੇ 'ਤੇ ਕੈਨੇਡਾ ਵਿੱਚ ਚਰਚਾ ਜਾਰੀ ਹੈ ਅਤੇ ਹੋ ਸਕਦਾ ਹੈ ਕਿ ਇਸ ਚਰਚਾ ਦਾ ਅਸਰ ਭਵਿੱਖ 'ਚ ਦੇਸ਼ ਦੀਆਂ ਇਮੀਗ੍ਰੇਸ਼ਨ ਨੀਤੀਆਂ 'ਤੇ ਦਿਖੇ।

# ਤਰਸਯੋਗ ਹੋਈ ਪਾਕਿਸਤਾਨ ਸਥਿਤ ਗੁਰਦੁਆਰਾ ਹਰਗੋਬਿੰਦ ਸਾਹਿਬ ਦੀ ਹਾਲਤ



ਅੰਮ੍ਰਿਤਸਰ/ਏ.ਟੀ.ਨਿਊਜ਼: ਭਾਰਤ-ਪਾਕਿ ਸਰਹੱਦ 'ਤੇ ਪਾਕਿਸਤਾਨ ਦੇ ਲਹਿੰਦੇ ਪੰਜਾਬ ਦੀ ਤਹਿਸੀਲ ਤੇ ਜ਼ਿਲ੍ਹਾ ਲਾਹੌਰ ਦੀ ਹੱਦ 'ਚ ਪੈਂਦੇ ਪਿੰਡ ਭੰਡਾਣਾ ਸਥਿਤ ਮੀਰੀ-ਪੀਰੀ ਦੇ ਮਾਲਕ ਤੇ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਧਰਤੀ ਗੁਰਦੁਆਰਾ ਹਰਗੋਬਿੰਦ ਸਾਹਿਬ ਜੀ ਦੀ ਇਮਾਰਤ ਦੀ ਸੰਭਾਲ ਨਾ ਹੋਣ ਕਾਰਨ ਹਾਲਤ ਤਰਸਯੋਗ ਬਣੀ ਹੋਈ ਹੈ। ਜਾਣਕਾਰੀ ਅਨੁਸਾਰ ਸੰਨ 1947 ਦੀ ਭਾਰਤ-ਪਾਕਿ ਵੰਡ ਤੋਂ ਪਹਿਲਾਂ ਸਰਹੱਦੀ ਪਿੰਡ ਭੰਡਾਣਾ ਵਿਖੇ ਵੱਡੀ ਗਿਣਤੀ 'ਚ ਸਰਦੇ ਪੁੱਜਦੇ ਹਰੇਕ ਵਰਗ ਦੇ ਸਿੱਖਾਂ ਦੀ ਸੰਘਣੀ ਆਬਾਦੀ ਸੀ ਤੇ ਉਹ ਰੋਜ਼ਾਨਾ ਤੇ ਖਾਸ ਕਰ ਵਿਸ਼ੇਸ਼ ਧਾਰਮਿਕ ਦਿਨਾਂ 'ਤੇ ਗੁਰੂ ਘਰ ਨਤਮਸਤਕ ਹੁੰਦੇ ਸਨ। ਇਸ ਗੁਰਦੁਆਰਾ ਸਾਹਿਬ ਦੇ ਨਾਮ ਦੀ ਤੇ ਇਸ ਦੇ ਇਤਿਹਾਸਕ ਪੱਖਾਂ ਦੀ ਸਥਿਤੀ ਗੁਰਦੁਆਰਾ ਸਾਹਿਬ ਦੀ ਕੰਧ 'ਤੇ ਲੱਗੇ ਸੰਗਮਰਮਰ ਦੇ ਪੱਥਰਾਂ 'ਤੇ ਅੰਕਿਤ ਕੀਤੇ ਗਏ ਲੇਖਾਂ ਤੇ ਨਾਵਾਂ ਤੋਂ ਸਪੱਸ਼ਟ ਹੋ ਰਹੀ ਹੈ। ਜਾਣਕਾਰੀ ਅਨੁਸਾਰ ਭਾਰਤ-ਪਾਕਿ ਦੀ 1947 ਦੀ ਅਣਕਿਆਸੀ ਵੰਡ ਤੋਂ ਬਾਅਦ ਇਹ ਗੁਰੂ ਘਰ ਅਣਦੇਖੀ ਦਾ ਸ਼ਿਕਾਰ ਹੋ ਗਿਆ ਅਤੇ ਹੁਣ ਵੀ ਇਸ ਦੀ ਸਥਿਤੀ ਜਿਉਂ ਦੀ ਤਿਉਂ ਬਰਕਰਾਰ ਹੈ। ਗੁਰਦੁਆਰਾ ਸਾਹਿਬ ਅੰਦਰ ਇਸ ਸਮੇਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਨਹੀਂ ਹੈ। ਜਗ੍ਹਾ-ਜਗ੍ਹਾ ਤੋਂ ਇਮਾਰਤ ਦੀ ਹਾਲਤ ਖ਼ਸਤਾ ਹੈ। ਫਰਸ਼ ਵੀ ਕਈ ਥਾਵਾਂ ਤੋਂ ਬੈਠ ਗਿਆ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਅੰਦਰ ਭੰਡਾਣਾ ਪਿੰਡ ਦੇ ਸਥਾਨਕ ਬਾਸ਼ਿੰਦਿਆਂ ਵਿਚੋਂ ਕੋਈ ਪਰਿਵਾਰ ਕਾਬਜ਼ ਹੋ ਕੇ ਅੰਦਰ ਰਹਿ ਰਿਹਾ ਹੈ। ਜੋ ਕਿ ਕਈ ਪ੍ਰਕਾਰ ਦੇ ਸਵਾਲਾਂ ਨੂੰ ਜਨਮ ਦਿੰਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਭਾਰਤ-ਪਾਕਿ ਵੰਡ ਤੋਂ ਬਾਅਦ ਵੱਡੀ ਗਿਣਤੀ 'ਚ ਪਾਕਿ 'ਚ ਰਹਿ ਗਏ ਸਿੱਖ ਪਰਿਵਾਰਾਂ ਜਾਂ

(ਬਾਕੀ ਸਫ਼ਾ 26 'ਤੇ)

# ਟਰੰਪ ਪ੍ਰਸ਼ਾਸਨ ਨੇ ਬਰਖ਼ਾਸਤ ਕੀਤੇ ਸੀਡੀਸੀ ਮੁਲਾਜ਼ਮ ਮੁੜ ਬਹਾਲ ਕੀਤੇ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ 'ਚ 11 ਦਿਨਾਂ ਤੋਂ ਜਾਰੀ ਸ਼ਟਡਾਊਨ 'ਚ ਟਰੰਪ ਪ੍ਰਸ਼ਾਸਨ ਤੇਜ਼ੀ ਨਾਲ ਸੰਘੀ ਮੁਲਾਜ਼ਮਾਂ ਦੀ ਛਾਂਟੀ ਦਾ ਪ੍ਰੋਗਰਾਮ ਚਲਾ ਰਿਹਾ ਹੈ। ਇਸ ਵਿੱਚ ਤਮਾਮ ਵਿਭਾਗਾਂ ਲਈ ਜ਼ਰੂਰੀ ਮੁਲਾਜ਼ਮਾਂ 'ਤੇ ਵੀ ਗਾਜ ਡਿੱਗ ਰਹੀ ਹੈ। ਅਜਿਹੇ ਹੀ ਇੱਕ ਵਿਭਾਗ ਸੈਂਟਰਜ਼ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (ਸੀ.ਡੀ.ਸੀ.) ਦੇ ਮਾਹਿਰਾਂ ਨੂੰ ਵੀ ਕਾਹਲੀ 'ਚ ਬਰਖ਼ਾਸਤ ਕਰ ਦਿੱਤਾ ਗਿਆ ਸੀ। ਟਰੰਪ ਪ੍ਰਸ਼ਾਸਨ ਨੂੰ ਹੁਣ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਹੈ। ਇਨ੍ਹਾਂ ਲੋਕਾਂ ਨੂੰ ਵਾਪਸ ਕੰਮ 'ਤੇ ਬੁਲਾ ਲਿਆ ਗਿਆ ਹੈ। ਹਾਊਸ ਸਪੀਕਰ ਮਾਈਕ ਜਾਨਸਨ ਨੇ ਕਿਹਾ ਹੈ ਕਿ ਜਦੋਂ ਤੱਕ ਦੋਵੇਂ ਪੱਖ ਸਟਾਪਗੈਪ ਬਿੱਲ ਨੂੰ ਪਾਸ ਕਰਨ 'ਤੇ ਤਿਆਰ ਨਹੀਂ ਹੋ ਜਾਂਦੇ, ਉਦੋਂ ਤੱਕ ਉਹ ਸੰਸਦ ਨੂੰ ਬੰਦ ਹੀ ਰੱਖਣਾ ਚਾਹੁੰਦੇ ਹਨ।

ਮੀਜਲਸ ਰਿਸਪਾਂਸ ਦੀ ਇੰਸੀਡੈਂਟ ਕਮਾਂਡਰ ਅਥਾਲੀਆ ਕ੍ਰਿਸਟੀ ਕੋਲ ਇਬੋਲਾ, ਮਾਰਬਰਗ ਤੇ ਐਮਪਾਕਸ ਵਰਗੀਆਂ ਗੰਭੀਰ ਬਿਮਾਰੀਆਂ ਨਾਲ ਨਜਿੱਠਣ ਦਾ 30 ਸਾਲ ਤਜਰਬਾ ਹੈ। ਅਕਸਰ ਅਜਿਹੀਆਂ ਬਿਮਾਰੀਆਂ ਫੈਲਣ 'ਤੇ ਵ੍ਹਾਈਟ ਹਾਊਸ ਵੱਲੋਂ ਉਸ ਨਾਲ ਸੰਪਰਕ ਕੀਤਾ ਜਾਂਦਾ ਸੀ। ਟਰੰਪ ਪ੍ਰਸ਼ਾਸਨ ਨੇ ਉਸ ਨੂੰ ਵੀ ਕੱਢ ਬਾਹਰ ਕੀਤਾ ਸੀ। ਹੁਣ ਉਸ ਨੂੰ ਵਾਪਸ ਲਿਆਂਦਾ ਗਿਆ ਹੈ। ਇਸੇ ਤਰ੍ਹਾਂ ਇੱਕ ਹੋਰ ਸੀਨੀਅਰ ਇਨਫੈਕਸ਼ਨ ਰੋਗ ਮਾਹਿਰ ਮੌਰੀਨ ਬਾਰਟੀ ਦੀ ਵੀ ਬਰਖ਼ਾਸਤਗੀ ਖ਼ਤਮ ਕੀਤੀ ਗਈ ਹੈ। ਉਹ ਗ੍ਰਹਿ ਵਿਭਾਗ ਲਈ ਕੰਮ ਕਰਦੀ ਸੀ। ਇਹ ਦੋਵੇਂ ਸੀਡੀਸੀ ਦੇ ਗਲੋਬਲ ਹੈਲਥ ਸੈਂਟਰ 'ਚ ਕੰਮ ਕਰਦੀਆਂ ਸਨ, ਜਿਸ ਨੂੰ ਖ਼ਤਮ ਕਰ ਦਿੱਤਾ ਗਿਆ ਸੀ।

**ਫ਼ੌਜੀਆਂ ਲਈ ਟਰੰਪ ਨੇ ਜਾਰੀ ਕੀਤੇ ਅੱਠ ਅਰਬ ਡਾਲਰ**

ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਨ੍ਹਾਂ ਉਸ ਫੰਡ ਦੀ ਪਛਾਣ ਕਰ ਲਈ ਹੈ, ਜਿਸ ਰਾਹੀਂ ਫ਼ੌਜੀਆਂ ਨੂੰ ਸ਼ਟਡਾਊਨ ਮਿਆਦ ਦੌਰਾਨ ਤਨਖ਼ਾਹ ਦਾ ਭੁਗਤਾਨ ਕੀਤਾ ਜਾਵੇਗਾ। ਦੱਸ ਦੇਈਏ ਕਿ ਕਾਂਗਰਸ ਨੇ ਫ਼ੌਜੀਆਂ ਲਈ ਵਾਧੂ ਪੈਸੇ ਦੀ ਮਨਜ਼ੂਰੀ ਨਹੀਂ ਦਿੱਤੀ ਹੈ। ਪੈਂਟਾਗਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਬੀਤੇ ਵਿੱਤੀ ਸਾਲ ਦੌਰਾਨ ਖੋਜ, ਜਾਂਚ ਤੇ ਮੁਲਾਂਕਣ ਕੰਮਾਂ ਲਈ ਤੈਅ ਅੱਠ ਅਰਬ ਡਾਲਰ ਦੀ ਰਕਮ ਖ਼ਰਚ ਨਹੀਂ ਹੋਈ ਸੀ, ਜਿਸ ਨੂੰ ਫ਼ੌਜੀਆਂ ਲਈ ਤੈਅ ਕਰ ਦਿੱਤਾ ਗਿਆ ਹੈ। ਟਰੰਪ ਨੇ ਆਪਣੀ ਯੋਜਨਾ ਦੇ ਸਬੰਧ 'ਚ ਦੱਸਦੇ ਹੋਏ ਟਰੁੱਥ ਸੋਸ਼ਲ 'ਤੇ ਲਿਖਿਆ ਕਿ ਮੈਂ ਆਪਣੀ ਫ਼ੌਜ ਤੇ ਦੇਸ਼ ਦੇ ਰਾਖਿਆਂ ਨੂੰ ਡੈਮੋਕ੍ਰੇਟ ਪਾਰਟੀ ਦਾ ਬੰਧਕ ਨਹੀਂ ਬਣਨ ਦਿਆਂਗਾ, ਜਿਨ੍ਹਾਂ ਕਾਰਨ ਦੇਸ਼ 'ਚ ਖ਼ਤਰਨਾਕ ਸਰਕਾਰੀ ਸ਼ਟਡਾਊਨ ਚੱਲ ਰਿਹਾ ਹੈ।

# ਧਾਰਮਿਕ ਕੰਮਾਂ ਵਿੱਚ ਸਰਕਾਰ ਨੂੰ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ: ਧਾਮੀ

## ਸ੍ਰੀ ਆਨੰਦਪੁਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਯੂਟੀਊਬ ਚੈਨਲ ਸ਼ੁਰੂ

ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਪੁਰਬ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿੱਚ ਕਰਵਾਏ ਜਾ ਰਹੇ ਸਮਾਗਮਾਂ ਦੀਆਂ ਤਿਆਰੀਆਂ ਜਾਰੀ ਹਨ। ਤਖ਼ਤ ਕੇਸਗੜ੍ਹ ਸਾਹਿਬ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਧਾਰਮਿਕ ਜਥੇਬੰਦੀਆਂ ਨਾਲ ਵਿਸ਼ੇਸ਼ ਮੀਟਿੰਗ ਹੋਈ।



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਧਾਮੀ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਤਖ਼ਤ ਕੇਸਗੜ੍ਹ ਸਾਹਿਬ ਨੇੜੇ ਬਣਾਈ ਜਾ ਰਹੀ ਹੈਰੀਟੇਜ ਸਟਰੀਟ (ਵਿਰਾਸਤੀ ਮਾਰਗ) ਦਾ ਕੰਮ ਤੁਰੰਤ ਰੋਕਿਆ ਜਾਵੇ ਕਿਉਂਕਿ ਨਗਰ ਕੀਰਤਨ ਆਨੰਦਪੁਰ ਸਾਹਿਬ ਪਹੁੰਚਣੇ ਸ਼ੁਰੂ ਹੋ ਚੁੱਕੇ ਹਨ ਅਤੇ ਇਸ ਨਾਲ ਰਸਤੇ ’ਚ ਰੁਕਾਵਟ ਕਾਰਨ ਸੰਗਤ ਲਈ ਮੁਸ਼ਕਲ ਹੋ ਸਕਦੀ ਹੈ। ਉਨ੍ਹਾਂ ਸਮਾਗਮਾਂ ਤੋਂ ਪਹਿਲਾਂ ਸਰਕਾਰ ਵੱਲੋਂ ਸੜਕ ਪੁੱਟੇ ਜਾਣ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਕੰਮਾਂ ਵਿੱਚ ਸਰਕਾਰ ਨੂੰ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ ਅਤੇ ਆਪਣਾ ਕੰਮ ਆਪਣੇ ਅਧਿਕਾਰ ਖੇਤਰ ਅੰਦਰ ਹੀ ਕਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਨੂੰ ਆਉਣ ਵਾਲੀਆਂ ਸਾਰੀਆਂ ਸੜਕਾਂ ਟੁੱਟੀਆਂ ਹਨ ਤੇ ਸਰਕਾਰ ਨੂੰ ਇਹ ਸੜਕਾਂ ਬਣਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸ਼ਤਾਬਦੀ ਸਮਾਗਮ ਮਨਾਉਣ ਦਾ ਢੰਗ ਬਿਹਾਰ ਸਰਕਾਰ ਤੋਂ ਸਿੱਖਣਾ ਚਾਹੀਦਾ ਹੈ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ। ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ ਮੁੱਖ ਮੰਤਰੀ ਵੱਲੋਂ ਵਿਰਾਸਤੀ ਮਾਰਗ ਦਾ ਨੀਂਹ ਪੱਥਰ ਰੱਖਿਆ ਗਿਆ ਸੀ ।ਉਨ੍ਹਾਂ ਕਿਹਾ ਕਿ ਜੇ ਸਰਕਾਰ ਸ੍ਰੀ ਆਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਐਲਾਨਦੀ ਹੈ ਤਾਂ ਸ਼੍ਰੋਮਣੀ ਕਮੇਟੀ ਇਸ ਦਾ ਸਵਾਗਤ ਕਰੇਗੀ। ਸ਼੍ਰੋਮਣੀ ਕਮੇਟੀ ਨੇ ਸ੍ਰੀ ਆਨੰਦਪੁਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਲਈ ਆਪਣਾ ਯੂਟੀਊਬ ਚੈਨਲ ਵੀ ਸ਼ੁਰੂ ਕੀਤਾ ਹੈ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼ਤਾਬਦੀ ਸਮਾਰੋਹਾਂ ’ਚ ਹਰ ਧਰਮ ਦੇ ਲੋਕਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ 230 ਤੋਂ ਵੱਧ ਮੰਦਰਾਂ ਅਤੇ ਹੋਰ ਧਾਰਮਿਕ ਸਥਾਨਾਂ ਦੇ ਨੁਮਾਇੰਦਿਆਂ ਨੂੰ ਬੁਲਾਇਆ ਜਾ ਰਿਹਾ ਹੈ। ਇਸ ਵਾਰ ਸ਼ਤਾਬਦੀ ਸਮਾਰੋਹਾਂ ਮੌਕੇ ਲੰਗਰਾਂ ਵਿੱਚ ਸਿਰਫ਼ ਰਵਾਇਤੀ ਪਕਵਾਨ ਹੀ ਤਿਆਰ ਕੀਤੇ ਜਾਣਗੇ।

## ਸ਼੍ਰੋਮਣੀ ਕਮੇਟੀ ਦੇ ਵਫ਼ਦ ਵੱਲੋਂ ਧਾਮੀ ਦੀ ਅਗਵਾਈ ’ਚ ਰਾਜੋਆਣਾ ਨਾਲ ਮੁਲਾਕਾਤ

ਪਟਿਆਲਾ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਪਿਛਲੇ ਦਿਨੀਂ ਕੇਂਦਰੀ ਪਟਿਆਲਾ ਜੇਲ੍ਹ ਵਿੱਚ ਮੌਤ ਦੀ ਸਜ਼ਾ ਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ। ਸੂਤਰਾਂ ਦਾ ਕਹਿਣਾ ਹੈ ਕਿ ਇਸ ਦੌਰਾਨ ਰਾਜੋਆਣਾ ਅਤੇ ਕੇਂਦਰ ਕੋਲ ਬਕਾਇਆ ਉਸ ਦੀ ਰਹਿਮ ਦੀ ਅਪੀਲ ਨਾਲ ਸਬੰਧਤ ਕਈ ਮੁੱਦਿਆਂ ’ਤੇ ਤਫ਼ਸੀਲ ਵਿੱਚ ਚਰਚਾ ਕੀਤੀ ਗਈ। ਲਗਪਗ ਇੱਕ ਘੰਟੇ ਤੱਕ ਚੱਲੀ ਇਸ ਮੀਟਿੰਗ ਤੋਂ ਬਾਅਦ ਧਾਮੀ ਬਾਹਰ ਮੌਜੂਦ ਪੱਤਰਕਾਰਾਂ ਨਾਲ ਕੋਈ ਗੱਲਬਾਤ ਕੀਤੇ ਬਗੈਰ ਉਥੋਂ ਚਲੇ ਗਏ। ਧਾਮੀ ਤੇ ਰਾਜੋਆਣਾ ਦਰਮਿਆਨ ਇਹ ਮੀਟਿੰਗ ਅਜਿਹੇ ਮੌਕੇ ਹੋਈ ਹੈ ਜਦੋਂ ਅਜੇ ਕਰੀਬ ਦਸ ਦਿਨ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਸਕੱਤਰ ਨੇ ਵਧੀਕ ਡੀਜੀਪੀ (ਜੇਲ੍ਹਾਂ) ਨੂੰ ਪੱਤਰ ਲਿਖ ਕੇ ਬਲਵੰਤ ਸਿੰਘ ਰਾਜੋਆਣਾ ਨੂੰ ਮਿਲਣ ਲਈ ਸਮਾਂ ਮੰਗਿਆ ਸੀ। ਪਿਛਲੇ ਮਹੀਨੇ ਸੁਪਰੀਮ ਕੋਰਟ ਨੇ ਇੱਕ ਸੁਣਵਾਈ ਦੌਰਾਨ ਕਿਹਾ ਸੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ 1995 ਵਿੱਚ ਹੋਏ ਕਤਲ ਲਈ ਮੌਤ ਦੀ ਸਜ਼ਾਯਾਫ਼ਤਾ ਰਾਜੋਆਣਾ ਦੀ ਰਹਿਮ ਦੀ ਅਪੀਲ ’ਤੇ ਫੈਸਲਾ ਲੈਣ ਵਿੱਚ ਦੇਰੀ ਲਈ ਇਕੱਲੀ ਕੇਂਦਰ ਸਰਕਾਰ ਜ਼ਿੰਮੇਵਾਰ ਸੀ। ਸਰਬਉੱਚ ਅਦਾਲਤ ਨੇ ਸਰਕਾਰ ਨੂੰ ਯਾਦ ਦਿਵਾਇਆ ਸੀ ਕਿ ਰਾਜੋਆਣਾ ਦੀ ਫਾਂਸੀ ਬਾਰੇ ਫੈਸਲਾ ਲੈਣਾ ਕਾਰਜਪਾਲਿਕਾ ਦਾ ਕੰਮ ਹੈ, ਅਦਾਲਤ ਦਾ ਨਹੀਂ। ਪੰਜਾਬ ਪੁਲਿਸ ਦੇ ਸਾਬਕਾ ਕਾਂਸਟੇਬਲ ਰਾਜੋਆਣਾ ਨੂੰ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ 1995 ਵਿੱਚ ਹੋਏ ਬੰਬ ਧਮਾਕੇ ਵਿੱਚ ਉਸ ਦੀ ਭੂਮਿਕਾ ਲਈ ਜੁਲਾਈ 2007 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਸ ਧਮਾਕੇ ਵਿੱਚ ਬੇਅੰਤ ਸਿੰਘ ਅਤੇ 16 ਹੋਰ ਮਾਰੇ ਗਏ ਸਨ। ਹਾਈ ਕੋਰਟ ਵੱਲੋਂ ਮੌਤ ਦੀ ਸਜ਼ਾ ਦੇ ਫੈਸਲੇ ਨੂੰ ਬਰਕਰਾਰ ਰੱਖਣ ਤੋਂ ਬਾਅਦ ਰਾਜੋਆਣਾ ਦੀ ਫਾਂਸੀ 31 ਮਾਰਚ, 2012 ਲਈ ਨਿਰਧਾਰਤ ਕੀਤੀ ਗਈ ਸੀ, ਪਰ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਰਹਿਮ ਦੀ ਅਪੀਲ ਤੋਂ ਬਾਅਦ ਤਤਕਾਲੀ ਯੂਪੀਏ ਸਰਕਾਰ ਨੇ ਤਿੰਨ ਦਿਨ ਪਹਿਲਾਂ ਹੀ ਇਸ ’ਤੇ ਰੋਕ ਲਗਾ ਦਿੱਤੀ ਸੀ।



## ਤਖ਼ਤ ਕੇਸਗੜ੍ਹ ਸਾਹਿਬ ਨੂੰ ਆਉਣ ਵਾਲੇ ਮੁੱਖ ਰਸਤੇ ਨੂੰ ਪਹਿਲਾਂ ਵਾਂਗ ਸੰਗਤ ਲਈ ਖੋਲ੍ਹੇ ਸਰਕਾਰ : ਜਥੇਦਾਰ ਗੜਗੱਜ

ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਰਕਾਰ ਵੱਲੋਂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਸਮਾਗਮਾਂ ਤੋਂ ਪਹਿਲਾਂ ਤਖ਼ਤ ਸਾਹਿਬ ਨੂੰ ਆਉਣ ਵਾਲੇ ਮੁੱਖ ਰਸਤੇ ਨੂੰ ਵਿਰਾਸਤੀ ਮਾਰਗ ਬਣਾਉਣ ਦੇ ਨਾਮ ’ਤੇ ਪੁੱਟਣ ਦੀ ਨਿਖੇਧੀ ਕੀਤੀ ਹੈ।



ਉਨ੍ਹਾਂ ਕਿਹਾ ਕਿ ਨਵੰਬਰ ਮਹੀਨੇ ਸ਼ਹੀਦੀ ਸਮਾਗਮ ਮਨਾਉਣ ਤੋਂ ਠੀਕ ਪਹਿਲਾਂ ਇਹ ਕੰਮ ਸ਼ੁਰੂ ਕਰਨਾ ਬਿਲਕੁਲ ਗ਼ਲਤ ਹੈ ਤੇ ਇਸ ਕਾਰਨ ਸੰਗਤ ਨੂੰ ਭਾਰੀ ਪ੍ਰੇਸ਼ਾਨੀ ਹੋ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਇਸ ਕੰਮ ਨੂੰ ਤੁਰੰਤ ਰੋਕੇ ਤੇ ਰਸਤੇ ਨੂੰ ਪਹਿਲਾਂ ਵਾਂਗ ਸੰਗਤ ਲਈ ਖੋਲ੍ਹੇ। ਜਥੇਦਾਰ ਗੜਗੱਜ ਨੇ ਸਪਸ਼ਟ ਕੀਤਾ ਕਿ ਆਨੰਦਪੁਰ ਸਾਹਿਬ ਖ਼ਾਲਸੇ ਦੀ ਜਨਮ ਭੂਮੀ ਹੈ ਤੇ ਇਥੋਂ ਦੀ ਵਿਰਾਸਤ ਤੇ ਕੁਦਰਤੀ ਸੁਹੱਪਣ ਨਾਲ ਛੇੜਛਾੜ ਖ਼ਾਲਸਾ ਪੰਥ ਦੀ ਸਾਂਝੀ ਰਾਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੁਝਾਅ ਮੁਤਾਬਕ ਹੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸ੍ਰੀ ਆਨੰਦਪੁਰ ਸਾਹਿਬ ਵੱਲ ਆਉਣ ਵਾਲੀਆਂ ਟੁੱਟੀਆਂ ਸੜਕਾਂ ਅਤੇ ਸਤਲੁਜ ’ਤੇ ਬਣੇ ਪੁਲ ਦੀ ਮੁਰੰਮਤ ਵੱਲ ਧਿਆਨ ਦੇਣਾ ਚਾਹੀਦਾ ਹੈ।


## ਸਿੱਖ ਰਾਜ ਦੀ ਆਖ਼ਰੀ ਨਿਸ਼ਾਨੀ ਦੀ ਸੇਵਾ ਸੰਭਾਲ ਬਾਰੇ ਕਮੇਟੀ ਦਾ ਗਠਨ

ਰੂਪਨਗਰ/ਏ.ਟੀ.ਨਿਊਜ਼: ਇਥੇ ਸਥਿਤ ਸਿੱਖ ਰਾਜ ਦੀ ਆਖ਼ਰੀ ਨਿਸ਼ਾਨੀ ਦੀ ਸੇਵਾ ਸੰਭਾਲ ਲਈ 13 ਮੈਂਬਰੀ ਕਮੇਟੀ ਚੌਕੀ ਸਰਕਾਰ-ਏ-ਖ਼ਾਲਸਾ ਵੈਲਫੇਅਰ ਸੁਸਾਇਟੀ ਬਣਾਈ ਗਈ ਹੈ। ਜਾਣਕਾਰੀ ਅਨੁਸਾਰ ਸਤਲੁਜ ਦਰਿਆ ਦੇ ਕੰਢੇ ਪਹਾੜੀ ਉੱਤੇ ਸਿੱਖ ਰਾਜ ਦਾ ਬਾਰਡਰ ਹੋਣ ਕਰ ਕੇ ਇੱਥੇ ਫੌਜੀ ਕੈਂਪ ਹੁੰਦਾ ਸੀ ਤੇ ਖ਼ਾਲਸਾ ਰਾਜ ਦੀ ਸਰਹੱਦ ’ਤੇ ਲੱਗਿਆ ਨਿਸ਼ਾਨ ਸਾਹਿਬ (ਝੰਡਾ) ਅੱਜ ਵੀ ਮੌਜੂਦ ਹੈ ਜਿਸ ’ਤੇ ਸਰਕਾਰ-ਏ-ਖ਼ਾਲਸਾ ਪੰਜਾਬੀ ਅਤੇ ਉਰਦੂ ਭਾਸ਼ਾ ਵਿੱਚ ਲਿਖਿਆ ਹੋਇਆ ਹੈ। ਇਸ ਸਬੰਧੀ ਰਣਜੀਤ ਸਿੰਘ ਪਤਿਆਲਾਂ ਨੇ ਦੱਸਿਆ ਕਿ ਇਸ ਕਮੇਟੀ ’ਚ ਕੁਲਦੀਪ ਸਿੰਘ ਪਟਿਆਲਾ ਨੂੰ ਸਰਪ੍ਰਸਤ, ਰਣਜੀਤ ਸਿੰਘ ਪਤਿਆਲਾਂ ਨੂੰ ਮੁੱਖ ਸੇਵਾਦਾਰ, ਜਸਵਿੰਦਰ ਕੌਰ ਨੂੰ ਮੀਤ ਪ੍ਰਧਾਨ, ਕੁਲਵੰਤ ਸਿੰਘ ਸਰਾੜੀ ਨੂੰ ਸਕੱਤਰ, ਜਰਨੈਲ ਸਿੰਘ ਮਗਰੋੜ ਨੂੰ ਜੁਆਇੰਟ ਸਕੱਤਰ, ਅਜਮੇਰ ਸਿੰਘ ਨੂੰ ਖਜ਼ਾਨਚੀ ਅਤੇ ਅਤਿੰਦਰਪਾਲ ਸਿੰਘ ਨੂੰ ਜੁਆਇੰਟ ਵਿੱਤ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 1801 ਤੋਂ ਲੈ ਕੇ 1849 ਤੱਕ ਪੰਜਾਬ ਇੱਕ ਮੁਕੰਮਲ ਦੇਸ਼ ਸੀ ਜਿਸ ਦੇ ਮੁਖੀ ਮਹਾਰਾਜਾ ਰਣਜੀਤ ਸਿੰਘ ਸਨ ਤੇ ਇਸ 48 ਸਾਲਾਂ ਦੇ ਕਾਲ ਨੂੰ ਇਤਿਹਾਸ ਵਿੱਚ ਸਿੱਖ ਰਾਜ (ਖ਼ਾਲਸਾ ਰਾਜ) ਵਜੋਂ ਜਾਣਿਆ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਸੰਭਾਲ ਨਾ ਹੋਣ ਕਾਰਨ ਇਹ ਥਾਂ ਲੰਮਾ ਸਮਾਂ ਬੇ-ਆਬਾਦ ਰਹੀ ਤੇ ਫਿਰ ਸਾਲ 2023 ਵਿੱਚ ਸੰਗਤ ਵੱਲੋਂ ਇਸ ਅਸਥਾਨ ਸਬੰਧੀ ਮੋਰਚਾ ਲਾ ਕੇ ਸੰਘਰਸ਼ ਕੀਤਾ ਗਿਆ। ਇਸ ਸੰਘਰਸ਼ ਦੀ ਬਦੌਲਤ ਇੱਥੇ ਸਥਿਤ ਫੈਕਟਰੀ ਨੇ ਪੌਣੇ ਦੋ ਕਰੋੜ ਰੁਪਏ ਖਰਚ ਕੇ ਝੰਡੇ ਤੱਕ ਪੌੜੀਆਂ ਬਣਵਾਈਆਂ ਹਨ।



## ਪਰਾਲੀ ਸਾੜਨ ਦੇ ਮਾਮਲੇ ਵਿਚ ਅੰਮ੍ਰਿਤਸਰ ਜ਼ਿਲ੍ਹਾ ਲਗਾਤਾਰ ਪੰਜਾਬ ਵਿਚ ਪਹਿਲੇ ਸਥਾਨ

ਅੰਮ੍ਰਿਤਸਰ / ਏ.ਟੀ.ਨਿਊਜ਼: ਇਕ ਪਾਸੇ ਜਿੱਥੇ ਪਰਾਲੀ ਸਾੜਨ ਦੇ ਮਾਮਲੇ ਵਿਚ ਅੰਮ੍ਰਿਤਸਰ ਜ਼ਿਲ੍ਹਾ ਲਗਾਤਾਰ ਪੰਜਾਬ ਵਿਚ ਪਹਿਲੇ ਸਥਾਨ ’ਤੇ ਚੱਲ ਰਿਹਾ ਹੈ, ਉੱਥੇ ਹੀ ਪਰਾਲੀ ਸਾੜਨ ਤੋਂ ਨਿਕਲਣ ਵਾਲੇ ਧੂੰਏਂ ਨੇ ਵੀ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਵਿਚ ਏਅਰ ਕੁਆਲਿਟੀ ਇੰਡੈਕਸ ਇਸ ਸਮੇਂ 179 ਨੂੰ ਪਾਰ ਕਰ ਗਿਆ ਹੈ ਜੋ ਕਿ ਆਮ ਨਾਲੋਂ ਤਿੰਨ ਗੁਣਾ ਵੱਧ ਹੈ। ਹਾਲਾਂਕਿ ਦੀਵਾਲੀ ਦਾ ਤਿਉਹਾਰ ਵੀ ਅਜੇ ਆਇਆ ਨਹੀਂ ਆਈ ਹੈ ਅਤੇ ਜਿਵੇਂ ਹੀ ਦੀਵਾਲੀ ਦਾ ਧੂੰਆਂ ਵੀ ਇਸ ਵਿਚ ਸ਼ਾਮਲ ਹੋਵੇਗਾ ਤਾਂ ਏਅਰ ਕੁਆਲਿਟੀ ਇੰਡੈਕਸ ਹੋਰ ਜ਼ਿਆਦਾ ਖਰਾਬ ਹੋ ਸਕਦਾ ਹੈ ਅਤੇ ਖਰਾਬ ਹੋਣ ਦੀ ਪੂਰੀ ਸੰਭਾਵਨਾ ਵੀ ਹੈ।



ਪਰਾਲੀ ਸਾੜਨ ਦੇ ਮਾਮਲੇ ਵਿਚ ਅੰਮ੍ਰਿਤਸਰ ਜ਼ਿਲਾ ਪ੍ਰਸ਼ਾਸਨ ਦੀ ਗੱਲ ਕਰੀਏ ਤਾਂ ਡੀ.ਸੀ. ਸਾਕਸ਼ੀ ਸਾਹਨੀ ਨੇ ਇਕ ਮਹੀਨਾ ਪਹਿਲਾਂ ਵਿਭਾਗਾਂ ਦੀਆਂ ਸਾਂਝੀਆਂ ਟੀਮਾਂ ਬਣਾਈਆਂ ਸਨ, ਜਿਨ੍ਹਾਂ ਵਿਚ ਖੇਤੀਬਾੜੀ ਵਿਭਾਗ, ਪ੍ਰਦੂਸ਼ਣ ਕੰਟਰੋਲ ਵਿਭਾਗ, ਮਾਲ ਵਿਭਾਗ ਅਤੇ ਹੋਰ ਵਿਭਾਗ ਸ਼ਾਮਲ ਸਨ।

ਇਸ ਤੋਂ ਇਲਾਵਾ ਪ੍ਰਸ਼ਾਸਨ ਨੇ ਕਿਸਾਨਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਕਈ ਜਾਗਰੂਕਤਾ ਵੈਨਾਂ ਨੂੰ ਵੀ ਰਵਾਨਾ ਕੀਤਾ ਗਿਆ ਸੀ ਜੋ ਪਿੰਡ-ਪਿੰਡ ਜਾ ਕੇ ਉਨ੍ਹਾਂ ਨੂੰ ਪਰਾਲੀ ਸਾੜਨ ਦੀ ਮਹੱਤਤਾ ਬਾਰੇ ਜਾਗਰੂਕ ਕਰ ਰਹੀਆਂ ਹਨ। ਪਰਾਲੀ ਸਾੜਨ ਤੋਂ ਗੁਰੇਜ਼ ਕਰਨ ਵਾਲੇ ਕਿਸਾਨਾਂ ਨੂੰ ਪ੍ਰਸ਼ੰਸਾ ਪੱਤਰ ਵੀ ਦਿੱਤੇ ਜਾ ਰਹੇ ਹਨ। ਇਸ ਪਹਿਲਕਦਮੀ ਦੇ ਹਿੱਸੇ ਵਜੋਂ ਪ੍ਰਸ਼ਾਸਨ ਨੇ ਅਜਿਹੇ ਕਿਸਾਨਾਂ ਨੂੰ ਸਰਕਾਰੀ ਵਿਭਾਗਾਂ ਤੱਕ ਪਹਿਲ ਦੇ ਤੌਰ ’ਤੇ ਸਰਕਾਰੀ ਕੰਮ ਕਰਨ, ਬੈਂਕਾਂ ਤੋਂ ਕਰਜ਼ਿਆਂ ਤੱਕ ਪਹੁੰਚ ਪ੍ਰਦਾਨ ਕੀਤੀ ਹੈ।

## ਆਰ.ਪੀ. ਸਿੰਘ ਵੱਲੋਂ ਪ੍ਰੋ.ਫ਼ੈਸਰ ਭੁੱਲਰ ਦੀ ਰਿਹਾਈ ਦੀ ਮੰਗ

ਦਿੱਲੀ/ਏ.ਟੀ.ਨਿਊਜ਼: ਭਾਜਪਾ ਦੇ ਰਾਸ਼ਟਰੀ ਬੁਲਾਰੇ ਆਰ.ਪੀ. ਸਿੰਘ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਭਾਈ ਦਵਿੰਦਰਪਾਲ ਸਿੰਘ ਭੁੱਲਰ ਦੀ ਹਮਦਰਦੀ ਭਰੀ ਰਿਹਾਈ ਲਈ ਅਪੀਲ ਕੀਤੀ ਹੈ। ਆਰ.ਪੀ. ਸਿੰਘ ਨੇ ਟਵੀਟ ਰਾਹੀਂ ਦੱਸਿਆ ਕਿ ਉਨ੍ਹਾਂ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਦੌਰਾਨ ਇਹ ਮੰਗ ਮਾਨਵਤਾਵਾਦੀ ਆਧਾਰ ’ਤੇ ਰੱਖੀ। ਭੁੱਲਰ ਪਿਛਲੇ 28 ਸਾਲਾਂ ਤੋਂ ਜੇਲ੍ਹ ਵਿੱਚ ਹਨ ਅਤੇ 14 ਸਾਲਾਂ ਤੋਂ ਵੱਧ ਸਮੇਂ ਤੋਂ ਸ਼ਾਈਜ਼ੋਫ੍ਰੀਨੀਆ ਦੀ ਬਿਮਾਰੀ ਦਾ ਇਲਾਜ ਕਰਵਾ ਰਹੇ ਹਨ। ਸੁਪਰੀਮ ਕੋਰਟ ਨੇ 2014 ਵਿੱਚ ਉਨ੍ਹਾਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਸੀ, ਪਰ ਦਿੱਲੀ ਸਜ਼ਾ ਸਮੀਖਿਆ ਬੋਰਡ ਵਾਰ-ਵਾਰ ਰਿਹਾਈ ਦੀ ਮੰਗ ਠੁਕਰਾਉਂਦਾ ਰਿਹਾ ਹੈ। ਕੇਂਦਰ ਸਰਕਾਰ ਨੇ 2019 ਵਿੱਚ ਭੁੱਲਰ ਦੀ ਰਿਹਾਈ ਨੂੰ ਮਨਜ਼ੂਰੀ ਦਿੱਤੀ ਸੀ, ਪਰ ਉਹ ਅਜੇ ਵੀ ਕੈਦ ਵਿੱਚ ਹਨ। ਆਰ.ਪੀ. ਸਿੰਘ ਨੇ ਕਿਹਾ ਕਿ ਇਹ ਮਾਮਲਾ ਅਪਰਾਧ ਨਹੀਂ, ਸਗੋਂ ਇੱਕ ਮਾਨਸਿਕ ਬਿਮਾਰ ਵਿਅਕਤੀ ਨੂੰ ਦਇਆ ਦੇਣ ਦਾ ਹੈ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਇਸ ਲੰਬੇ ਮਾਮਲੇ ਨੂੰ ਮਾਨਵਤਾਵਾਦੀ ਤਰੀਕੇ ਨਾਲ ਹੱਲ ਕਰਨ ਦੀ ਗੁਹਾਰ ਲਗਾਈ। ਇਹ ਕਦਮ ਭੁੱਲਰ ਦੀ ਨਾਜ਼ੁਕ ਸਿਹਤ ਨੂੰ ਰਾਹਤ ਦੇ ਸਕਦਾ ਹੈ।

## ਸ੍ਰੀ ਆਨੰਦਪੁਰ ਸਾਹਿਬ ਲਈ ਵਿਸ਼ੇਸ਼ ਵੰਦੇ ਭਾਰਤ ਰੇਲ ਗੱਡੀ ਅਤੇ ਹੋਰ ਵਿਸ਼ੇਸ਼ ਰੇਲ ਗੱਡੀ ਚਲਾਈ ਜਾਵੇ : ਬੈਂਸ

### ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕੇਂਦਰੀ ਰੇਲ ਮੰਤਰੀ ਤੇ ਰਾਜ ਮੰਤਰੀ ਨੂੰ ਲਿਖਿਆ ਪੱਤਰ

ਚੰਡੀਗੜ੍ਹ / ਏ.ਟੀ.ਨਿਊਜ਼: ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਗੁਰੂ ਤੇਗ ਬਹਾਦਰ ਦੇ 350 ਸਾਲਾ ਸ਼ਹੀਦੀ ਦਿਹਾੜੇ ਉੱਤੇ ਵਿਸ਼ੇਸ਼ ਰੇਲ ਗੱਡੀ ਚਲਾਉਣ ਦੀ ਮੰਗ ਕੀਤੀ ਹੈ।



ਇਸ ਸਬੰਧੀ ਹਰਜੋਤ ਬੈਂਸ ਨੇ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਨੇ ਪੱਤਰ ਵਿੱਚ ਮੰਗ ਕੀਤੀ ਕਿ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੀ ਸ਼ਤਾਬਦੀ ਸਬੰਧੀ ਸ੍ਰੀ ਆਨੰਦਪੁਰ ਸਾਹਿਬ ਲਈ ਵਿਸ਼ੇਸ਼ ਵੰਦੇ ਭਾਰਤ ਰੇਲ ਗੱਡੀ ਅਤੇ ਹੋਰ ਵਿਸ਼ੇਸ਼ ਰੇਲ ਗੱਡੀ ਚਲਾਈ ਜਾਵੇ। ਉਨ੍ਹਾਂ ਕਿਹਾ ਕਿ ਇਸ ਮਹਾਨ ਪਵਿੱਤਰ ਦਿਹਾੜੇ ਮੌਕੇ ਦੇਸ਼ ਵਿਦੇਸ਼ ਤੋਂ ਲੱਖਾਂ ਕਰੋੜਾਂ ਸੰਗਤ ਦੇ ਸ੍ਰੀ ਆਨੰਦਪੁਰ ਸਾਹਿਬ ਪਹੁੰਚਣ ਦੀ ਉਮੀਦ ਹੈ। ਸੰਗਤਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਦਿੱਲੀ, ਮਹਾਰਾਸ਼ਟਰ, ਪਟਨਾ, ਅੰਮ੍ਰਿਤਸਰ ਸਮੇਤ ਹੋਰ ਸੂਬਿਆਂ ਤੋਂ ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾਣ। ਸ੍ਰੀ ਬੈਂਸ ਨੇ ਆਸ ਜਤਾਈ ਕਿ ਅਸ਼ਵਨੀ ਵੈਸ਼ਨਵ ਅਤੇ ਰਵਨੀਤ ਸਿੰਘ ਬਿੱਟੂ ਸਿੱਖ ਸੰਗਤ ਦੀਆਂ ਭਾਵਨਾਵਾਂ ਦਾ ਆਦਰ ਕਰਦੇ ਹੋਏ ਇਸ ਬੇਨਤੀ ਨੂੰ ਜ਼ਰੂਰ ਸਵੀਕਾਰ ਕਰਨਗੇ।

## ਦਰਪਣ ਝੂਠ ਨਹੀਂ ਬੋਲਦਾ

# ਪੰਜਾਬ ਦੀ ਧੀ ਰਾਜਬੀਰ ਕੌਰ ਦਸਤਾਰ ਦੀ ਸ਼ਾਨ: ਪਹਿਲੀ ਸਿੱਖ ਔਰਤ ਜੋ ਬਣੀ ਆਰ.ਸੀ.ਐਮ.ਪੀ. ਕੈਡਿਟ

### ਥਾਂਦੇਵਾਲਾ ਤੋਂ ਕੈਨੇਡਾ: ਰਾਜਬੀਰ ਦੀ ਸੰਘਰਸ਼ਮਈ ਯਾਤਰਾ

ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਥਾਂਦੇਵਾਲਾ ਵਿੱਚ ਜਨਮ ਲੈਣ ਵਾਲੀ ਰਾਜਬੀਰ ਕੌਰ ਨੇ ਆਪਣੀ ਸਖ਼ਤ ਮਿਹਨਤ ਅਤੇ ਲਗਨ ਨਾਲ ਨਾ ਸਿਰਫ਼ ਆਪਣੇ ਸੁਪਨੇ ਨੂੰ ਪੂਰਾ ਕੀਤਾ, ਸਗੋਂ ਪੂਰੇ ਪੰਜਾਬ ਅਤੇ ਸਿੱਖ ਪੰਥ ਦਾ ਵਿਦੇਸ਼ਾਂ ਵਿੱਚ ਨਾਮ ਰੋਸ਼ਨ ਕੀਤਾ । 35 ਸਾਲਾਂ ਦੀ ਰਾਜਬੀਰ ਨੇ ਕੈਨੇਡਾ ਦੀ ਪ੍ਰਸਿੱਧ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਵਿੱਚ ਕੈਡਿਟ ਵਜੋਂ ਭਰਤੀ ਹੋ ਕੇ ਇਤਿਹਾਸ ਰਚ ਦਿੱਤਾ ਹੈ। ਉਹ ਪਹਿਲੀ ਦਸਤਾਰਧਾਰੀ ਔਰਤ ਹੈ ਜੋ ਪੁਲਿਸ ਫੋਰਸ ਵਿੱਚ ਸ਼ਾਮਲ ਹੋਈ ਹੈ। ਰਾਜਬੀਰ ਦੇ ਪਿਤਾ ਇਕੱਤਰ ਸਿੰਘ, ਮਾਤਾ ਕੁਲਵਿੰਦਰ ਕੌਰ ਅਤੇ ਭਰਾ ਬੇਅੰਤ ਸਿੰਘ ਖਾਲਸਾ ਨੇ ਦੱਸਿਆ ਕਿ ਉਹਨਾਂ ਦੀ ਧੀ/ਭੈਣ ਨੇ ਪੰਥਕ ਸੋਚ ਤੇ ਮਰਿਆਦਾ ਨੂੰ ਕਦੇ ਨਹੀਂ ਛੱਡਿਆ ਅਤੇ ਅੱਜ ਉਸ ਨੇ ਵਿਸ਼ਵ ਪੱਧਰ ਤੇ ਸਿੱਖ ਪੰਥ ਨੂੰ ਚਮਕਾਇਆ ਹੈ।

ਆਰ.ਸੀ.ਐਮ.ਪੀ. ਦੇ ਅਧਿਕਾਰੀਆਂ ਨੇ ਉਸ ਨੂੰ ਯੂਨੀਫਾਰਮ ਹੈਂਡ ਓਵਰ ਕਰਦੇ ਸਮੇਂ ਹੀ ਦੱਸ ਦਿੱਤਾ ਕਿ ਉਹ ਪਹਿਲੀ ਦਸਤਾਰਧਾਰੀ ਔਰਤ ਹੈ। ਇਹ ਘਟਨਾ 1991 ਵਿੱਚ ਬਲਤੇਜ ਸਿੰਘ ਧਿਲੋਂ ਵੱਲੋਂ ਆਰ.ਸੀ.ਐਮ.ਪੀ. ਵਿੱਚ ਪਹਿਲੇ ਦਸਤਾਰਧਾਰੀ ਅਧਿਕਾਰੀ ਬਣਨ ਤੋਂ ਬਾਅਦ ਔਰਤਾਂ ਲਈ ਇੱਕ ਨਵਾਂ ਅਧਿਆਇ ਸਿਰਜਦੀ ਹੈ। ਰਾਜਬੀਰ ਦੀ ਇਸ ਸਫਲਤਾ ਨੇ ਸਿੱਖ ਨੌਜਵਾਨਾਂ ਵਿੱਚ ਉਤਸ਼ਾਹ ਪੈਦਾ ਕੀਤਾ ਹੈ ਅਤੇ ਉਹਨਾਂ ਨੂੰ ਵਿਦੇਸ਼ਾਂ ਵਿੱਚ ਜਾ ਕੇ ਵੀ ਆਪਣੀ ਪਛਾਣ ਨੂੰ ਸੰਭਾਲਣ ਲਈ ਪ੍ਰੇਰਿਤ ਕਰ ਰਿਹਾ ਹੈ।

ਰਾਜਬੀਰ ਕੌਰ ਦਾ ਜਨਮ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਥਾਂਦੇਵਾਲਾ ਪਿੰਡ ਵਿੱਚ ਇੱਕ ਸਾਧਾਰਨ ਸਿੱਖ ਪਰਿਵਾਰ ਵਿੱਚ ਹੋਇਆ। ਉਸ ਨੇ ਆਪਣੀ ਮੁੱਢਲੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ ਤੋਂ ਹਾਸਲ ਕੀਤੀ ਸੀ, ਜਿੱਥੇ ਉਹ ਹਮੇਸ਼ਾ ਟਾਪਰ ਰਹੀ। ਛੇਵੀਂ ਕਲਾਸ ਤੱਕ ਪੜ੍ਹਾਈ ਕਰਨ ਤੋਂ ਬਾਅਦ, ਉਸ ਨੇ ਪੰਜਾਬ ਵਿੱਚ ਹੀ ਕੁਝ ਸਾਲ ਅਧਿਐਨ ਜਾਰੀ ਰੱਖਿਆ। ਉਸ ਦੇ ਮਾਪੇ ਇਕੱਤਰ ਸਿੰਘ ਅਤੇ ਕੁਲਵਿੰਦਰ



ਕੌਰ ਇੱਕ ਛੋਟੇ ਜਿਹੇ ਖੇਤੀਬਾੜੀ ਵਾਲੇ ਪਰਿਵਾਰ ਨਾਲ ਸੀਮਤ ਸਨ, ਪਰ ਉਹਨਾਂ ਨੇ ਰਾਜਬੀਰ ਨੂੰ ਹਮੇਸ਼ਾ ਪੜ੍ਹਾਈ ਲਈ ਉਤਸ਼ਾਹਿਤ ਕੀਤਾ। ਰਾਜਬੀਰ ਨੂੰ ਬਚਪਨ ਤੋਂ ਹੀ ਪੁਲਿਸ ਸੇਵਾ ਵੱਲ ਝੁਕਾਅ ਸੀ। ਉਹ ਅਕਸਰ ਟੀ.ਵੀ. 'ਤੇ ਆਉਣ ਵਾਲੀਆਂ

### ਕੈਨੇਡੀਅਨ ਅਖ਼ਬਾਰਾਂ ਦੀ ਚਰਚਾ ਬਣੀ ਰਾਜਬੀਰ ਦੀ ਪ੍ਰੇਰਣਾਦਾਇਕ ਕਹਾਣੀ

ਪੁਲਿਸ ਵਾਲੀਆਂ ਫਿਲਮਾਂ ਵੇਖ ਕੇ ਸੁਪਨੇ ਵੇਖਦੀ ਸੀ। ਉਸ ਨੇ ਆਪਣੇ ਸਕੂਲੀ ਦਿਨਾਂ ਵਿੱਚ ਹੀ ਫੈਸਲਾ ਕੀਤਾ ਕਿ ਉਹ ਭਵਿੱਖ ਵਿੱਚ ਪੀ.ਸੀ.ਐਸ. ਜਾਂ ਪੀ.ਪੀ.ਐਸ. ਅਧਿਕਾਰੀ ਬਣੇਗੀ, ਤਾਂ ਜੋ ਆਪਣੇ ਪਿੰਡ ਅਤੇ ਰਾਜ ਨੂੰ ਗੌਰਵ ਦੇ ਸਕੇ।2016 ਵਿੱਚ, ਰਾਜਬੀਰ ਨੇ ਕੈਨੇਡਾ ਜਾਣ ਦਾ ਫੈਸਲਾ ਕੀਤਾ। ਉੱਥੇ ਪਹੁੰਚ ਕੇ ਉਸ ਨੂੰ ਸ਼ੁਰੂ ਵਿੱਚ ਬਹੁਤ ਸੰਘਰਸ਼ ਕਰਨ ਪਿਆ। ਉਹ ਵਾਲਮਾਰਟ ਵਿੱਚ ਕੈਸ਼ੀਅਰ ਵਜੋਂ ਨੌਕਰੀ ਕਰਦੀ ਰਹੀ, ਜਿੱਥੇ ਉਹ ਸਵੇਰੇ ਤੋਂ ਸ਼ਾਮ ਤੱਕ ਮਿਹਨਤ ਕਰਦੀ। ਪਰ ਉਸ ਨੇ ਆਪਣੇ ਸੁਪਨੇ ਨੂੰ ਨਹੀਂ ਛੱਡਿਆ। ਹਰ ਰੋਜ਼ ਨੌਕਰੀ ਤੋਂ ਬਾਅਦ, ਉਹ ਘਰ ਆ ਕੇ ਪੁਲਿਸ ਭਰਤੀ ਪ੍ਰੀਖਿਆ ਲਈ ਤਿਆਰੀ ਕਰਦੀ ਰਹੀ। ਉਸ ਨੇ ਅੰਗਰੇਜ਼ੀ ਭਾਸ਼ਾ, ਕਾਨੂੰਨੀ ਗਿਆਨ ਅਤੇ ਫਿਜ਼ੀਕਲ ਫਿਟਨੈੱਸ ਤੇ ਵਿਸ਼ੇਸ਼ ਧਿਆਨ ਦਿੱਤਾ। ਕੈਨੇਡਾ ਵਿੱਚ ਪਹੁੰਚਣ ਤੋਂ ਬਾਅਦ ਤਿੰਨ ਸਾਲਾਂ ਦੇ ਅੰਦਰ-ਅੰਦਰ ਉਹਨਾਂ ਨੂੰ ਨਾਗਰਿਕਤਾ ਵੀ ਮਿਲ ਗਈ, ਜੋ ਆਰ.ਸੀ.ਐਮ.ਪੀ. ਵਿੱਚ ਭਰਤੀ ਲਈ ਜ਼ਰੂਰੀ ਸੀ। ਰਾਜਬੀਰ ਨੇ ਦੱਸਿਆ ਕਿ ਉਸ ਨੇ ਕਦੇ ਵੀ ਆਪਣੀ ਦਸਤਾਰ ਨੂੰ ਲਈ ਕੋਈ ਸਮਝੌਤਾ ਨਹੀਂ ਕੀਤਾ। ਉਸ ਦੇ ਭਰਾ ਬੇਅੰਤ ਸਿੰਘ, ਜੋ ਪਿੰਡ ਵਿੱਚ ਡੇਅਰੀ ਫਾਰਮਿੰਗ ਕਰਦੇ ਹਨ, ਨੇ ਦੱਸਿਆ ਕਿ ਰਾਜਬੀਰ ਨੇ ਹਰ ਕਦਮ ਤੇ ਪਰਿਵਾਰ ਨੂੰ ਯਾਦ ਰੱਖਿਆ ਅਤੇ ਉਹਨਾਂ ਨੂੰ ਵੀ ਪੜ੍ਹਾਈ ਲਈ ਪ੍ਰੇਰਿਤ ਕੀਤਾ। ਇਹ ਯਾਤਰਾ ਰਾਜਬੀਰ ਲਈ ਆਸਾਨ ਨਹੀਂ ਸੀ, ਪਰ ਉਸ ਨੇ ਹਰ ਚੁਣੌਤੀ ਨੂੰ ਚੰਗੇ ਤਰੀਕੇ ਨਾਲ ਪਾਰ ਕੀਤਾ।

ਰਾਜਬੀਰ ਦੀ ਇਸ ਸਫਲਤਾ ਨਾ ਸਿਰਫ਼ ਉਸ ਦੇ ਪਰਿਵਾਰ ਅਤੇ ਪਿੰਡ ਲਈ, ਸਗੋਂ ਪੂਰੇ ਪੰਜਾਬ ਅਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਲਈ ਇੱਕ ਵੱਡੀ ਪ੍ਰੇਰਣਾ ਹੈ। ਇਸ ਪ੍ਰਾਪਤੀ ਨੇ ਪੰਜਾਬੀ ਨੌਜਵਾਨਾਂ ਨੂੰ ਵੀ ਉਤਸ਼ਾਹਿਤ ਕੀਤਾ ਹੈ ਕਿ ਉਹ ਵਿਦੇਸ਼ ਜਾ ਕੇ ਵੀ ਆਪਣੇ ਸੱਭਿਆਚਾਰ ਨੂੰ ਉਚਾ ਚੁਕਣ। ਭਵਿੱਖ ਵਿੱਚ ਰਾਜਬੀਰ ਹੋਰ ਸਿੱਖ ਔਰਤਾਂ ਨੂੰ ਆਰ.ਸੀ.ਐਮ.ਪੀ. ਵਿੱਚ ਆਉਣ ਲਈ ਮਾਰਗਦਰਸ਼ਨ ਵੀ ਕਰੇਗੀ।

## ਮੁੱਤਕੀ ਦੀ ਭਾਰਤ ਯਾਤਰਾ

# ਅਟਾਰੀ-ਵਾਘਾ ਬਾਰਡਰ ਖੋਲ੍ਹਣ ਦੀ ਮੰਗ: ਪੰਜਾਬ ਲਈ ਵਪਾਰ ਦਾ ਸੁਨਹਿਰੀ ਮੌਕਾ ?

### ਪਾਕਿਸਤਾਨ-ਤਾਲਿਬਾਨ ਝੜਪਾਂ: ਸਰਹੱਦ 'ਤੇ ਖ਼ੂਨੀ ਖੇਡ

ਅਫਗਾਨਿਸਤਾਨ ਦੇ ਤਾਲਿਬਾਨ ਸਰਕਾਰ ਦੇ ਵਿਦੇਸ਼ ਮੰਤਰੀ ਆਮਿਰ ਖਾਨ ਮੁੱਤਕੀ ਦੀ ਭਾਰਤ ਯਾਤਰਾ ਨੇ ਖੇਤਰੀ ਰਾਜਨੀਤੀ ਵਿੱਚ ਇੱਕ ਨਵਾਂ ਰੰਗ ਭਰ ਦਿੱਤਾ ਹੈ। ਤਾਲਿਬਾਨ ਦੇ ਕਬਜ਼ੇ ਬਾਅਦ ਪਹਿਲੀ ਵਾਰ ਕਿਸੇ ਵੱਡੇ ਅਫਗਾਨ ਨੇਤਾ ਵੱਲੋਂ ਭਾਰਤ ਦਾ ਦੌਰਾ ਹੈ। ਹੁਣ ਇਸ ਯਾਤਰਾ ਕਾਰਨ ਭਾਰਤ ਨੇ ਕਾਬੁਲ ਵਿੱਚ ਆਪਣਾ ਦੂਤਘਰ ਫਿਰ ਖੋਲ੍ਹਣ ਦਾ ਐਲਾਨ ਕੀਤਾ ਹੈ। ਤਾਲਿਬਾਨ ਸਰਕਾਰ ਦੇ ਵਿਦੇਸ਼ ਮੰਤਰੀ ਆਮਿਰ ਖਾਨ ਮੁੱਤਕੀ ਦੀ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨਾਲ ਮੀਟਿੰਗ ਵਿੱਚ ਚਾਬਹਾਰ ਬੰਦਰਗਾਹ ਦੇ ਵਿਕਾਸ, ਵਪਾਰ ਅਤੇ ਅੱਤਵਾਦੀ ਹਿੰਸਾ ਸਬੰਧੀ ਤਾਲਮੇਲ 'ਤੇ ਚਰਚਾ ਹੋਈ। ਭਾਰਤ ਨੇ ਅਫਗਾਨਿਸਤਾਨ ਨੂੰ ਮਾਨਵੀ ਸਹਾਇਤਾ ਅਤੇ ਵਿਕਾਸ ਪ੍ਰੋਜੈਕਟਾਂ ਲਈ ਵਧੇਰੇ ਸਹਿਯੋਗ ਦਾ ਵਾਅਦਾ ਕੀਤਾ।

10 ਅਕਤੂਬਰ ਨੂੰ ਅਫਗਾਨ ਦੂਤਘਰ ਵਿੱਚ ਪ੍ਰੈੱਸ ਕਾਨਫਰੰਸ ਵਿੱਚ ਔਰਤ ਪੱਤਰਕਾਰਾਂ ਨੂੰ ਨਾ ਬੁਲਾਉਣ 'ਤੇ ਵਿਰੋਧੀ ਧਿਰਾਂ ਅਤੇ ਮੀਡੀਆ ਨੇ ਨਾਰਾਜ਼ਗੀ ਜ਼ਾਹਰ ਕੀਤੀ। ਮੁੱਤਕੀ ਨੇ 12 ਅਕਤੂਬਰ ਨੂੰ ਦੂਜੀ ਕਾਨਫਰੰਸ ਵਿੱਚ ਕਿਹਾ, ਇਹ ਗਲਤੀ ਨਹੀਂ ਸੀ, ਸਮੇਂ ਦੀ ਘਾਟ ਕਾਰਨ ਹੋਇਆ। ਅਸੀਂ ਔਰਤਾਂ ਨੂੰ ਹਮੇਸ਼ਾ ਸ਼ਾਮਲ ਕਰਦੇ ਹਾਂ। ਇਸ ਨਾਲ ਵਿਵਾਦ ਥੋੜ੍ਹਾ ਘੱਟਿਆ। ਮੁੱਤਕੀ ਨੇ ਦੇਵਬੰਦ ਵੀ ਜਾਣਾ ਸੀ, ਜਿੱਥੇ ਹਜ਼ਾਰਾਂ ਲੋਕ ਇਕੱਠੇ ਹੋਏ, ਜੋ ਉਨ੍ਹਾਂ ਨੂੰ 'ਦੁਨੀਆਂ ਦੀਆਂ ਮਹਾਸ਼ਕਤੀਆਂ ਅਮਰੀਕਾ ਤੇ ਰੂਸ ਨੂੰ ਹਰਾਉਣ ਵਾਲੇ' ਵਜੋਂ ਵੇਖਦੇ ਸਨ।



ਮੁੱਤਕੀ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਅਟਾਰੀ-ਵਾਘਾ ਬਾਰਡਰ ਨੂੰ ਰਾਜਨੀਤਿਕ ਨਹੀਂ, ਆਰਥਿਕ ਨਜ਼ਰੀਏ ਨਾਲ ਵੇਖੋ ਅਤੇ ਖੋਲ੍ਹ ਦੋ। ਇਹ ਭਾਰਤ-ਅਫਗਾਨ ਵਿਚਕਾਰ ਵਪਾਰ ਦਾ ਸਭ ਤੋਂ ਛੋਟਾ ਰਾਹ ਹੈ। ਉਨ੍ਹਾਂ ਨੇ ਚਾਬਹਾਰ ਬੰਦਰਗਾਹ ਨੂੰ ਵੀ ਮਜ਼ਬੂਤ ਕਰਨ ਦੀ ਗੱਲ ਕੀਤੀ, ਜਿਸ ਲਈ ਭਾਰਤ ਅਤੇ ਅਫਗਾਨਿਸਤਾਨ ਨੂੰ ਅਮਰੀਕਾ-ਈਰਾਨ ਨਾਲ ਗੱਲ ਕਰਨੀ ਚਾਹੀਦੀ।

### ਅਫ਼ਗਾਨ ਨੇੜਤਾ ਕਾਰਨ ਇਸਲਾਮਾਬਾਦ ਕਿਉਂ ਤਿਲਮਿਲਾਇਆ ?

ਅਟਾਰੀ ਵਾਲਾ ਬਾਰਡਰ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੈ, ਜਿੱਥੇ ਵਪਾਰ ਨਾਲ ਹਜ਼ਾਰਾਂ ਨੌਕਰੀਆਂ ਪੈਦਾ ਹੋਣਗੀਆਂ। ਅਫਗਾਨ ਫਲਾਂ-ਸਬਜ਼ੀਆਂ, ਸੁੱਕੇ ਮੇਵੇ ਅਤੇ ਹਸਤ ਸ਼ਿਲਪ ਕਲਾ ਵਸਤਾਂ ਸਿੱਧੇ ਆ ਸਕਣਗੀਆਂ, ਜਿਸ ਨਾਲ ਕੀਮਤਾਂ ਘਟਣਗੀਆਂ ਅਤੇ ਸਥਾਨਕ ਵਪਾਰੀਆਂ ਨੂੰ ਨਵੇਂ ਬਜ਼ਾਰ ਮਿਲਣਗੇ। ਪੰਜਾਬ ਦੀ ਆਰਥਿਕਤਾ ਨੂੰ ਹਲੂਣਾ ਮਿਲੇਗਾ। ਪਿਛਲੇ ਸਾਲਾਂ ਵਿੱਚ 162 ਅਫਗਾਨ ਟਰੱਕਾਂ ਨੂੰ ਵਿਸ਼ੇਸ਼ ਤੌਰ 'ਤੇ ਇਜਾਜ਼ਤ ਦਿੱਤੀ ਗਈ ਸੀ, ਜਿਸ ਨਾਲ ਲੱਖਾਂ ਰੁਪਏ ਦਾ ਵਪਾਰ ਹੋਇਆ। ਪੰਜਾਬ ਦੇ ਕਿਸਾਨਾਂ ਨੂੰ ਵੀ ਆਪਣੀਆਂ ਫਸਲਾਂ - ਜਿਵੇਂ ਗਲੋਬਲ ਬਾਜ਼ਾਰ ਵਿੱਚ ਭੇਜਣ ਦਾ ਰਾਹ ਮਿਲੇਗਾ। ਇਸ ਨਾਲ ਅਫਗਾਨਿਸਤਾਨ ਦੀ ਆਰਥਿਕਤਾ ਨੂੰ ਮਜ਼ਬੂਤੀ ਮਿਲੇਗੀ, ਜੋ ਅੱਤਵਾਦ ਨੂੰ ਰੋਕਣ ਵਿੱਚ ਵੀ ਮਦਦ ਕਰੇਗੀ। ਐਕਸਪਰਟ ਕਹਿੰਦੇ ਹਨ ਕਿ ਇਹ ਵਪਾਰ ਨਾਲ ਭਾਰਤ ਦੇ ਰਣਨੀਤਕ ਹਿੱਤ ਪੂਰੇ ਹੋਣਗੇ।

ਭਾਵੇਂ ਭਾਰਤ ਨੇ ਅਜੇ ਕੋਈ ਪੱਕਾ ਵਾਅਦਾ ਨਹੀਂ ਕੀਤਾ, ਪਰ ਜੈਸ਼ੰਕਰ ਨੇ ਕਿਹਾ ਕਿ 'ਆਰਥਿਕ ਰਿਸ਼ਤੇ ਨੂੰ ਮਜ਼ਬੂਤ ਕਰਨ ਲਈ ਸਾਰੇ ਬਦਲ ਵਿਚਾਰੇ ਜਾਣਗੇ।' ਪਾਕਿਸਤਾਨ ਨਾਲ ਤਣਾਅ ਕਾਰਨ ਬਾਰਡਰ ਬੰਦ ਹੈ, ਪਰ ਅਫਗਾਨ ਵਪਾਰੀਆਂ ਲਈ ਵਿਸ਼ੇਸ਼ ਐਲਾਨ ਹੋ ਸਕਦਾ ਹੈ। ਐਕਸਪਰਟਾਂ ਅਨੁਸਾਰ, ਜੇਕਰ ਚਾਬਹਾਰ ਪੂਰਾ ਹੋ ਗਿਆ ਤਾਂ ਬਾਰਡਰ ਖੋਲ੍ਹਣ ਦੀ ਸੰਭਾਵਨਾ ਵਧੇਗੀ, ਕਿਉਂਕਿ ਇਹ ਪਾਕ ਨੂੰ ਬਾਈਪਾਸ ਕਰੇਗਾ।

(ਬਾਕੀ ਸਫ਼ਾ 26 'ਤੇ)

# ਕਰਨਾਟਕ 'ਚ ਸਰਕਾਰੀ ਜ਼ਮੀਨਾਂ ਤੇ ਸੰਘ ਪਰਿਵਾਰ ਦੀਆਂ ਸ਼ਾਖਾਵਾਂ ਤੇ ਪਾਬੰਦੀ ਕਿਉਂ ਲੱਗ ਰਹੀ ਏ ?

### ਕਰਨਾਟਕਾ ਸਰਕਾਰ ਅਨੁਸਾਰ ਸੰਘ ਦੀ ਕੱਟੜ ਵਿਚਾਰਧਾਰਾ ਸੰਵਿਧਾਨ ਲਈ ਖ਼ਤਰਾ

ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਾਮੈਆ ਨੇ ਸਰਕਾਰੀ ਸਕੂਲਾਂ ਦੇ ਕੰਪਲੈਕਸ, ਜਨਤਕ ਮੈਦਾਨਾਂ ਅਤੇ ਹੋਰ ਸਰਕਾਰੀ ਜ਼ਮੀਨਾਂ ਤੇ ਆਰ.ਐੱਸ.ਐੱਸ. ਦੀਆਂ ਸ਼ਾਖਾਵਾਂ 'ਤੇ ਪਾਬੰਦੀ ਲਾਉਣ ਦਾ ਫੈਸਲਾ ਲਿਆ ਹੈ। ਇਹ ਫੈਸਲਾ ਮੰਤਰੀ ਪ੍ਰਿਆਂਕ ਖੜਗੇ ਦੀ ਅਰਜ਼ੀ 'ਤੇ ਲਿਆ ਗਿਆ ਹੈ, ਜਿਨ੍ਹਾਂ ਨੇ ਆਰ.ਐੱਸ.ਐੱਸ. ਦੀ ਕੱਟੜਵਾਦੀ ਵਿਚਾਰਧਾਰਾ ਨੂੰ ਖਤਰਾ ਦੱਸਿਆ ਹੈ। ਕਰਨਾਟਕ ਸਰਕਾਰ ਜਨਤਕ ਥਾਵਾਂ 'ਤੇ ਆਰ.ਐੱਸ.ਐੱਸ. ਦੀਆਂ ਗਤੀਵਿਧੀਆਂ 'ਤੇ ਪਾਬੰਦੀ ਲਾਉਣ ਬਾਰੇ ਵਿਚਾਰ ਕਰ ਰਹੀ ਹੈ, ਕਿਉਂਕਿ ਇਹ ਸੰਗਠਨ ਸੰਵਿਧਾਨ ਦੇ ਨਿਯਮਾਂ ਵਿਰੋਧੀ ਕੰਮ ਕਰ ਰਿਹਾ ਹੈ ਅਤੇ ਇਸ ਦੇ ਵਰਕਰ ਬੱਚਿਆਂ ਅਤੇ ਨੌਜਵਾਨਾਂ ਵਿੱਚ ਅਸ਼ਾਂਤੀ ਫੈਲਾ ਰਹੇ ਹਨ, ਜਿਸ ਨਾਲ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਹੈ।

ਮੁੱਖ ਮੰਤਰੀ ਸਿੱਧਾਰਾਮੈਆ ਨੇ ਮੁੱਖ ਸਕੱਤਰ ਸ਼ਾਲਿਨੀ ਰਜਨੀਸ਼ ਨੂੰ ਆਈਟੀ/ਬੀਟੀ ਮੰਤਰੀ ਪ੍ਰਿਆਂਕ ਖੜਗੇ ਦੇ ਇੱਕ ਪੱਤਰ ਤੋਂ ਬਾਅਦ ਮਾਮਲੇ ਦੀ ਜਾਂਚ ਕਰਕੇ ਉਚਿਤ ਕਾਰਵਾਈ ਕਰਨ ਨੂੰ ਕਿਹਾ ਹੈ। ਉਨ੍ਹਾਂ ਨੇ ਕਿਹਾ ਕਿ ਆਰ.ਐੱਸ.ਐੱਸ. ਵਰਕਰ ਬਿਨਾਂ ਕਿਸੇ ਇਜਾਜ਼ਤ ਦੇ ਜਨਤਕ ਥਾਵਾਂ ਉਪਰ ਆਪਣੀਆਂ ਲਾਠੀਆਂ ਵਿਖਾ ਰਹੇ ਹਨ। ਖੜਗੇ ਦਾ ਪੱਤਰ ਆਰ.ਐੱਸ.ਐੱਸ. ਦੇ ਸ਼ਤਾਬਦੀ ਸਮਾਰੋਹ ਦੇ ਵੇਲੇ ਆਇਆ ਹੈ, ਜਦੋਂ ਬੀਤੇ ਦਿਨੀਂ ਹਜ਼ਾਰਾਂ ਆਰ.ਐੱਸ.ਐੱਸ. ਸਵੈਸੇਵਕਾਂ ਨੇ ਇਸ ਮੌਕੇ 'ਤੇ ਇੱਕ ਪੈਦਲ ਯਾਤਰਾ ਕੱਢੀ।

ਇਸ ਵਿਸ਼ੇ ਅਤੇ ਮੰਤਰੀ ਦੇ ਪੱਤਰ ਸਬੰਧੀ ਵਿਰੋਧੀ ਪਾਰਟੀ ਬੀਜੇਪੀ ਨੇ ਵਿਰੋਧ ਜਤਾਇਆ ਅਤੇ ਇਸ ਨੂੰ ਕਾਂਗਰਸ ਵੱਲੋਂ ਸ਼ਾਸਨ ਦੇ ਪਤਨ ਤੋਂ ਜਨਤਾ ਦਾ ਧਿਆਨ ਹਟਾਉਣ ਅਤੇ ਮੁੱਖ ਮੰਤਰੀ ਪਦ ਨੂੰ ਲੈ ਕੇ ਪਾਰਟੀ ਅੰਦਰ ਚੱਲ ਰਹੇ ਅੰਦਰੂਨੀ ਸੱਤਾ ਸੰਘਰਸ਼ ਨੂੰ ਛੁਪਾਉਣ ਦੀ ਕੋਸ਼ਿਸ਼ ਦੱਸਿਆ ਹੈ।

# ਭਾਰਤ 'ਚ ਜਿਹਾਦ ਦੀ ਰਾਜਨੀਤੀ: ਭਗਵੀਂ ਸਿਆਸਤ ਦੀ ਵੋਟ ਬੈਂਕ ਖੇਡ

### ਵੋਟ ਲਈ 'ਜਿਹਾਦ' ਦਾ ਝੂਠਾ ਬਹਾਨਾ: ਸੰਵਿਧਾਨ ਤੇ ਲੋਕਤੰਤਰ ਉੱਪਰ ਹਮਲਾ

ਭਾਰਤ ਦੀ ਰਾਜਨੀਤੀ ਵਿੱਚ 'ਜਿਹਾਦ' ਵਰਡ ਨੂੰ ਹੁਣ ਹਰ ਚੀਜ਼ ਨਾਲ ਜੋੜਿਆ ਜਾ ਰਿਹਾ ਹੈ। ਚਾਹੇ ਲਵ ਜਿਹਾਦ ਹੋਵੇ, ਲੈਂਡ ਜਿਹਾਦ, ਵੋਟ ਜਿਹਾਦ ਜਾਂ ਹੁਣ ਤਾਜ਼ਾ 'ਨਕਲ ਜਿਹਾਦ' - ਇਹ ਸਾਰੇ ਸ਼ਬਦ ਭਗਵੀਂ ਰਾਸ਼ਟਰਵਾਦੀ ਸਿਆਸਤ ਤੇ ਨੈਰੇਟਿਵ ਦਾ ਹਿੱਸਾ ਬਣ ਗਏ ਹਨ। ਪਰ ਸਵਾਲ ਇਹ ਹੈ ਕਿ ਇਸ ਨੈਰੇਟਿਵ ਨੂੰ ਕਿਸ ਨੇ ਚਲਾਇਆ ? ਇਸ ਪਿੱਛੇ ਕਿਹੜੀ ਰਾਜਨੀਤੀ ਛੁਪੀ ਹੈ ਅਤੇ ਇਸ ਦੇ ਨਿਸ਼ਾਨੇ ਕੌਣ ਹਨ ? ਸਿਆਸੀ ਮਾਹਿਰਾਂ ਅਨੁਸਾਰ ਇਹ ਸਾਰੀ ਖੇਡ ਭਾਰਤੀ ਜਨਤਾ ਪਾਰਟੀ (ਬੀਜੇਪੀ) ਅਤੇ ਉਸ ਨਾਲ ਜੁੜੀ ਰਾਸ਼ਟਰੀ ਸਵੈਮਸੇਵਕ ਸੰਘ (ਆਰਐਸਐਸ) ਵਰਗੀਆਂ ਸੰਗਠਨਾਂ ਦੀ ਰਣਨੀਤੀ ਹੈ, ਜੋ ਹਿੰਦੂ ਵੋਟ ਇਕੱਠੇ ਕਰਨ ਲਈ ਧਰਮ ਦੀ ਵੰਡ ਨੂੰ ਹਥਿਆਰ ਬਣਾ ਰਹੀ ਹੈ।

ਇਸ ਕਹਾਣੀ ਦੀ ਸ਼ੁਰੂਆਤ 1947 ਦੀ ਵੰਡ ਨਾਲ ਜੁੜੀ ਹੈ। ਉਸ ਵੇਲੇ ਹਿੰਦੂ ਮਹਾਸਭਾ ਅਤੇ ਆਰ.ਐਸ.ਐਸ. ਵਰਗੇ ਸੰਗਠਨਾਂ ਨੇ ਮੁਸਲਿਮਾਂ ਨੂੰ 'ਘੁਸਪੈਠੀਏ' ਅਤੇ 'ਧਰਮ ਬਦਲਣ ਵਾਲੇ' ਕਹਿ ਕੇ ਪੇਸ਼ ਕੀਤਾ। ਪਰ ਅਸਲ 'ਲਵ ਜਿਹਾਦ' ਵਰਗੇ ਸ਼ਬਦਾਂ ਦੀ ਕਾਢ 2000 ਦੇ ਦਹਾਕੇ ਵਿੱਚ ਹੋਈ। 2007 ਵਿੱਚ ਗੁਜਰਾਤ ਵਿੱਚ ਪਹਿਲੀ ਵਾਰ ਇਹ ਥਿਊਰੀ ਉੱਭਰੀ, ਜਿੱਥੇ ਮੁਸਲਿਮ ਮਰਦਾਂ ਨੂੰ ਹਿੰਦੂ ਔਰਤਾਂ ਨੂੰ 'ਫਸਾਉਣ' ਅਤੇ ਧਰਮ ਬਦਲਵਾਉਣ ਦਾ ਅਪਰਾਧੀ ਬਣਾਇਆ ਗਿਆ। 2009 ਵਿੱਚ ਕੇਰਲ ਅਤੇ ਕਰਨਾਟਕ ਵਿੱਚ ਇਹ ਫੈਲਿਆ, ਜਿੱਥੇ ਪ੍ਰਮੋਦ ਮੁਥਲਿਕ ਵਰਗੇ ਆਰ.ਐਸ.ਐਸ. ਨਾਲ ਜੁੜੇ ਪ੍ਰਚਾਰਕ ਨੇ ਇਸ ਨੂੰ ਪ੍ਰਚਾਰਿਆ। ਆਰਐਸਐਸ ਦੀਆਂ ਮੈਗਜ਼ੀਨਾਂ 'ਆਰਗੇਨਾਈਜ਼ਰ' ਅਤੇ 'ਪੰਚਜੰਨਯ' ਨੇ 2009 ਵਿੱਚ ਕਵਰ ਸਟੋਰੀਆਂ ਚਲਾਈਆਂ।

ਬੀਜੇਪੀ ਨੇ ਇਸ ਨੂੰ ਰਾਜਨੀਤਕ ਹਥਿਆਰ ਬਣਾਇਆ।

# ਖਿਡਾਰੀ ਬਨਾਮ ਖੇਡ ਸਹੂਲਤਾਂ

## ਕੀ 'ਆਪ' ਸਰਕਾਰ ਪੰਜਾਬ 'ਚ ਕਰ ਸਕੇਗੀ ਖੇਡ ਸੱਭਿਆਚਾਰ ਨੂੰ ਵਿਕਸਤ ?

## ਪੰਜਾਬ 'ਚ 3100 ਅਤਿਆਧੁਨਿਕ ਸਟੇਡੀਅਮਾਂ ਦੇ ਨਿਰਮਾਣ ਪ੍ਰਾਜੈਕਟਾਂ ਦੀ ਸ਼ੁਰੂਆਤ



ਜਗਮੋਹਨ ਸਿੰਘ 'ਲੱਕੀ'
9463819174

**ਇੱਕ ਸਮਾਂ ਅਜਿਹਾ ਵੀ ਸੀ, ਜਦੋਂ ਪੰਜਾਬ ਦੇ ਖਿਡਾਰੀਆਂ ਦੀ ਹਰ ਪਾਸੇ ਸਰਦਾਰੀ ਹੁੰਦੀ ਸੀ। ਭਾਰਤ ਦੀਆਂ ਵੱਖ- ਵੱਖ ਖੇਡ ਟੀਮਾਂ 'ਚ ਪੰਜਾਬੀ ਖਿਡਾਰੀ ਮੋਹਰੀ ਭੂਮਿਕਾ ਨਿਭਾਉਂਦੇ ਸਨ ਪਰ ਪੰਜਾਬ ਵਿੱਚ ਪਿਛਲੇ ਸਮੇਂ ਦੌਰਾਨ ਆਏ 'ਕਾਲੇ ਦੌਰ' ਅਤੇ ਉਸ ਤੋਂ ਬਾਅਦ ਬਣੀਆਂ ਸਰਕਾਰਾਂ ਵੱਲੋਂ ਖੇਡ ਖੇਤਰ ਵੱਲ ਲੋੜੀਂਦਾ ਧਿਆਨ ਨਾ ਦੇਣ ਕਾਰਨ ਪੰਜਾਬ ਖੇਡਾਂ ਵਿੱਚ ਪਿਛੜਦਾ ਗਿਆ। ਇਸ ਸਮੇਂ ਦੌਰਾਨ ਪੰਜਾਬ ਦਾ ਗੁਆਂਢੀ ਸੂਬਾ ਹਰਿਆਣਾ ਵੀ ਖੇਡਾਂ 'ਚ ਪੰਜਾਬ ਤੋਂ ਅੱਗੇ ਨਿਕਲ ਗਿਆ। ਹੁਣ ਪੰਜਾਬ ਦੀ 'ਆਪ ਸਰਕਾਰ' ਵੱਲੋਂ ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਵਿਕਸਤ ਕਰਨ ਦਾ ਉਪਰਾਲਾ ਕਰਨਾ ਸ਼ੁਰੂ ਕੀਤਾ ਹੈ ਪਰ ਖੇਡ ਸਿਸਟਮ ਵਿੱਚ ਵੱਡੇ ਸੁਧਾਰ ਕੀਤੇ ਬਿਨਾਂ ਪੰਜਾਬ 'ਚ ਖੇਡ ਸੱਭਿਆਚਾਰ ਨੂੰ ਪੂਰੀ ਤਰ੍ਹਾਂ ਵਿਕਸਤ ਨਹੀਂ ਕੀਤਾ ਜਾ ਸਕਦਾ। ਖੇਡ ਸੱਭਿਆਚਾਰ ਨੂੰ ਵਿਕਸਤ ਕਰਨ ਲਈ ਖੇਡ ਸਿਸਟਮ ਦਾ ਪੂਰੀ ਤਰ੍ਹਾਂ ਤੰਦਰੁਸਤ, ਚੁਸਤ, ਨਿਰਪੱਖ, ਭ੍ਰਿਸ਼ਟਾਚਾਰ ਮੁਕਤ ਅਤੇ ਪਾਰਦਰਸ਼ੀ ਹੋਣਾ ਜ਼ਰੂਰੀ ਹੈ।**

ਅੱਜ ਕੱਲ੍ਹ ਪੰਜਾਬ ਦਾ ਖੇਡ ਖੇਤਰ ਨਵੀਂਆਂ ਉਡਾਰੀਆਂ ਭਰਨ ਜਾ ਰਿਹਾ ਹੈ। ਇਸ ਦਾ ਵੱਡਾ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਪੰਜਾਬ ਦੀ ਮੌਜੂਦਾ 'ਆਪ ਸਰਕਾਰ' ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਅਤੇ ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਵਿਕਸਤ ਕਰਨ ਲਈ ਵੱਡੇ ਉਪਰਾਲੇ ਕਰਨ ਦੇ ਦਾਅਵੇ ਕਰ ਰਹੀ ਹੈ। ਸੂਬੇ ਵਿੱਚ ਖੇਡ ਸੱਭਿਆਚਾਰ ਪ੍ਰਫੁੱਲਿਤ ਕਰਕੇ ਨਸ਼ਿਆਂ ਖ਼ਿਲਾਫ਼ ਜੰਗ ਨੂੰ ਸਿਖ਼ਰ 'ਤੇ ਲਿਜਾਣ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪਿਛਲੇ ਦਿਨੀਂ 1194 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਭਰ ਵਿੱਚ 3100 ਤੋਂ ਵੱਧ ਅਤਿ-ਆਧੁਨਿਕ ਸਟੇਡੀਅਮ ਬਣਾਉਣ ਦੀ ਯੋਜਨਾ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਮਾਨ ਤੇ ਕੇਜਰੀਵਾਲ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਅਤੇ ਖੇਡਾਂ 'ਚ ਮੋਹਰੀ ਬਣਾਉਣ ਦੀ ਵਚਨਬੱਧਤਾ ਦੁਹਰਾਈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕਹਿਣਾ ਹੈ ਕਿ ਪਹਿਲੇ ਪੜਾਅ ਵਿੱਚ ਵੱਡੀ ਆਬਾਦੀ ਵਾਲੇ ਪਿੰਡਾਂ ਦੀ ਚੋਣ ਕੀਤੀ ਗਈ ਹੈ ਅਤੇ ਇਹ ਖੇਡ ਮੈਦਾਨ ਅੱਧੇ ਏਕੜ ਤੋਂ ਚਾਰ ਏਕੜ ਤੱਕ ਦੇ ਰਕਬੇ ਵਿੱਚ ਬਣਾਏ ਜਾਣਗੇ। ਉਨ੍ਹਾਂ ਕਿਹਾ ਹੈ ਕਿ 2022 ਤੋਂ ਪਹਿਲਾਂ ਖੇਡਾਂ ਦਾ ਬਜਟ ਸਿਰਫ਼ 100 ਕਰੋੜ ਰੁਪਏ ਸੀ, ਜਦਕਿ ਮੌਜੂਦਾ ਸਰਕਾਰ ਨੇ ਇਸ ਨੂੰ ਵਧਾ ਕੇ ਇੱਕ ਹਜ਼ਾਰ ਕਰੋੜ ਰੁਪਏ ਕਰ ਦਿੱਤਾ ਹੈ।




ਪੰਜਾਬ ਵਿੱਚ ਰਾਸ਼ਟਰਪਤੀ ਰਾਜ ਖ਼ਤਮ ਹੋਣ ਤੋਂ ਬਾਅਦ ਜਿੰਨੀਆਂ ਵੀ ਸਰਕਾਰਾਂ ਆਈਆਂ, ਉਹਨਾਂ ਵੱਲੋਂ ਪੰਜਾਬ 'ਚ ਖੇਡ ਸੱਭਿਆਚਾਰ ਵਿਕਸਤ ਕਰਨ ਦੇ ਅਨੇਕਾਂ ਦਾਅਵੇ ਕੀਤੇ ਗਏ, ਪਰ ਠੋਸ ਰੂਪ ਵਿੱਚ ਕੋਈ ਕਾਰਵਾਈ ਨਾ ਹੋਣ ਕਾਰਨ ਪੰਜਾਬ ਖੇਡਾਂ ਦੇ ਖੇਤਰ ਵਿੱਚ ਪਿੱਛੜਦਾ ਗਿਆ। ਪਿੱਛਲੀ ਬਾਦਲ ਸਰਕਾਰ ਸਮੇਂ ਪੰਜਾਬ ਵਿੱਚ ਕਈ ਵਾਰ ਕਬੱਡੀ ਕੱਪ ਵੀ ਕਰਵਾਏ ਗਏ, ਪਰ ਕਬੱਡੀ ਕੱਪਾਂ ਦੌਰਾਨ ਫਿਲਮੀ ਹੀਰੋਈਨਾਂ ਨੂੰ ਸੱਦੇ ਜਾਣ ਅਤੇ ਉਹਨਾਂ ਨੂੰ ਉਸ ਸਮੇਂ ਦੀ ਸਰਕਾਰ ਵੱਲੋਂ ਕਰੋੜਾਂ ਰੁਪਏ ਦੇਣ ਦਾ ਮਾਮਲਾ ਸੁਰਖੀਆਂ ਵਿੱਚ ਅਜੇ ਵੀ ਬਣਿਆ ਹੋਇਆ ਹੈ। ਆਮ ਲੋਕਾਂ ਨੂੰ ਉਸ ਸਮੇਂ ਵੀ ਇਹ ਸਮਝ ਨਹੀਂ ਸੀ ਆਈ ਕਿ ਖੇਡਾਂ ਨਾਲ ਫ਼ਿਲਮੀ ਹੀਰੋਈਨਾਂ ਦਾ ਕੀ ਸਬੰਧ ਹੋਇਆ ? ਅਤੇ ਇਹ ਫਿਲਮੀ ਹੀਰੋਈਨਾਂ ਕਿਸ ਤਰੀਕੇ ਨਾਲ ਖੇਡਾਂ ਨੂੰ ਪ੍ਰਫੁਲਿਤ ਕਰ ਸਕਦੀਆਂ ਹਨ ?

ਪੰਜਾਬ ਵਿੱਚ ਲੰਬਾ ਸਮਾਂ ਖੇਡ ਨੀਤੀ ਹੀ ਨਹੀਂ ਬਣਾਈ ਗਈ, ਜਿਸ ਕਾਰਨ ਵੀ ਪੰਜਾਬ ਖੇਡਾਂ ਵਿੱਚ ਫਾਡੀ ਰਿਹਾ। ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਅਕਸਰ ਦਾਅਵਾ ਕਰਦੇ ਹਨ ਕਿ ਪੰਜਾਬ ਨੂੰ ਖੇਡਾਂ ਵਿੱਚ ਮੋਹਰੀ ਸੂਬਾ ਬਣਾਉਣ ਅਤੇ ਖੇਡ ਸੱਭਿਆਚਾਰ ਪੈਦਾ ਕਰਨ ਲਈ 'ਆਪ ਸਰਕਾਰ' ਵੱਲੋਂ 2023 ਵਿੱਚ ਨਵੀਂ ਖੇਡ ਨੀਤੀ ਲਿਆਂਦੀ ਗਈ ਸੀ, ਜਿਸ ਤਹਿਤ ਖਿਡਾਰੀਆਂ ਨੂੰ ਨਕਦ ਇਨਾਮ ਅਤੇ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਇਹ ਠੀਕ ਹੈ ਕਿ ਪੰਜਾਬ ਵਿੱਚ ਹੁਣ ਖਿਡਾਰੀਆਂ ਦੀ ਕਦਰ ਪੈਣ ਲੱਗੀ ਹੈ ਪਰ ਇਹ ਕਦਰ ਸਾਰੇ ਖਿਡਾਰੀਆਂ ਦੀ ਹੀ ਬਿਨਾਂ ਕਿਸੇ ਪੱਖਪਾਤ ਦੇ ਪੈਣੀ ਚਾਹੀਦੀ ਹੈ।



ਪੰਜਾਬ ਵਿੱਚ ਚੰਗੇ ਖਿਡਾਰੀਆਂ ਦੀ ਘਾਟ ਨਹੀਂ ਹੈ, ਘਾਟ ਤਾਂ ਚੰਗੀਆਂ ਖੇਡ ਸਹੂਲਤਾਂ ਦੀ ਹੈ। ਸ਼ਹਿਰੀ ਇਲਾਕਿਆਂ ਵਿੱਚ ਤਾਂ ਖਿਡਾਰੀਆਂ ਨੂੰ ਚੰਗੀਆਂ ਖੇਡ ਸਹੂਲਤਾਂ ਮਿਲ ਜਾਂਦੀਆਂ ਹਨ ਪਰ ਪੇਂਡੂ ਖੇਤਰਾਂ ਵਿੱਚ ਖਿਡਾਰੀ ਖਾਸ ਕਰਕੇ ਪੇਂਡੂ ਖਿਡਾਰਨਾਂ ਖੇਡ ਸਹੂਲਤਾਂ ਨੂੰ ਤਰਸਦੀਆਂ ਰਹਿ ਜਾਂਦੀਆਂ ਹਨ, ਜਿਸ ਕਾਰਨ ਚੰਗੇ ਖਿਡਾਰੀ ਅਤੇ ਖਿਡਾਰਨਾਂ ਉਭਰ ਕੇ ਸਾਹਮਣੇ ਆਉਣ ਤੋਂ ਰਹਿ ਜਾਂਦੇ ਹਨ। ਅੱਜ ਭਾਵੇਂ ਪੰਜਾਬ ਵਿੱਚ 'ਸਿੱਖਿਆ ਕ੍ਰਾਂਤੀ' ਨੇ ਘਰ ਘਰ ਵਿੱਚ ਪੈਰ ਪਾ ਲਏ ਹਨ ਪਰ ਅਜੇ ਵੀ ਪੰਜਾਬ ਦੇ ਕੁਝ ਪੇਂਡੂ ਇਲਾਕੇ ਅਜਿਹੇ ਹਨ, ਜਿਥੇ ਕਿ ਧੀਆਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਚੰਗਾ ਨਹੀਂ ਸਮਝਿਆ ਜਾਂਦਾ। ਅਜਿਹੇ ਇਲਾਕਿਆਂ ਵਿੱਚ ਧੀਆਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਨ ਦੀ ਥਾਂ ਵਰਜਿਆ ਜਾਂਦਾ ਹੈ, ਜਿਸ ਕਾਰਨ ਵੀ ਅਨੇਕਾਂ ਖਿਡਾਰਨਾਂ ਆਪਣੀ ਚੰਗੀ ਖੇਡ ਕਲਾ ਦਿਖਾਉਣ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ।

ਇਸ ਸਮੇਂ ਵੀ ਪੰਜਾਬ ਦੇ ਕਈ ਖਿਡਾਰੀ ਅਤੇ ਖਿਡਾਰਨਾਂ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਵੱਡੀਆਂ ਪ੍ਰਾਪਤੀਆਂ ਕਰ ਰਹੇ ਹਨ। ਪੰਜਾਬ ਦੇ ਸ਼ੁਭਮਨ ਗਿੱਲ, ਹਰਮਨਪ੍ਰੀਤ ਕੌਰ ਤੇ ਹਰਮਨਪ੍ਰੀਤ ਸਿੰਘ ਕੌਮੀ ਟੀਮਾਂ ਦੀ ਕਪਤਾਨੀ ਕਰ ਰਹੇ ਹਨ ਅਤੇ 9 ਪੰਜਾਬੀ ਖਿਡਾਰੀ ਕੌਮੀ ਹਾਕੀ ਟੀਮ ਦਾ ਹਿੱਸਾ ਹਨ, ਜੋ ਦਰਸਾਉਂਦਾ ਹੈ ਕਿ ਸੂਬਾ ਖੇਡਾਂ ਦੇ ਖੇਤਰ ਵਿੱਚ ਕਿਵੇਂ ਸ਼ਾਨਦਾਰ ਪ੍ਰਦਰਸ਼ਨ ਕਰ ਰਿਹਾ ਹੈ। ਸੀਨੀਅਰ ਖਿਡਾਰੀਆਂ ਨੂੰ ਮਿਲਦੇ ਮਾਣ ਸਤਿਕਾਰ ਵੇਖ ਕੇ ਬਾਲ ਖਿਡਾਰੀਆਂ ਵਿੱਚ ਵੀ ਉਤਸ਼ਾਹ ਪੈਦਾ ਹੁੰਦਾ ਹੈ। ਪੰਜਾਬ ਵਿੱਚ ਬਾਲ ਖਿਡਾਰੀਆਂ ਦੀ ਗਿਣਤੀ ਵੀ ਬਹੁਤ ਹੈ, ਜੇ ਬਾਲ ਖਿਡਾਰੀਆਂ ਨੂੰ ਸਹੀ ਤਰੀਕੇ ਨਾਲ ਤਰਾਸ਼ਿਆ ਜਾਵੇ ਤਾਂ ਉਹ ਵੀ ਭਵਿੱਖ ਦੇ ਚੰਗੇ ਖਿਡਾਰੀ ਬਣ ਸਕਦੇ ਹਨ।

ਜੇ ਹੁਣ ਖਿਡਾਰੀਆਂ ਨੂੰ ਮਿਲਦੇ ਇਨਾਮਾਂ-ਸਨਮਾਨਾਂ ਦੀ ਗੱਲ ਨਾ ਕੀਤੀ ਤਾਂ ਗੱਲ ਅਧੂਰੀ ਰਹੇਗੀ। ਵੱਡੀ ਗਿਣਤੀ ਖਿਡਾਰੀ ਅਕਸਰ ਇਹ ਗਿਲਾ ਸ਼ਿਕਵਾ ਕਰਦੇ ਹਨ ਕਿ ਉਹਨਾਂ ਦੀ ਖੇਡ ਯੋਗਤਾ ਅਨੁਸਾਰ ਉਹਨਾਂ ਨੂੰ ਸਰਕਾਰਾਂ ਵੱਲੋਂ ਮਾਣ ਸਨਮਾਨ ਨਹੀਂ ਦਿੱਤਾ ਗਿਆ। ਹਾਕੀ ਖਿਡਾਰੀ ਅਕਸਰ ਸ਼ਿਕਵਾ ਕਰਦੇ ਹਨ ਕਿ ਉਹਨਾਂ ਨੂੰ ਕ੍ਰਿਕਟ ਦੇ ਖਿਡਾਰੀਆਂ ਵਾਂਗੂੰ ਮਾਣ- ਸਨਮਾਨ ਨਹੀਂ ਮਿਲਦਾ। ਖਿਡਾਰੀਆਂ ਦਾ ਇਹ ਸ਼ਿਕਵਾ ਕੁਝ ਹੱਦ ਤੱਕ ਜਾਇਜ਼ ਵੀ ਹੈ। ਦੂਜੇ ਪਾਸੇ ਪੰਜਾਬ ਦੀ ਮੌਜੂਦਾ ਸਰਕਾਰ ਦਾਅਵਾ ਕਰ ਰਹੀ ਹੈ ਕਿ ਇਹ ਸਰਕਾਰ ਕੌਮਾਂਤਰੀ ਖੇਡਾਂ ਵਿੱਚ ਸੋਨ ਤਗ਼ਮਾ ਜੇਤੂਆਂ ਨੂੰ ਇੱਕ ਕਰੋੜ ਰੁਪਏ, ਚਾਂਦੀ ਦਾ ਤਗ਼ਮਾ ਜੇਤੂਆਂ ਨੂੰ 75 ਲੱਖ ਰੁਪਏ ਅਤੇ ਕਾਂਸੇ ਦਾ ਤਗ਼ਮਾ ਜੇਤੂਆਂ ਨੂੰ 50 ਲੱਖ ਰੁਪਏ ਦਿੰਦੀ ਹੈ। ਮੁੱਖ ਮੰਤਰੀ ਤਾਂ ਇਹ ਵੀ ਦਾਅਵਾ ਕਰਦੇ ਹਨ ਕਿ ਹੁਣ ਖਿਡਾਰੀਆਂ ਨੂੰ ਤੁਰੰਤ ਇਨਾਮ ਦਿੱਤੇ ਜਾਂਦੇ ਹਨ, ਜਦਕਿ ਪਿਛਲੀਆਂ ਸਰਕਾਰਾਂ ਖਿਡਾਰੀਆਂ ਨੂੰ ਲੰਮਾ ਸਮਾਂ ਇੰਤਜ਼ਾਰ ਕਰਵਾਉਂਦੀਆਂ ਸਨ ਅਤੇ ਫ਼ਿਲਮੀ ਸਿਤਾਰਿਆਂ 'ਤੇ ਪੈਸਾ ਬਰਬਾਦ ਕਰਦੀਆਂ ਸਨ। ਮੁੱਖ ਮੰਤਰੀ ਮਾਨ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਨੇ 300 ਕੋਚ ਨਿਯੁਕਤ ਕੀਤੇ ਹਨ ਅਤੇ ਕੌਮਾਂਤਰੀ ਮੁਕਾਬਲਿਆਂ ਦੀ ਤਿਆਰੀ ਕਰਨ ਵਾਲੇ ਖਿਡਾਰੀਆਂ ਨੂੰ ਅੱਠ ਲੱਖ ਰੁਪਏ ਦਿੱਤੇ ਜਾਂਦੇ ਹਨ। ਦੂਜੇ ਪਾਸੇ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਵੱਖ- ਵੱਖ ਥਾਵਾਂ ਤੇ ਹੁੰਦੇ ਖੇਡ ਮੇਲਿਆਂ ਵਿੱਚ ਵੀ ਵੱਖ- ਵੱਖ ਸੰਸਥਾਵਾਂ ਵੱਲੋਂ ਅਨੇਕਾਂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਕਈ ਵਾਰ ਛੋਟੇ ਖੇਡ ਮੇਲਿਆਂ ਵਿੱਚ ਖਿਡਾਰੀਆਂ ਨੂੰ ਫੁੱਲਾਂ ਦੇ ਹਾਰ ਪਾ ਕੇ ਹੀ ਸਨਮਾਨਿਤ ਕਰ ਦਿੱਤਾ ਜਾਂਦਾ ਹੈ। ਜਿਸ ਕਰਕੇ ਅਕਸਰ ਕਿਹਾ ਜਾਂਦਾ ਹੈ ਕਿ ਖਿਡਾਰੀ ਕਿਤੇ ਸ਼ਹੀਦਾਂ ਦੇ ਬੁੱਤਾਂ ਵਾਂਗੂੰ ਫੁੱਲਾਂ ਦੇ ਹਾਰਾਂ ਜੋਗੇ ਹੀ ਨਾ ਰਹਿ ਜਾਣ।



ਖੇਡ ਜਗਤ ਲਈ ਇਹ ਚੰਗੀ ਗੱਲ ਹੈ ਕਿ ਪੰਜਾਬ ਦੀ ਮੌਜੂਦਾ ਸਰਕਾਰ ਹੁਣ ਖੇਡਾਂ, ਖਿਡਾਰੀਆਂ ਅਤੇ ਖੇਡ ਜਗਤ ਦੀ ਸਾਰ ਲੈਣ ਲੱਗੀ ਹੈ, ਜਿਸ ਲਈ ਨਵੇਂ ਸਟੇਡੀਅਮ ਵੀ ਬਣਾਏ ਜਾ ਰਹੇ ਹਨ। ਨਵੇਂ ਖੇਡ ਸਟੇਡੀਅਮ ਬਣਾਉਣ ਦਾ ਤਾਂ ਹੀ ਫ਼ਾਇਦਾ ਹੈ, ਜੇ ਬਾਅਦ ਵਿੱਚ ਇਹਨਾਂ ਦੀ ਸਹੀ ਤਰੀਕੇ ਨਾਲ ਸਾਂਭ ਸੰਭਾਲ ਵੀ ਕੀਤੀ ਜਾਵੇ। ਅਕਸਰ ਵੇਖਣ ਵਿੱਚ ਆਇਆ ਹੈ ਕਿ ਕਈ ਰਾਜਾਂ ਵਿੱਚ ਬਹੁਤ ਸਾਰੇ ਸਟੇਡੀਅਮ ਮਾੜੀ ਸਾਂਭ ਸੰਭਾਲ, ਸਾਜ਼ੋ ਸਮਾਨ ਦੀ ਘਾਟ ਅਤੇ ਚੰਗੀ ਕੋਚਿੰਗ ਦੀ ਅਣਹੋਂਦ ਕਰ ਕੇ ਅਣਗੌਲੇ ਮੈਦਾਨਾਂ ਵਿੱਚ ਬਦਲ ਗਏ ਹਨ। ਪੰਜਾਬ ਵਿੱਚ ਅਜਿਹਾ ਨਾ ਹੋਵੇ ਅਤੇ ਇਹ ਖੇਡ ਸਟੇਡੀਅਮ ਸਿਰਫ਼ 'ਫੋਟੋਆਂ ਦੇ ਸ਼ੋਅਪੀਸ' ਬਣਕੇ ਨਾ ਰਹਿ ਜਾਣ, ਇਸ ਪਾਸੇ ਵੀ ਪੰਜਾਬ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਲੋੜ ਤਾਂ ਇਸ ਗੱਲ ਦੀ ਹੈ ਕਿ ਪੰਜਾਬ ਦੇ ਬਾਲ ਖਿਡਾਰੀਆਂ ਤੋਂ ਲੈ ਕੇ ਵੈਟਰਨ ਖਿਡਾਰੀਆਂ ਤੱਕ ਹਰ ਉਮਰ ਵਰਗ ਦੇ ਖਿਡਾਰੀਆਂ ਨੂੰ ਚੰਗੀਆਂ ਖੇਡ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਤਾਂ ਪੰਜਾਬ ਦੀ ਜਵਾਨੀ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵਿੱਚ ਹਿੱਸਾ ਲਵੇ ਅਤੇ ਪੰਜਾਬ 'ਚ ਸਹੀ ਅਰਥਾਂ 'ਚ ਖੇਡ ਸੱਭਿਆਚਾਰ ਵਿਕਸਤ ਕੀਤਾ ਜਾ ਸਕੇ।





# ਕੌਮੀ ਸ਼ਹੀਦ ਹਨ ਭਾਈ ਜਿੰਦਾ ਤੇ ਭਾਈ ਸੁੱਖਾ: ਗਿ. ਬਲਜੀਤ ਸਿੰਘ

## ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਦੀ ਬਰਸੀ ਮਨਾਈ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਬਰਸੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਦਿਨੀਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਵਿਖੇ ਮਨਾਈ ਗਈ। ਇਸ ਮੌਕੇ ਸਿੱਖ ਜਥੇਬੰਦੀਆਂ ਵੱਲੋਂ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।



ਇਸ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ। ਇਸ ਮੌਕੇ ਪਾਵਨ ਹੁਕਮਨਾਮਾ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ ਅਤੇ ਸੰਬੋਧਨ ਕਰਦਿਆਂ ਕਿਹਾ ਕਿ ਭਾਈ ਜਿੰਦਾ ਤੇ ਭਾਈ ਸੁੱਖਾ ਕੌਮੀ ਸ਼ਹੀਦ ਹਨ, ਜਿਨ੍ਹਾਂ ਨੇ ਕੌਮ ਖਾਤਰ ਸ਼ਹਾਦਤ ਪ੍ਰਾਪਤ ਕੀਤੀ।

ਇਨ੍ਹਾਂ ਵੱਲੋਂ ਕੌਮੀ ਜਜ਼ਬੇ ਖ਼ਾਤਰ ਦਿੱਤੀਆਂ ਸ਼ਹਾਦਤਾਂ ਨੂੰ ਕੌਮ ਹਮੇਸ਼ਾ ਸਿਜਦਾ ਕਰਦੀ ਹੈ।

ਇਸ ਮੌਕੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਭਾਈ ਭੁਪਿੰਦਰ ਸਿੰਘ, ਬੀਬੀ ਕੁਲਵੰਤ ਕੌਰ, ਬੀਬੀ ਸੁਰਜੀਤ ਕੌਰ ਤੇ ਭਾਈ ਨਿਰਮਲ ਸਿੰਘ ਸਮੇਤ ਹੋਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਓ ਦਿੱਤੇ ਗਏ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਤੋਂ ਇਲਾਵਾ ਸੁਪਰਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਨਰਿੰਦਰ ਸਿੰਘ ਮਥਰੇਵਾਲ, ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਭਾਈ ਦਲਜੀਤ ਸਿੰਘ ਬਿੱਟੂ, ਕਰਨੈਲ ਸਿੰਘ ਪੀਰਮੁਹੰਮਦ, ਜਰਨੈਲ ਸਿੰਘ ਸਖੀਰਾ, ਬੇਅੰਤ ਸਿੰਘ ਖਿਆਲਾ, ਹਰਬੀਰ ਸਿੰਘ ਸੰਧੂ ਆਦਿ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਨਵੇਂ ਅਹੁਦੇਦਾਰ ਨਿਯੁਕਤ

ਚੰਡੀਗੜ੍ਹ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਨਵੇਂ ਅਹੁਦੇਦਾਰਾਂ ਦੀ ਨਿਯੁਕਤੀ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਦਸਿਆ ਕਿ ਬਾਬਾ ਸਰਬਜੋਤ ਸਿੰਘ ਬੇਦੀ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਪ੍ਰੋ.ਮਨਜੀਤ ਸਿੰਘ ਸਾਬਕਾ ਜਥੇਦਾਰ, ਸ੍ਰ. ਰਵੀਇੰਦਰ ਸਿੰਘ ਨੂੰ ਸਰਪ੍ਰਸਤ, ਗੋਬਿੰਦ ਸਿੰਘ ਲੌਂਗੋਵਾਲ, ਸੁੱਚਾ ਸਿੰਘ ਛੋਟੇਪੁਰ, ਆਦੇਸ਼ਪ੍ਰਤਾਪ ਸਿੰਘ ਕੈਰੋਂ, ਮਨਪ੍ਰੀਤ ਸਿੰਘ ਇਆਲੀ, ਗਗਨਦੀਪ ਸਿੰਘ ਬਰਨਾਲਾ, ਇਕਬਾਲ ਸਿੰਘ ਝੂੰਦਾ, ਸੁਰਿੰਦਰ ਸਿੰਘ ਭੁੱਲੇਰਾਠਾਂ, ਭਾਈ ਮਨਜੀਤ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਸੰਤਾ ਸਿੰਘ ਉਮੈਦਪੁਰ, ਸਰਵਨ ਸਿੰਘ ਫਿਲੌਰ, ਸਰਬਜੀਤ ਸਿੰਘ ਡੂੰਮਵਾਲੀ, ਮਹਿੰਦਰ ਸਿੰਘ ਹੁਸੈਨਪੁਰ, ਜਰਨੈਲ ਸਿੰਘ ਕਰਤਾਰਪੁਰ,ਪਰਮਜੀਤ ਕੌਰ ਗੁਲਸ਼ਨ, ਮਹਿੰਦਰਪਾਲ ਸਿੰਘ ਬਨਾਕਾ ਨੂੰ ਮੀਤ ਪ੍ਰਧਾਨ, ਗੁਰਪ੍ਰਤਾਪ ਸਿੰਘ ਵਡਾਲਾ ਨੂੰ ਸਕੱਤਰ ਜਨਰਲ, ਪਰਮਿੰਦਰ ਸਿੰਘ ਢੀਂਡਸਾ ਨੂੰ ਖਜਾਨਚੀ, ਬਰਜਿੰਦਰ ਸਿੰਘ ਬਰਾੜ ਮੋਗਾ, ਹਰਿੰਦਰਪਾਲ ਸਿੰਘ ਸਨੌਰ, ਬੀਬੀ ਕਿਰਨਜੋਤ ਕੌਰ, ਚਰਨਜੀਤ ਸਿੰਘ ਬਰਾੜ, ਜਸਵੀਰ ਸਿੰਘ ਘੁੰਮਣ, ਗੁਰਜੀਤ ਸਿੰਘ ਤਲਵੰਡੀ, ਯੁਵਰਾਜ ਸਿੰਘ, ਭਰਭੂਰ ਸਿੰਘ ਧਾਂਦਰਾ ਨੂੰ ਜਰਨਲ ਸਕੱਤਰ, ਗਿਆਨੀ ਮਹਿੰਦਰ ਸਿੰਘ ਹਿਮਾਚਲ ਪ੍ਰਦੇਸ, ਸਤਵਿੰਦਰ ਸਿੰਘ ਟੌਹੜਾ, ਸੁਖਵਿੰਦਰ ਸਿੰਘ ਔਲਖ,ਦਵਿੰਦਰ ਸਿੰਘ ਸੇਖੋਂ, ਕਰਨ ਸਿੰਘ ਡੀ.ਟੀ.ਓ., ਅਜੇਪਾਲ ਸਿੰਘ ਮੀਰਾਂਕੋਟ ਨੂੰ ਜਥੇਬੰਦਕ ਸਕੱਤਰ, ਪ੍ਰਕਾਸ਼ ਚੰਦ ਗਰਗ ਨੂੰ ਵਪਾਰ ਵਿੰਗ ਦਾ ਪ੍ਰਧਾਨ, ਕਪੂਰ ਚੰਦ ਬਾਂਸਲ ਨੂੰ ਵਪਾਰ ਵਿੰਗ ਦਾ ਸਕੱਤਰ ਨਿਯੁਕਤ ਕੀਤਾ ਗਿਆ ਹੈ।

## ਗੁ. ਹੇਮਕੁੰਟ ਸਾਹਿਬ ਵਿਖੇ 2.76 ਲੱਖ ਤੋਂ ਵਧੇਰੇ ਸੰਗਤ ਹੋਈ ਨਤਮਸਤਕ

### ਸਾਲਾਨਾ ਯਾਤਰਾ ਦੀ ਸਮਾਪਤੀ ਮੌਕੇ ਗੁਰਦੁਆਰੇ ਦੇ ਕਿਵਾੜ ਸੰਗਤ ਵਾਸਤੇ ਬੰਦ ਕੀਤੇ

ਅੰਮ੍ਰਿਤਸਰ/ਏ.ਟੀ.ਨਿਊਜ਼: ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦੀ ਪਿਛਲੇ ਦਿਨ ਸਮਾਪਤੀ ਮੌਕੇ ਦੁਪਿਹਰ ਵੇਲੇ ਗੁਰਦੁਆਰੇ ਦੇ ਕਿਵਾੜ ਸੰਗਤ ਵਾਸਤੇ ਬੰਦ ਕਰ ਦਿੱਤੇ ਗਏ ਹਨ। ਇਸ ਦੌਰਾਨ ਸੀਤ ਕਾਲ ਵਾਸਤੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਨਗਰ ਕੀਰਤਨ ਦੇ ਰੂਪ ਵਿੱਚ ਸੁਖ ਅਸਥਾਨ 'ਤੇ ਸੁਸ਼ੋਭਤ ਕੀਤਾ ਗਿਆ ਹੈ। ਯਾਤਰਾ ਸਮਾਪਤੀ ਸਮਾਗਮ ਵੇਲੇ ਗੁਰਦੁਆਰੇ ਦੇ ਆਲੇ-ਦੁਆਲੇ ਵੱਡੇ ਪੱਧਰ 'ਤੇ ਪਈ ਬਰਫ ਦੇ ਬਾਵਜੂਦ ਸੰਗਤ ਵਿੱਚ ਭਾਰੀ ਉਤਸ਼ਾਹ ਸੀ। ਇਸ ਮੌਕੇ ਕਰੀਬ 2000 ਤੋਂ ਵੱਧ ਸ਼ਰਧਾਲੂ ਨਤਮਸਤਕ ਹੋਣ ਵਾਸਤੇ ਪੁੱਜੇ ਸਨ। ਇਸ ਸਬੰਧ ਵਿੱਚ ਸਵੇਰੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਤੇ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਨਿੰਦਰ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਗੁਰਦੁਆਰੇ ਦੇ ਗ੍ਰੰਥੀ ਸਿੰਘਾਂ ਨੇ ਅਰਦਾਸ ਕੀਤੀ।



ਇਸ ਮੌਕੇ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਯਾਤਰਾ ਦੀ ਸਫ਼ਲਤਾ ਵਾਸਤੇ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਵੱਲੋਂ ਖ਼ਾਸ ਤੌਰ 'ਤੇ ਭਾਰਤੀ ਫ਼ੌਜ ਦੀ 9 ਬ੍ਰਿਗੇਡ ਦੇ ਬ੍ਰਿਗੇਡੀਅਰ ਐੱਮ ਐੱਸ ਢਿੱਲੋਂ, 418 ਇੰਡੀਪੈਂਡੈਂਟ ਕੋਰ ਦੇ ਕਰਨਲ ਵਰਿੰਦਰ ਔਲਾ, ਪੁਲਿਸ ਅਧਿਕਾਰੀ ਵਿਨੋਦ ਰਾਵਤ, ਅਮਨਦੀਪ ਸਿੰਘ, ਐੱਸ ਡੀ ਆਰ ਐੱਫ ਦੇ ਰਵਿੰਦਰ ਪਟਵਾਲ ਤੇ ਹੋਰਨਾਂ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਮੈਨੇਜਰ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਇਸ ਸਾਲ ਕਰੀਬ 2.76 ਲੱਖ ਤੋਂ ਵਧੇਰੇ ਸੰਗਤ ਗੁਰੂ ਘਰ ਵਿੱਚ ਨਤਮਸਤਕ ਹੋਣ ਪੁੱਜੀ ਹੈ। ਸਮਾਗਮ ਦੀ ਸਮਾਪਤੀ ਉਪਰੰਤ ਕਰੀਬ ਡੇਢ ਵਜੇ ਗੁਰਦੁਆਰੇ ਦੇ ਕਿਵਾੜ ਸੀਤ ਕਾਲ ਵਾਸਤੇ ਸੰਗਤ ਲਈ ਬੰਦ ਕਰ ਦਿੱਤੇ ਗਏ। ਦੱਸਣਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਗੁਰਦੁਆਰੇ ਦੇ ਆਲੇ-ਦੁਆਲੇ ਵੱਡੇ ਪੱਧਰ 'ਤੇ ਬਰਫ ਪਈ ਹੈ। ਇਸ ਕਾਰਨ ਸਮੁੱਚਾ ਪਹਾੜੀ ਖੇਤਰ ਚਿੱਟੀ ਚਾਦਰ ਨਾਲ ਢਕਿਆ ਹੋਇਆ ਜਾਪਦਾ ਹੈ।

## ਗੁਰੂ ਤੇ.ਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਨਗਰ ਕੀਰਤਨ 20 ਨੂੰ

### ਪੰਜਾਬ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਧਾਰਮਿਕ ਸਮਾਗਮਾਂ ਦੇ ਪ੍ਰਬੰਧਾਂ ਸੰਬੰਧੀ ਵਿਸ਼ੇਸ਼ ਮੀਟਿੰਗ

ਫਿਰੋਜ਼ਪੁਰ/ਏ.ਟੀ.ਨਿਊਜ਼: ਪੰਜਾਬ ਸਰਕਾਰ ਵੱਲੋਂ ਗੁਰੂ ਤੇਗ ਬਹਾਦਰ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਕੀਤੇ ਜਾਣ ਵਾਲੇ ਸਮਾਗਮ, ਕੱਢੇ ਜਾਣ ਵਾਲੇ ਨਗਰ ਕੀਰਤਨਾਂ, ਲਾਈਟ ਐਂਡ ਸਾਊਂਡ ਸ਼ੋਅ ਅਤੇ ਹੋਰ ਵੱਖ- ਵੱਖ ਧਾਰਮਿਕ ਸਮਾਗਮਾਂ ਸਬੰਧੀ ਕੀਤੇ ਜਾਣ ਵਾਲੇ ਪ੍ਰਬੰਧਾਂ ਸੰਬੰਧੀ ਵਿਸ਼ੇਸ਼ ਮੀਟਿੰਗ ਡੀ.ਸੀ. ਦਫਤਰ ਵਿੱਚ ਹੋਈ। ਮੀਟਿੰਗ ਦੀ ਅਗਵਾਈ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਹਰਭਜਨ ਸਿੰਘ ਈਟੀਓ, ਤਰਨਪ੍ਰੀਤ ਸਿੰਘ ਸੌਂਦ, ਦੀਪਕ ਬਾਲੀ ਅਡਵਾਈਜ਼ਰ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵੱਲੋਂ ਕੀਤੀ ਗਈ। ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ, ਵਿਧਾਇਕ ਰਜਨੀਸ਼ ਦਹੀਆ, ਵਿਧਾਇਕ ਗੁਰੂਹਰਸਹਾਏ ਫੌਜਾ ਸਿੰਘ ਸਰਾਰੀ, ਵਿਧਾਇਕ ਨਰੇਸ਼ ਕਟਾਰੀਆ, ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ, ਐੱਸਐੱਸਪੀ ਭੁਪਿੰਦਰ ਸਿੰਘ ਅਤੇ ਸੰਜੀਵ ਤਿਵਾੜੀ ਡਾਇਰੈਕਟਰ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਹਾਜ਼ਰ ਸਨ।



ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਨਗਰ ਕੀਰਤਨ 20 ਨਵੰਬਰ ਨੂੰ ਫਰੀਦਕੋਟ ਤੋਂ ਸਵੇਰੇ 8 ਵਜੇ ਆਰੰਭ ਹੋ ਕੇ ਫਿਰੋਜ਼ਪੁਰ ਵਿਖੇ ਪਹੁੰਚੇਗਾ, ਫਿਰੋਜ਼ਪੁਰ ਵਿਚੋਂ ਹੁੰਦਾ ਹੋਇਆ ਇਹ ਨਗਰ ਕੀਰਤਨ ਮੋਗਾ, ਜਗਰਾਉਂ,ਲੁਧਿਆਣਾ ਤੇ ਹੋਰ ਵੱਖ ਵੱਖ ਰਸਤਿਆਂ ਤੋਂ ਹੁੰਦਾ ਹੋਇਆ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੁਹੰਚੇਗਾ। ਉਨ੍ਹਾਂ ਕਿਹਾ ਕਿ 18 ਨਵੰਬਰ ਤੋਂ ਵੱਖ ਵੱਖ ਥਾਵਾਂ ਤੋਂ ਹੁੰਦੇ ਹੋਏ ਕੁੱਲ 4 ਨਗਰ ਕੀਰਤਨ ਕੱਢੇ ਜਾਣਗੇ ਜੋ ਕਿ 22 ਨਵੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਵਿੱਖੇ ਪਹੁੰਚਣਗੇ। ਇਹ ਚਾਰੇ ਨਗਰ ਕੀਰਤਨ ਪੰਜਾਬ ਦੇ ਜ਼ਿਆਦਾਤਰ ਹਿੱਸਿਆ ਨੂੰ ਕਵਰ ਕਰਨਗੇ।

## ਪੰਜ ਤਖ਼ਤ ਸਾਹਿਬਾਨ ਖਾਲਸਾ ਪੰਥ ਦੇ ਹਨ ਅਤੇ ਇਹ ਪੰਥ ਦੇ ਹੀ ਰਹਿਣਗੇ : ਜਥੇਦਾਰ ਗੜਗੱਜ



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨੰਦੇੜ ਸਥਿਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਦੀ ਬਹਾਲੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਨੰਦੇੜ ਦੇ ਸਿੱਖਾਂ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ। ਇਹ ਮਾਮਲਾ ਪਿਛਲੇ ਕੁਝ ਸਮੇਂ ਤੋਂ ਅਦਾਲਤ ਦੇ ਵਿਚਾਰ ਅਧੀਨ ਸੀ।

ਜ਼ਿਕਰਯੋਗ ਹੈ ਕਿ ਜਥੇਦਾਰ ਗੜਗੱਜ ਸ਼ਹੀਦੀ ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਲਈ ਮੁੰਬਈ ਪੁੱਜੇ ਸਨ। ਕੁਝ ਸਮਾਂ ਪਹਿਲਾਂ ਸਰਕਾਰ ਵੱਲੋਂ ਪ੍ਰਬੰਧਕੀ ਬੋਰਡ ਦੇ ਮਾਮਲੇ ਵਿੱਚ ਦਖਲ ਅੰਦਾਜ਼ੀ ਕਰਦਿਆਂ ਇੱਥੇ ਪ੍ਰਸ਼ਾਸਕ ਨਿਯੁਕਤ ਕਰ ਦਿੱਤਾ ਸੀ। ਜਿਸ ਨੂੰ ਨੰਦੇੜ ਦੇ ਸਿੱਖਾਂ ਵੱਲੋਂ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਸੀ।

ਮੁੰਬਈ ਪੁੱਜੇ ਜਥੇਦਾਰ ਗੜਗੱਜ ਨੇ ਇੱਕ ਧਾਰਮਿਕ ਸਮਾਗਮ ਵਿੱਚ ਸੰਬੋਧਨ ਕਰਦਿਆਂ ਇਸ ਮਾਮਲੇ ਵਿੱਚ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਮਹਾਰਾਸ਼ਟਰ ਵਿੱਚ ਲੰਮੀ ਜੱਦੋ ਜਹਿਦ ਤੋਂ ਬਾਅਦ ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਦਾ ਪ੍ਰਬੰਧਕੀ ਬੋਰਡ ਬਹਾਲ ਹੋ ਗਿਆ ਹੈ ਇਹ ਮਹਾਰਾਸ਼ਟਰ ਅਤੇ ਨੰਦੇੜ ਦੇ ਹਜ਼ੂਰੀ ਸਿੰਘਾਂ ਦੀ ਵੱਡੀ ਜਿੱਤ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਬੰਦੀ ਸਿੰਘਾਂ ਦੀ ਰਿਹਾਈ ਕਰੇ ਕੇਂਦਰ ਸਰਕਾਰ

ਪਿਛਲੇ ਕਾਫ਼ੀ ਸਮੇਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਸੁਰਖ਼ੀਆਂ ਵਿੱਚ ਆਉਂਦਾ ਰਿਹਾ ਹੈ। ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ (ਸਾਰੇ ਧੜੇ) ਸਮੇਤ ਵੱਖ- ਵੱਖ ਪੰਥਕ ਧਿਰਾਂ ਵੱਲੋਂ ਲੰਬੇ ਸਮੇਂ ਤੋਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਵੱਖ- ਵੱਖ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਇਹ ਬੰਦੀ ਸਿੰਘ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਪਰ ਇਸ ਦੇ ਬਾਵਜੂਦ ਇਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ, ਜੋ ਕਿ ਇਹਨਾਂ ਦੇ ਮਨੁੱਖੀ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ।

ਚਰਚਾ ਅੱਗੇ ਤੋਰਨ ਤੋਂ ਪਹਿਲਾਂ ਇਹ ਜਾਨਣਾ ਵਾਜਬ ਰਹੇਗਾ ਕਿ 'ਬੰਦੀ ਸਿੰਘ' ਕਿਹਨਾਂ ਨੂੰ ਕਿਹਾ ਜਾਂਦਾ ਹੈ ? 1980-90ਵਿਆਂ ਦੇ ਸਿੱਖ ਸੰਘਰਸ਼, ਜਾਂ ਇਸ ਤੋਂ ਬਾਅਦ ਦੇ ਸਮੇਂ ਦੌਰਾਨ ਅਜ਼ਾਦ ਸਿੱਖ ਰਾਜ ਲਈ ਸਰਗਰਮੀ ਨਾਲ ਜੁੜੇ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਸਿੱਖਾਂ ਨੂੰ 'ਸਿਆਸੀ ਸਿੱਖ ਬੰਦੀ' ਜਾਂ 'ਬੰਦੀ ਸਿੰਘ' ਕਿਹਾ ਜਾਂਦਾ ਹੈ। ਇਹਨਾਂ ਵਿਚੋਂ ਜਿਹੜੇ ਸਿੰਘਾਂ ਨੂੰ ਉਮਰ ਕੈਦ ਦੀਆਂ ਸਜਾਵਾਂ ਸੁਣਾਈਆਂ ਗਈਆਂ ਹਨ ਉਹਨਾਂ ਨੂੰ ਉਮਰ-ਕੈਦੀ ਬੰਦੀ ਸਿੰਘ ਕਿਹਾ ਜਾਂਦਾ ਹੈ। ਵੱਡੀ ਗਿਣਤੀ ਬੰਦੀ ਸਿੰਘ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਪਰ ਇਸ ਦੇ ਬਾਵਜੂਦ ਉਹਨਾਂ ਨੂੰ ਰਿਹਾਅ ਨਾ ਕੀਤਾ ਜਾਣਾ ਕਈ ਸਵਾਲ ਖੜੇ ਕਰਦਾ ਹੈ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਕੁਝ ਸਮਾਂ ਪਹਿਲਾਂ ਕੈਦੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਜੇਲ੍ਹਾਂ ਵਿੱਚ ਰੱਖਣ ਵਿਰੁੱਧ ਹੁਕਮ ਜਾਰੀ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਰਿਹਾਅ ਕਰਨ ਲਈ ਕਿਹਾ ਸੀ। ਸੁਪਰੀਮ ਕੋਰਟ ਨੇ ਇਸ ਸਬੰਧੀ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਗ੍ਰਹਿ ਸਕੱਤਰਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਇਸ ਗੱਲ ਦੀ ਪੁਸ਼ਟੀ ਕਰੇ ਕਿ ਸਜ਼ਾ ਪੂਰੀ ਕਰ ਚੁੱਕਾ ਕੋਈ ਵੀ ਕੈਦੀ ਅਜੇ ਵੀ ਜੇਲ੍ਹ ਵਿੱਚ ਬੰਦ ਤਾਂ ਨਹੀਂ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਜੇਕਰ ਕੋਈ ਅਜਿਹਾ ਕੈਦੀ ਪਾਇਆ ਜਾਂਦਾ ਹੈ ਜਿਸ ਦੀ ਸਜ਼ਾ ਪੂਰੀ ਹੋ ਚੁੱਕੀ ਹੈ ਤੇ ਉਹ ਕਿਸੇ ਹੋਰ ਮਾਮਲੇ ਵਿੱਚ ਲੋੜੀਂਦਾ ਨਹੀਂ ਹੈ ਤਾਂ ਉਸ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਸਿਖਰਲੀ ਅਦਾਲਤ ਦੇ ਇਸ ਹੁਕਮ ਤੋਂ ਬਾਅਦ ਪੰਜਾਬ ਵਿੱਚ ਲਗਾਤਾਰ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਜ਼ੋਰ ਫੜ ਰਹੀ ਹੈ।

ਕਈ ਬੰਦੀ ਸਿੰਘ ਅਜਿਹੇ ਹਨ, ਜਿਨ੍ਹਾਂ ਨੂੰ ਰਿਹਾਅ ਤਾਂ ਕੀ ਕੀਤਾ ਜਾਣਾ ਸੀ ਸਗੋਂ ਉਹਨਾਂ ਨੂੰ ਕੁਝ ਘੰਟਿਆਂ ਲਈ ਪੈਰੋਲ ਵੀ ਨਹੀਂ ਦਿੱਤੀ ਜਾ ਰਹੀ। ਜੇਲ੍ਹ ਵਿੱਚ ਬੰਦ ਭਾਈ ਜਗਤਾਰ ਸਿੰਘ ਹਵਾਰਾ ਦੀ ਮਾਤਾ ਇਸ ਸਮੇਂ ਬਹੁਤ ਬਿਮਾਰ ਹਨ ਅਤੇ ਉਹ ਇੱਕ ਵਾਰੀ ਆਪਣੇ ਪੁੱਤਰ ਦਾ ਮੂੰਹ ਵੇਖਣਾ ਚਾਹੁੰਦੇ ਹਨ। ਉਹਨਾਂ ਦੀ ਬਿਮਾਰੀ ਦੀ ਗੰਭੀਰ ਹਾਲਤ ਵੇਖਦਿਆਂ ਵੀ ਭਾਈ ਹਵਾਰਾ ਨੂੰ ਕੇਂਦਰ ਸਰਕਾਰ ਵੱਲੋਂ ਕੁਝ ਸਮੇਂ ਦੀ ਪੈਰੋਲ ਨਹੀਂ ਦਿੱਤੀ ਜਾ ਰਹੀ, ਜਿਸ ਕਾਰਨ ਸਿੱਖ ਹਲਕਿਆਂ ਵਿੱਚ ਕੇਂਦਰ ਦੀ ਮੋਦੀ ਸਰਕਾਰ ਵਿਰੁੱਧ ਰੋਸ ਫੈਲ ਰਿਹਾ ਹੈ। ਵੱਖ- ਵੱਖ ਸਿੱਖ ਆਗੂ ਕੇਂਦਰ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਮਨੁੱਖਤਾ ਦੇ ਆਧਾਰ 'ਤੇ ਭਾਈ ਹਵਾਰਾ ਨੂੰ ਉਹਨਾਂ ਦੀ ਬਿਮਾਰ ਮਾਤਾ ਨੂੰ ਮਿਲਣ ਲਈ ਪੈਰੋਲ ਦਿੱਤੀ ਜਾਵੇ ਪਰ ਕੇਂਦਰ ਸਰਕਾਰ ਵੱਲੋਂ ਸਿੱਖਾਂ ਦੀ ਇਹ ਮੰਗ ਨਹੀਂ ਮੰਨੀ ਜਾ ਰਹੀ। ਭਾਈ ਹਵਾਰਾ ਸਮੇਤ ਹੋਰ ਵੀ ਕਈ ਬੰਦੀ ਸਿੰਘ ਅਜਿਹੇ ਹਨ, ਜਿਨ੍ਹਾਂ ਨੂੰ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਨਾ ਤਾਂ ਰਿਹਾਅ ਕੀਤਾ ਜਾ ਰਿਹਾ ਹੈ ਤੇ ਨਾ ਹੀ ਪੈਰੋਲ ਦਿੱਤੀ ਜਾ ਰਹੀ ਹੈ। ਸਿੱਖ ਆਗੂ ਦੋਸ਼ ਲਗਾ ਰਹੇ ਹਨ ਕਿ ਜੇਲ੍ਹ ਵਿੱਚ ਬੰਦ ਡੇਰਾ ਸਿਰਸਾ ਦੇ ਮੁਖੀ ਨੂੰ ਕੇਂਦਰ ਸਰਕਾਰ ਵੱਲੋਂ ਕੁਝ ਸਮੇਂ ਬਾਅਦ ਪੈਰੋਲ ਦੇ ਦਿੱਤੀ ਜਾਂਦੀ ਹੈ ਪਰ ਬੰਦੀ ਸਿੰਘਾਂ ਨੂੰ ਪੈਰੋਲ ਦੇਣ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਜਾਂਦਾ ਹੈ। ਇਹ ਕੇਂਦਰ ਸਰਕਾਰ ਦਾ ਸਿੱਖਾਂ ਨਾਲ ਵਿਤਕਰਾ ਨਹੀਂ ਹੈ ਤਾਂ ਹੋਰ ਕੀ ਹੈ ?

ਕਾਨੂੰਨ ਮੁਤਾਬਕ ਵਿਚਾਰਿਆ ਜਾਵੇ ਤਾਂ ਬਹੁਤੇ ਬੰਦੀ ਸਿੰਘਾਂ ਦੀ ਰਿਹਾਈ ਵਿੱਚ ਕੋਈ ਅੜਿੱਕਾ ਨਹੀਂ ਹੈ। ਉਹਨਾਂ ਨੇ ਉਮਰ ਕੈਦ ਲਈ ਮਿਥੀ ਜਾਂਦੀ ਘੱਟੋ-ਘੱਟ ਮਿਆਦ ਤੋਂ ਕਿਤੇ ਵੱਧ ਸਮਾਂ ਕੈਦ ਕੱਟ ਲਈ ਹੈ। ਉਹਨਾਂ ਦਾ ਜੇਲ੍ਹਾਂ ਦਾ ਚਲਨ ਠੀਕ ਹੈ ਪਰ ਫਿਰ ਵੀ ਉਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਸਪਸ਼ਟ ਹੈ ਕਿ ਰਿਹਾਈ ਨਾ ਕਰਨ ਦੇ ਕਾਰਨ ਕਾਨੂੰਨੀ ਨਹੀਂ ਸਗੋਂ ਸਿਆਸੀ ਹਨ। ਸਿੱਖ ਆਗੂ ਵਾਰ ਵਾਰ ਕਹਿ ਰਹੇ ਹਨ ਕਿ ਭਾਰਤ ਵਿੱਚ ਸਿੱਖਾਂ ਲਈ ਕਾਨੂੰਨ ਹੋਰ ਹਨ ਅਤੇ ਹੋਰਨਾਂ ਲੋਕਾਂ ਲਈ ਹੋਰ ਹਨ। ਸਿੱਖ ਆਗੂਆਂ ਅਨੁਸਾਰ ਕੇਂਦਰ ਸਰਕਾਰ ਹਮੇਸ਼ਾ ਹੀ ਸਿੱਖਾਂ ਨਾਲ ਵਿਤਕਰਾ ਕਰਦੀ ਆਈ ਹੈ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਾ ਕਰਕੇ ਕੇਂਦਰ ਸਰਕਾਰ ਸਿੱਖਾਂ ਨਾਲ ਇੱਕ ਹੋਰ ਧੱਕਾ ਕਰ ਰਹੀ ਹੈ। ਸਿੱਖ ਆਗੂਆਂ ਅਨੁਸਾਰ ਕੇਂਦਰ ਵਿੱਚ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਹੋਵੇ ਉਹ ਸਿੱਖਾਂ ਨੂੰ ਇਨਸਾਫ਼ ਨਹੀਂ ਦੇ ਸਕੀ। ਇਸੇ ਕਾਰਨ ਸਿੱਖ ਅਜੇ ਵੀ ਆਜ਼ਾਦ ਮੁਲਕ ਵਿੱਚ ਇਨਸਾਫ਼ ਲੈਣ ਲਈ ਤਰਸ ਰਹੇ ਹਨ। ਹੁਣ ਵੱਡੀ ਗਿਣਤੀ ਸਿੱਖਾਂ ਨੇ ਭਾਰਤ ਵਿੱਚ ਇਨਸਾਫ਼ ਮਿਲਣ ਦੀ ਉਡੀਕ ਛੱਡ ਦਿੱਤੀ ਹੈ। ਇਸੇ ਕਾਰਨ ਵੱਡੀ ਗਿਣਤੀ ਸਿੱਖ ਭਾਰਤ ਨੂੰ ਅਲਵਿਦਾ ਕਹਿ ਕੇ ਵਿਦੇਸ਼ਾਂ ਵਿੱਚ ਜਾ ਵਸੇ ਹਨ।

ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਕਰੇ ਤਾਂ ਕਿ ਸਿੱਖਾਂ ਨੂੰ ਇਨਸਾਫ਼ ਮਿਲੇ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਕਰਕੇ ਕੇਂਦਰ ਸਰਕਾਰ ਸਿੱਖਾਂ ਦੇ ਦਿਲ ਜਿੱਤ ਸਕਦੀ ਹੈ।

# ਸਾਕਾ ਜੂਨ '84: ਚਿਦੰਬਰਮ ਦਾ ਬਿਆਨ ਕਾਂਗਰਸ ਲਈ ਬਣਿਆ ਸ਼ਰਮਿੰਦਗੀ ਦਾ ਕਾਰਨ

## ਚਿਦੰਬਰਮ ਨੇ ਕਿਹਾ ਕਿ ਗ਼ਲਤ ਕਾਰਵਾਈ, ਇੰਦਰਾ ਸਮੇਤ ਏਜੰਸੀਆਂ ਜ਼ਿੰਮੇਵਾਰ

ਸਾਬਕਾ ਗ੍ਰਹਿ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਪੀ. ਚਿਦੰਬਰਮ ਦੇ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਹੋਏ 'ਸਾਕਾ ਨੀਲਾ ਤਾਰਾ' ਬਾਰੇ ਦਿੱਤੇ ਗਏ ਬਿਆਨ ਨੇ ਸਿਆਸੀ ਅਤੇ ਸਮਾਜਿਕ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਚਿਦੰਬਰਮ ਨੇ ਹਿਮਾਚਲ ਪ੍ਰਦੇਸ਼ ਦੇ ਕਸੌਲੀ ਵਿਖੇ ਖੁਸ਼ਵੰਤ ਸਿੰਘ ਸਾਹਿਤ ਉਤਸਵ 2025 ਦੌਰਾਨ ਪੱਤਰਕਾਰ ਹਰਿੰਦਰ ਬਾਵੇਜਾ ਦੀ ਕਿਤਾਬ 'ਦੇ ਵਿਲ ਸ਼ੂਟ ਯੂ ਮੈਡਮ' ਦੀ ਚਰਚਾ ਵਿੱਚ ਕਿਹਾ ਸੀ ਕਿ ਦਰਬਾਰ ਸਾਹਿਬ ਉਪਰ ਫ਼ੌਜੀ ਹਮਲਾ 84 ਇੱਕ 'ਗ਼ਲਤ ਕਾਰਵਾਈ' ਸੀ ਅਤੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਦੀ ਕੀਮਤ ਆਪਣੀ ਜਾਨ ਨਾਲ ਚੁਕਾਈ ਸੀ। ਉਨ੍ਹਾਂ ਮੁਤਾਬਕ, 1 ਜੂਨ ਤੋਂ 10 ਜੂਨ 1984 ਦੌਰਾਨ ਸ੍ਰੀ ਦਰਬਾਰ ਸਾਹਿਬ ਵਿੱਚ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਸ ਦੇ ਸਮਰਥਕਾਂ ਨੂੰ ਬਾਹਰ ਕੱਢਣ ਲਈ ਫ਼ੌਜੀ ਕਾਰਵਾਈ ਦੀ ਬਜਾਏ ਕੋਈ ਹੋਰ ਸੁਘੜ ਤਰੀਕਾ ਅਪਣਾਇਆ ਜਾ ਸਕਦਾ ਸੀ। ਉਨ੍ਹਾਂ ਨੇ ਇਸ ਦੀ ਮਿਸਾਲ ਵਜੋਂ 1988 ਵਿੱਚ ਹੋਈ 'ਆਪ੍ਰੇਸ਼ਨ ਬਲੈਕ ਥੰਡਰ-2' ਦਾ ਜ਼ਿਕਰ ਕੀਤਾ, ਜਿਸ ਵਿੱਚ ਨੈਸ਼ਨਲ ਸਕਿਓਰਟੀ ਗਾਰਡ (ਐਨ.ਐਸ.ਜੀ.) ਨੇ ਫ਼ੌਜ ਦੀ ਵਰਤੋਂ ਕੀਤੇ ਬਿਨਾਂ ਸ੍ਰੀ ਦਰਬਾਰ ਸਾਹਿਬ ਨੂੰ ਖਾੜਕੂਆਂ ਤੋਂ ਮੁਕਤ ਕਰਵਾਇਆ ਸੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਫ਼ੈਸਲਾ ਸਿਰਫ਼ ਇੰਦਰਾ ਗਾਂਧੀ ਦਾ ਨਹੀਂ ਸੀ, ਸਗੋਂ ਫ਼ੌਜ, ਪੁਲਿਸ, ਖ਼ੁਫ਼ੀਆ ਏਜੰਸੀਆਂ ਅਤੇ ਸਿਵਲ ਪ੍ਰਸ਼ਾਸਨ ਦਾ ਸਾਂਝਾ ਫ਼ੈਸਲਾ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਸ ਕਾਰਵਾਈ ਦੇ ਨਤੀਜੇ ਵਜੋਂ ਇੰਦਰਾ ਗਾਂਧੀ ਨੂੰ 31 ਅਕਤੂਬਰ 1984 ਨੂੰ ਆਪਣੇ ਸਿੱਖ ਅੰਗ ਰੱਖਿਅਕਾਂ ਦੇ ਹੱਥੋਂ ਜਾਨ ਗੁਆਉਣੀ ਪਈ।



ਚਿਦੰਬਰਮ ਦੇ ਇਸ ਬਿਆਨ ਨੇ ਨਾ ਸਿਰਫ਼ ਕਾਂਗਰਸ ਪਾਰਟੀ ਅੰਦਰ ਵਿਵਾਦ ਖੜ੍ਹਾ ਕੀਤਾ, ਸਗੋਂ ਭਾਜਪਾ, ਸ਼੍ਰੋਮਣੀ ਕਮੇਟੀ ਅਤੇ ਸਿੱਖ ਬੁੱਧੀਜੀਵੀਆਂ ਵੱਲੋਂ ਵੀ ਤਿੱਖੀਆਂ ਪ੍ਰਤੀਕਿਰਿਆਵਾਂ ਸਾਹਮਣੇ ਆਈਆਂ ਹਨ। ਇਸ ਘਟਨਾ ਨੇ 1984 ਦੇ ਸਾਕੇ ਨੂੰ ਲੈ ਕੇ ਭਾਰਤੀ ਸਿਆਸਤ ਵਿੱਚ ਲੰਮੇ ਸਮੇਂ ਤੋਂ ਚੱਲ ਰਹੇ ਸੰਵੇਦਨਸ਼ੀਲ ਮੁੱਦਿਆਂ ਨੂੰ ਮੁੜ ਉਜਾਗਰ ਕਰ ਦਿੱਤਾ ਹੈ।

### ਕਾਂਗਰਸ ਚਿਦੰਬਰਮ ਤੋਂ ਨਰਾਜ਼ ਕਿਉਂ ?

ਚਿਦੰਬਰਮ ਦੇ ਬਿਆਨ ਨੇ ਕਾਂਗਰਸ ਪਾਰਟੀ ਅੰਦਰ ਤਿੱਖੀ ਪ੍ਰਤੀਕਿਰਿਆਵਾਂ ਨੂੰ ਜਨਮ ਦਿੱਤਾ। ਪਾਰਟੀ ਸੂਤਰਾਂ ਮੁਤਾਬਕ, ਕਾਂਗਰਸ ਦੀ ਸਿਖਰਲੀ ਲੀਡਰਸ਼ਿਪ ਚਿਦੰਬਰਮ ਦੇ ਇਸ ਬਿਆਨ ਤੋਂ ਬਹੁਤ ਨਾਰਾਜ਼ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸੀਨੀਅਰ ਆਗੂਆਂ ਨੂੰ ਅਜਿਹੇ ਜਨਤਕ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜੋ ਪਾਰਟੀ ਲਈ ਸਿਆਸੀ ਸੰਕਟ ਦਾ ਕਾਰਨ ਬਣਦੇ ਹਨ। ਕਾਂਗਰਸੀ ਆਗੂ ਰਾਸ਼ਿਦ ਅਲਵੀ ਨੇ ਚਿਦੰਬਰਮ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਦਰਬਾਰ ਸਾਹਿਬ ਉਪਰ ਫ਼ੌਜੀ ਹਮਲਾ ਸਹੀ ਸੀ ਜਾਂ ਗ਼ਲਤ, ਇਹ ਵੱਖਰੀ ਚਰਚਾ ਹੈ, ਪਰ 50 ਸਾਲ ਬਾਅਦ ਇੰਦਰਾ ਗਾਂਧੀ ਨੂੰ ਇਸ ਵਿਵਾਦ ਵਿਚ ਘਸੀਟਨ ਦੀ ਕੀ ਲੋੜ ਸੀ ? ਅਲਵੀ ਨੇ ਸਵਾਲ ਉਠਾਇਆ ਕਿ ਚਿਦੰਬਰਮ ਦੇ ਵਾਰ-ਵਾਰ ਵਿਵਾਦਿਤ ਬਿਆਨਾਂ ਪਿੱਛੇ ਕੀ ਕਾਰਨ ਹਨ। ਉਨ੍ਹਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਚਿਦੰਬਰਮ ਵਿਰੁੱਧ ਅਪਰਾਧਿਕ ਮਾਮਲੇ ਪੈਂਡਿੰਗ ਹਨ, ਜਿਸ ਕਾਰਨ ਸਵਾਲ ਉੱਠ ਰਹੇ ਹਨ ਕਿ ਕੀ ਉਨ੍ਹਾਂ 'ਤੇ ਕੋਈ ਬਾਹਰੀ ਦਬਾਅ ਹੈ। ਅਲਵੀ ਨੇ ਚਿਦੰਬਰਮ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਭਾਜਪਾ ਦੀਆਂ ਨੀਤੀਆਂ ਨੂੰ ਨਿਸ਼ਾਨਾ ਬਣਾਉਣ ਦੀ ਬਜਾਏ ਕਾਂਗਰਸ ਦੀਆਂ ਕਮੀਆਂ ਉਜਾਗਰ ਕਰ ਰਹੇ ਹਨ, ਜੋ ਹੈਰਾਨੀਜਨਕ ਹੈ।

ਨਿਰਪੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਕਾਂਗਰਸ ਬਾਰੇ ਇਸ ਨਾਰਾਜ਼ਗੀ ਦਾ ਪਿਛੋਕੜ ਇਹ ਵੀ ਹੈ ਕਿ ਪਾਰਟੀ ਨੇ ਦਰਬਾਰ ਸਾਹਿਬ ਦੇ ਸਾਕੇ ਨੂੰ ਲੈ ਕੇ ਹਮੇਸ਼ਾ ਅਸਪੱਸ਼ਟ ਰੁਖ਼ ਅਪਣਾਇਆ ਹੈ। ਪਾਰਟੀ ਨੇ ਕਦੇ ਵੀ ਅਧਿਕਾਰਤ ਤੌਰ 'ਤੇ ਸਾਕੇ ਲਈ ਮੁਆਫ਼ੀ ਨਹੀਂ ਮੰਗੀ ਅਤੇ ਚਿਦੰਬਰਮ ਦਾ ਬਿਆਨ ਪਾਰਟੀ ਦੀ ਇਸ ਅਸਪਸ਼ਟ ਨੀਤੀ ਨੂੰ ਚੁਣੌਤੀ ਦਿੰਦਾ ਹੈ।

### ਭਾਜਪਾ ਦਾ ਹਮਲਾਵਰ ਰੁਖ਼: ਮੌਕੇ ਦਾ ਫ਼ਾਇਦਾ

ਚਿਦੰਬਰਮ ਦੇ ਬਿਆਨ ਨੂੰ ਭਾਜਪਾ ਨੇ ਮੌਕੇ ਵਜੋਂ ਵਰਤਿਆ ਅਤੇ ਕਾਂਗਰਸ 'ਤੇ ਹਮਲਾ ਬੋਲਿਆ। ਭਾਜਪਾ ਦੇ ਬੁਲਾਰੇ ਆਰ.ਪੀ. ਸਿੰਘ ਨੇ ਕਿਹਾ ਕਿ ਇੱਕ ਰਾਸ਼ਟਰਵਾਦੀ ਵਜੋਂ, ਮੈਂ ਮੰਨਦਾ ਹਾਂ ਕਿ ਸਾਕਾ ਨੀਲਾ ਤਾਰਾ ਪੂਰੀ ਤਰ੍ਹਾਂ ਟਾਲਿਆ ਜਾ ਸਕਦਾ ਸੀ। ਚਿਦੰਬਰਮ ਨੇ ਸਹੀ ਕਿਹਾ ਹੈ। ਅਪਰੇਸ਼ਨ ਬਲੈਕ ਥੰਡਰ ਵਰਗੀ ਰਣਨੀਤੀ ਨਾਲ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਠੇਸ ਪਹੁੰਚਾਏ ਬਿਨਾਂ ਅਤੇ ਨਿਰਦੋਸ਼ ਜਾਨਾਂ ਦੇ ਨੁਕਸਾਨ ਤੋਂ ਬਚਦਿਆਂ ਟੀਚਾ ਹਾਸਲ ਕੀਤਾ ਜਾ ਸਕਦਾ ਸੀ।

ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਵੀ ਚਿਦੰਬਰਮ ਦੇ ਬਿਆਨ ਦਾ ਸਮਰਥਨ ਕਰਦਿਆਂ ਕਿਹਾ ਕਿ ਉਹ 'ਬਹੁਤ ਦੇਰ ਨਾਲ ਕਾਂਗਰਸ ਦੀਆਂ ਗ਼ਲਤੀਆਂ ਮੰਨ ਰਹੇ ਹਨ।' ਰਿਜਿਜੂ ਨੇ ਜ਼ਿਕਰ ਕੀਤਾ ਕਿ ਚਿਦੰਬਰਮ ਪਹਿਲਾਂ ਵੀ 26/11 ਦੇ ਮੁੰਬਈ ਜਿਹਾਦੀ ਹਮਲੇ ਬਾਰੇ ਵਿਵਾਦਿਤ ਬਿਆਨ ਦੇ ਚੁੱਕੇ ਹਨ, ਜਿੱਥੇ ਉਨ੍ਹਾਂ ਨੇ ਕਿਹਾ ਸੀ ਕਿ ਅਮਰੀਕੀ ਅਤੇ ਵਿਦੇਸ਼ੀ ਦਬਾਅ ਕਾਰਨ ਭਾਰਤ ਪਾਕਿਸਤਾਨ ਵਿਰੁੱਧ ਜਵਾਬੀ ਕਾਰਵਾਈ ਨਹੀਂ ਕਰ ਸਕਿਆ। ਰਿਜਿਜੂ ਨੇ ਕਿਹਾ ਕਿ ਚਿਦੰਬਰਮ ਦਾ ਸਾਕੇ ਨੂੰ ਗ਼ਲਤ ਠਹਿਰਾਉਣਾ ਇਸ ਗੱਲ ਦਾ ਸਬੂਤ ਹੈ ਕਿ ਕਾਂਗਰਸ ਦੀਆਂ ਨੀਤੀਆਂ ਵਿੱਚ ਲੰਮੇ ਸਮੇਂ ਤੋਂ ਖਾਮੀਆਂ ਰਹੀਆਂ ਹਨ।

ਹਾਲਾਂਕਿ, ਭਾਜਪਾ ਦੀ ਇਸ ਪ੍ਰਤੀਕਿਰਿਆ 'ਤੇ ਸਵਾਲ ਵੀ ਉੱਠੇ ਹਨ। ਸਾਬਕਾ ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਪੁਸਤਕ 'ਮਾਈ ਕੰਟਰੀ, ਮਾਈ ਲਾਈਫ਼' ਵਿੱਚ ਜ਼ਿਕਰ ਕੀਤਾ ਸੀ ਕਿ ਉਨ੍ਹਾਂ ਨੇ 1984 ਵਿੱਚ ਇੰਦਰਾ ਗਾਂਧੀ ਨੂੰ ਸਾਕੇ ਦੀ ਸਲਾਹ ਦਿੱਤੀ ਸੀ। ਇਸ ਦੇ ਬਾਵਜੂਦ, ਭਾਜਪਾ ਨੇ ਅਡਵਾਨੀ ਦੇ ਇਸ ਦਾਅਵੇ 'ਤੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਅਤੇ ਚਿਦੰਬਰਮ ਦੇ ਬਿਆਨ ਨੂੰ ਕਾਂਗਰਸ ਵਿਰੁੱਧ ਸਿਆਸੀ ਹਥਿਆਰ ਵਜੋਂ ਵਰਤਿਆ।

### ਸਿੱਖ ਸੰਸਥਾਵਾਂ ਅਤੇ ਬੁੱਧੀਜੀਵੀਆਂ ਦਾ ਪ੍ਰਤੀਕਿਰਿਆ: ਸ਼੍ਰੋਮਣੀ ਕਮੇਟੀ ਦਾ ਰੁਖ਼ ਕਿਉਂ ਵਿਵਾਦਤ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਚਿਦੰਬਰਮ ਦੇ ਬਿਆਨ ਨੂੰ 'ਅਧੂਰਾ ਸੱਚ' ਕਰਾਰ ਦਿੱਤਾ। ਸ਼੍ਰੋਮਣੀ ਕਮੇਟੀ. ਦੇ ਮੈਂਬਰ ਅਤੇ ਸਾਬਕਾ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ, 'ਚਿਦੰਬਰਮ ਦਾ ਇਹ ਕਹਿਣਾ ਕਿ ਸਾਕਾ ਸਿਰਫ਼ ਇੰਦਰਾ ਗਾਂਧੀ ਦਾ ਫ਼ੈਸਲਾ ਨਹੀਂ ਸੀ, ਗ਼ਲਤ ਹੈ। ਪ੍ਰਧਾਨ ਮੰਤਰੀ ਦੇ ਅਧਿਕਾਰ ਹੁੰਦੇ ਹਨ, ਅਤੇ ਏਜੰਸੀਆਂ ਉਸ ਦੇ ਹੁਕਮਾਂ 'ਤੇ ਕੰਮ ਕਰਦੀਆਂ ਹਨ।' ਗਰੇਵਾਲ ਨੇ ਦਾਅਵਾ ਕੀਤਾ ਕਿ ਸਾਕਾ ਨੀਲਾ ਤਾਰਾ ਇੱਕ ਯੋਜਨਾਬੱਧ ਹਮਲਾ ਸੀ, ਜੋ ਇੰਦਰਾ ਗਾਂਧੀ ਨੇ ਆਪਣੀ ਰਾਜਨੀਤਿਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਕੀਤਾ।

ਗਰੇਵਾਲ ਨੇ ਅੱਗੇ ਕਿਹਾ ਕਿ ਸਾਕੇ ਤੋਂ ਬਾਅਦ ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ ਸਿੱਖ ਵਿਰੋਧੀ ਕਤਲੇਆਮ ਨੇ ਸਿੱਖ ਭਾਈਚਾਰੇ ਨੂੰ ਗਹਿਰੀ ਸੱਟ ਮਾਰੀ। ਉਨ੍ਹਾਂ ਨੇ ਕਾਂਗਰਸੀ ਨੇਤਾਵਾਂ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਦੀ ਕਥਿਤ ਭੂਮਿਕਾ 'ਤੇ ਸਵਾਲ ਉਠਾਏ ਅਤੇ ਮੰਗ ਕੀਤੀ ਕਿ ਰਾਹੁਲ ਗਾਂਧੀ ਨੂੰ ਇਸ ਮੁੱਦੇ 'ਤੇ ਸਪੱਸ਼ਟੀਕਰਨ ਦੇਣਾ ਚਾਹੀਦਾ। ਸ਼੍ਰੋਮਣੀ ਕਮੇਟੀ. ਨੇ ਸਾਕੇ ਨੂੰ 'ਗ਼ਲਤ ਤਰੀਕਾ' ਦੀ ਬਜਾਏ 'ਸਿੱਖ ਭਾਈਚਾਰੇ 'ਤੇ ਹਮਲਾ' ਮੰਨਿਆ ਅਤੇ ਮੁਆਫ਼ੀ ਦੀ ਮੰਗ ਕੀਤੀ।

ਹਾਲਾਂਕਿ, ਗਰੇਵਾਲ ਦਾ ਇਹ ਦਾਅਵਾ ਕਿ ਸਾਕਾ ਪੂਰੀ ਤਰ੍ਹਾਂ ਇੰਦਰਾ ਗਾਂਧੀ ਦਾ ਫ਼ੈਸਲਾ ਸੀ, ਸਿੱਖ ਪੰਥ ਵੱਲੋਂ ਵਿਵਾਦਤ ਮੰਨਿਆ ਜਾ ਰਿਹਾ ਹੈ। ਚਿਦੰਬਰਮ ਨੇ ਸਪੱਸ਼ਟ ਕੀਤਾ ਸੀ ਕਿ ਇਹ ਫ਼ੈਸਲਾ ਸਾਂਝਾ ਸੀ, ਜਿਸ ਵਿੱਚ ਫ਼ੌਜ ਅਤੇ ਸਿਵਲ ਅਧਿਕਾਰੀ ਸ਼ਾਮਲ ਸਨ। ਇਤਿਹਾਸਕ ਰਿਕਾਰਡ ਵੀ ਦਰਸਾਉਂਦੇ ਹਨ ਕਿ ਸਾਕੇ ਦੀ ਯੋਜਨਾ ਵਿੱਚ ਕਈ ਸੰਸਥਾਵਾਂ ਦੀ ਸਲਾਹ-ਮਸ਼ਵਰਾ ਸ਼ਾਮਲ ਸੀ। ਸਿੱਖ ਬੁਧੀਜੀਵੀਆਂ ਤੇ ਪੰਥਕ ਆਗੂਆਂ ਲਈ ਗਰੇਵਾਲ ਦਾ ਰੁਖ਼ ਇੱਕਪਾਸੜ ਜਾਪਦਾ ਹੈ, ਜੋ ਸਾਕੇ ਦੀ ਪੂਰੀ ਜ਼ਿੰਮੇਵਾਰੀ ਸਿਰਫ਼ ਇੰਦਰਾ ਗਾਂਧੀ 'ਤੇ ਪਾਉਂਦਾ ਹੈ। ਸਿੱਖ ਵਿਦਵਾਨ ਅਤੇ ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਆਪਣੀਆਂ ਲਿਖਤਾਂ ਵਿੱਚ ਸਾਕੇ ਨੂੰ ਭਾਰਤੀ ਸਟੇਟ ਵੱਲੋਂ 'ਰਾਜਨੀਤਿਕ ਮੁਨਾਫ਼ੇ ਲਈ ਸਿੱਖਾਂ 'ਤੇ ਢਾਹੀ ਗਈ ਜ਼ਿਆਦਤੀ' ਮੰਨਿਆ। ਉਨ੍ਹਾਂ ਦਾ ਵਿਚਾਰ ਸੀ ਕਿ ਸਾਕੇ ਦਾ ਮਕਸਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਖਤਮ ਕਰਨਾ ਸੀ, ਪਰ ਇਸ ਦੌਰਾਨ ਹਜ਼ਾਰਾਂ ਨਿਰਦੋਸ਼ ਸਿੱਖ ਸ਼ਰਧਾਲੂਆਂ ਦੀਆਂ ਜਾਨਾਂ ਗਈਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੱਡਾ ਨੁਕਸਾਨ ਹੋਇਆ। ਢਿੱਲੋਂ ਨੇ ਚਿਦੰਬਰਮ ਦੇ ਬਿਆਨ ਦਾ ਸਮਰਥਨ ਕਰਦਿਆਂ ਕਿਹਾ ਕਿ ਸਾਕਾ ਸੱਚਮੁੱਚ ਇੱਕ 'ਗ਼ਲਤ ਫ਼ੈਸਲਾ' ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਪ੍ਰੋਫ਼ੈਸਰ ਡਾ. ਹਰਪਾਲ ਸਿੰਘ ਪੰਨੂ, ਨੇ ਚਿਦੰਬਰਮ ਦੇ ਬਿਆਨ ਨੂੰ 'ਸਮੇਂ ਦੀ ਮੰਗ' ਦੱਸਿਆ। ਉਨ੍ਹਾਂ ਮੁਤਾਬਕ, ਸਾਕੇ ਦੀ ਜ਼ਿੰਮੇਵਾਰੀ ਨੂੰ ਸਵੀਕਾਰ ਕਰਨ ਅਤੇ ਸਿੱਖ ਭਾਈਚਾਰੇ ਨਾਲ ਸੰਵਾਦ ਸਥਾਪਤ ਕਰਨ ਦੀ ਜ਼ਰੂਰਤ ਹੈ।

ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਚਿਦੰਬਰਮ ਦੇ ਬਿਆਨ ਨੂੰ 'ਸਿਆਸੀ ਨਾਟਕ' ਕਰਾਰ ਦਿੱਤਾ। ਉਨ੍ਹਾਂ ਮੁਤਾਬਕ, ਕਾਂਗਰਸ ਅਤੇ ਭਾਜਪਾ ਦੋਵੇਂ ਸਾਕੇ ਦੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ। ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਸਾਕੇ ਦੀ ਯੋਜਨਾ ਵਿੱਚ ਭਾਰਤੀ ਸਟੇਟ ਦੀਆਂ ਸੰਸਥਾਵਾਂ ਸ਼ਾਮਲ ਸਨ, ਪਰ ਅੰਤਿਮ ਫ਼ੈਸਲਾ ਇੰਦਰਾ ਗਾਂਧੀ ਦਾ ਸੀ। ਉਨ੍ਹਾਂ ਨੇ ਮੰਗ ਕੀਤੀ ਕਿ ਸਾਕੇ ਅਤੇ ਸਿੱਖ ਵਿਰੋਧੀ ਕਤਲੇਆਮ ਦੀ ਅੰਤਰਰਾਸ਼ਟਰੀ ਪੱਧਰ 'ਤੇ ਜਾਂਚ ਹੋਣੀ ਚਾਹੀਦੀ।

### ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ: ਸਟੇਟ ਜਾਂ ਇੰਦਰਾ ਸਰਕਾਰ ਦੀ ਜ਼ਿੰਮੇਵਾਰੀ ?

ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲੇ ਦੀ ਜ਼ਿੰਮੇਵਾਰੀ ਨੂੰ ਲੈ ਕੇ ਵਿਚਾਰਧਾਰਕ ਵੰਡ ਸਪੱਸ਼ਟ ਹੈ। ਚਿਦੰਬਰਮ ਦਾ ਮੰਨਣਾ ਹੈ ਕਿ ਇਹ 'ਡੀਪ ਸਟੇਟ' ਦੀ ਸਾਂਝੀ ਕਾਰਵਾਈ ਸੀ, ਜਿਸ ਵਿੱਚ ਫ਼ੌਜ, ਖ਼ੁਫ਼ੀਆ ਏਜੰਸੀਆਂ ਅਤੇ ਸਿਵਲ ਪ੍ਰਸ਼ਾਸਨ ਸ਼ਾਮਲ ਸਨ। ਇਤਿਹਾਸਕ ਦਸਤਾਵੇਜ਼ ਦਰਸਾਉਂਦੇ ਹਨ ਕਿ ਸਾਕੇ ਦੀ ਯੋਜਨਾ ਵਿੱਚ ਉਸ ਸਮੇਂ ਦੇ ਫ਼ੌਜੀ ਅਤੇ ਸਿਵਲ ਅਧਿਕਾਰੀਆਂ ਦੀ ਅਹਿਮ ਭੂਮਿਕਾ ਸੀ। ਪਰ ਬਾਦਲ ਅਕਾਲੀ ਦਲ ਇਸ ਨੂੰ ਇੰਦਰਾ ਗਾਂਧੀ ਦੀ ਸਿਆਸੀ ਚਾਲ ਮੰਨਦੇ ਹਨ, ਜਿਸ ਦਾ ਮਕਸਦ ਪੰਜਾਬ ਵਿੱਚ ਅਕਾਲੀ ਦਲ ਦੇ ਪ੍ਰਭਾਵ ਨੂੰ ਘਟਾਉਣਾ ਅਤੇ ਕਾਂਗਰਸ ਦੀ ਸਿਆਸੀ ਸਥਿਤੀ ਨੂੰ ਮਜ਼ਬੂਤ ਕਰਨਾ ਸੀ।

ਇਹ ਸਵਾਲ ਅਹਿਮ ਹੈ ਕਿ ਜੇਕਰ ਇੰਦਰਾ ਗਾਂਧੀ ਜ਼ਿੰਮੇਵਾਰ ਸਨ, ਤਾਂ ਭਾਜਪਾ ਸਰਕਾਰ ਨੇ ਪਾਰਲੀਮੈਂਟ ਵਿੱਚ ਸਾਕੇ ਲਈ ਮੁਆਫ਼ੀ ਕਿਉਂ ਨਹੀਂ ਮੰਗੀ ? ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਅਤੇ ਇਸ ਦੀ ਜ਼ਿੰਮੇਵਾਰੀ ਨੂੰ ਲੈ ਕੇ ਚਿਦੰਬਰਮ ਦੇ ਬਿਆਨ ਨੇ ਭਾਰਤੀ ਸਿਆਸਤ ਵਿੱਚ ਇੱਕ ਪੁਰਾਣੇ ਜ਼ਖ਼ਮ ਨੂੰ ਖੋਲ੍ਹ ਦਿੱਤਾ ਹੈ। (ਬਾਕੀ ਸਫ਼ਾ 26 'ਤੇ)

# ਕਰਤਾਰਪੁਰ ਲਾਂਘਾ ਮੁੜ ਖੋਲ੍ਹਿਆ ਜਾਵੇ

ਪਲਵਿੰਦਰ ਸੋਹਲ



ਉਸ ਸਮੇਂ ਕਰੋੜਾਂ ਲੋਕਾਂ ਦੀਆਂ ਅਰਦਾਸਾਂ ਨੂੰ ਬੂਰ ਪਿਆ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਮਭੂਮੀ ਪਾਕਿਸਤਾਨ ਸਥਿਤ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਕਰਨ ਦੀ ਭਾਰਤੀਆਂ ਨੂੰ ਨਵੰਬਰ 2019 ਵਿੱਚ ਖੁੱਲ੍ਹ ਮਿਲੀ ਸੀ। ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਇਤਿਹਾਸਿਕ ਫ਼ੈਸਲਾ ਲੈਂਦਿਆਂ ਭਾਰਤੀ ਪੰਜਾਬ ਤੋਂ ਮਹਿਜ਼ 3 ਕਿਲੋਮੀਟਰ ਦੂਰ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਤੱਕ ਭਾਰਤੀ ਸ਼ਰਧਾਲੂਆਂ ਲਈ ਇੱਕ ਲਾਂਘੇ ਦਾ ਨਿਰਮਾਣ ਕੀਤਾ ਸੀ ਅਤੇ ਭਾਰਤੀ ਪੰਜਾਬ ਵਿੱਚ ਸਥਿਤ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ’ਚ ਸਥਿਤ ਗੁਰਦੁਆਰਾ ਸਾਹਿਬ ਤੱਕ ਲਾਂਘੇ ਦੀ ਬਹੁਤ ਵਧੀਆ ਉਸਾਰੀ ਕਰਵਾਈ ਸੀ। 9 ਨਵੰਬਰ, 2019 ਨੂੰ ਇਸ ਲਾਂਘੇ ਦੇ ਉਦਘਾਟਨ ਸਮੇਂ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਸਮੇਤ ਸਾਰੀ ਸਿਆਸੀ ਤੇ ਧਾਰਮਿਕ ਲੀਡਰਸ਼ਿਪ ਮੌਜੂਦ ਸਨ। ਇਹ ਇੱਕ ਇਤਿਹਾਸਕ ਪਲ ਸੀ। ਸੰਸਾਰ ਭਰ ਦੇ ਬਾਬੇ ਨਾਨਕ ਦੇ ਸ਼ਰਧਾਲੂਆਂ ਅਤੇ ਖ਼ਾਸ ਕਰਕੇ ਭਾਰਤੀ ਪੰਜਾਬ ਦੇ ਹਜ਼ਾਰਾਂ ਸ਼ਰਧਾਲੂਆਂ ਨੇ ਕੁਝ ਹੀ ਮਹੀਨਿਆਂ ’ਚ ਇਸ ਰੂਹਾਨੀ ਸਥਾਨ ਦੇ ਦਰਸ਼ਨ ਕੀਤੇ। ਪਰ 2020 ’ਚ ਕੋਰੋਨਾ ਮਹਾਂਮਾਰੀ ਕਾਰਨ ਹੋਈ ਵਿਸ਼ਵਵਿਆਪੀ ਤਾਲਾਬੰਦੀ ਕਾਰਨ ਕਰਤਾਰਪੁਰ ਸਾਹਿਬ ਦਾ ਲਾਂਘਾ ਬੰਦ ਕਰ ਦਿੱਤਾ ਗਿਆ ਅਤੇ ਮਹਾਂਮਾਰੀ ਗੁਜ਼ਰਨ ਦੇ ਕਾਫ਼ੀ ਸਮੇਂ ਬਾਅਦ ਲਾਂਘੇ ਨੂੰ ਮੁੜ ਖੋਲ੍ਹਿਆ ਗਿਆ। ਇਸ ਤੋਂ ਬਾਅਦ ਫ਼ਿਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੇ ਇਸ ਪਾਵਨ ਸਥਾਨ ਦੇ ਦਰਸ਼ਨ ਕੀਤੇ।

ਪਰ ਲੰਘੀ 22 ਅਪ੍ਰੈਲ ਨੂੰ ਪਹਿਲਗਾਮ ’ਚ ਵਾਪਰੀ ਮੰਦਭਾਗੀ ਘਟਨਾ ਤੋਂ ਬਾਅਦ ਭਾਰਤ ਵਲੋਂ ਅੱਤਵਾਦ ਅਤੇ ਪਾਕਿਸਤਾਨ ਖ਼ਿਲਾਫ਼ ਸ਼ੁਰੂ ਕੀਤੇ ‘ਅਪਰੇਸ਼ਨ ਸੰਧੂਰ’ ਦੌਰਾਨ ਇਹ ਲਾਂਘਾ ਇੱਕ ਵਾਰ ਫ਼ਿਰ ਬੰਦ ਕਰ ਦਿੱਤਾ ਗਿਆ। ਚਾਰ ਦਿਨਾਂ ਦੇ ਫ਼ੌਜੀ ਟਕਰਾਅ ਤੋਂ ਬਾਅਦ 10 ਮਈ ਨੂੰ ਦੋਵਾਂ ਦੇਸ਼ਾਂ ਵਲੋਂ ਜੰਗਬੰਦੀ ਕਰ ਦਿੱਤੀ ਗਈ। ਉਸ ਤੋਂ ਬਾਅਦ ਹਾਲਾਤ ਹੌਲੀ-ਹੌਲੀ ਆਮ ਹੋ ਰਹੇ ਹਨ, ਹਾਲਾਂਕਿ ਦੋਵਾਂ ਦੇਸ਼ਾਂ ਦਰਮਿਆਨ ਤਣਾਅ ਘੱਟ ਨਹੀਂ ਰਿਹਾ। ਪਾਕਿਸਤਾਨ ਦੁਆਰਾ ਅੱਤਵਾਦੀ ਕਾਰਵਾਈਆਂ ਤੇ ਅੱਤਵਾਦੀ ਸੰਗਠਨਾਂ ਨੂੰ ਦਿੱਤਾ ਜਾ ਰਿਹਾ ਖੁੱਲ੍ਹਾ ਸਮਰਥਨ ਦੋਵਾਂ ਦੇਸ਼ਾਂ ਦਰਮਿਆਨ ਅਮਨ ਤੇ ਸ਼ਾਂਤੀ ਦੇ ਰਾਹ ਵਿੱਚ ਵੱਡੀ ਰੁਕਾਵਟ ਬਣ ਰਿਹਾ ਹੈ। ਭਾਰਤ ਸਰਕਾਰ ਦੁਆਰਾ ਕਿਸੇ ਵੀ ਅੱਤਵਾਦੀ ਹਮਲੇ ਦਾ ਸਖ਼ਤ ਜਵਾਬ ਦੇਣ ਲਈ ‘ਆਪਰੇਸ਼ਨ ਸੰਧੂਰ’ ਨੂੰ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਹੈ ਅਤੇ ਪਾਕਿਸਤਾਨ ਨਾਲ ‘ਸਿੰਧੂ ਜਲ ਸਮਝੌਤਾ’ ਰੱਦ ਕਰ ਦਿੱਤਾ ਗਿਆ ਹੈ। ਇਹ ਹਾਲਾਤ ਪੂਰੇ ਵਿਸ਼ਵ ਖ਼ਾਸ ਕਰਕੇ ਦੱਖਣੀ ਏਸ਼ੀਆਈ ਖਿੱਤੇ ਲਈ ਅਤਿ ਖ਼ਤਰਨਾਕ ਤੇ ਨੁਕਸਾਨਦਾਇਕ ਹਨ। ਅਜੋਕਾ ਯੁੱਗ ਯੁੱਧ ਦਾ ਨਹੀਂ, ਸਗੋਂ ਸ਼ਾਂਤੀ ਤੇ ਵਿਕਾਸ ਦਾ ਹੈ ਤੇ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੋ ਸਕਦੀ। ਜੰਗ ਵਿੱਚ ਸਿਰਫ਼ ਤੇ ਸਿਰਫ਼ ਤਬਾਹੀ ਦਾ ਮੰਜ਼ਰ ਹੀ ਪੈਦਾ ਹੁੰਦਾ ਹੈ। ਇਜ਼ਰਾਇਲ-ਫ਼ਲਸਤੀਨ ਅਤੇ ਰੂਸ-ਯੂਕ੍ਰੇਨ ਦਰਮਿਆਨ ਪਿਛਲੇ ਲੰਮੇ ਸਮੇਂ ਤੋਂ ਚੱਲ ਰਿਹਾ ਯੁੱਧ ਇਸੇ ਮੰਜ਼ਰ ਦੀ ਉਦਾਹਰਨ ਹੈ ਤੇ ਭਾਰਤ ਤੇ ਪਾਕਿਸਤਾਨ ਨੂੰ ਪ੍ਰਮਾਣੂ ਸ਼ਕਤੀ ਵਾਲੇ ਰਾਸ਼ਟਰ ਹੁੰਦਿਆਂ ਇਸ ਤੱਥ ਨੂੰ ਮੰਨਣਾ ਪਵੇਗਾ।

ਇਨ੍ਹਾਂ ਸਥਿਤੀਆਂ ’ਚ ਕਰਤਾਰਪੁਰ ਲਾਂਘਾ ਬੰਦ ਹੋਣ ਨਾਲ ਸਿੱਖ ਜਗਤ ਵਿੱਚ ਨਿਰਾਸ਼ਾ ਫ਼ੈਲ ਰਹੀ ਹੈ। ਇਸ ਸਥਾਨ ਦੇ ਦਰਸ਼ਨ ਲਈ ਸਿੱਖ ਸੰਗਤ ਰੋਜ਼ਾਨਾ ਅਰਦਾਸ ਕਰ ਰਹੀ ਹੈ। ਇਸ ਲਈ ਹੁਣ ਸਮੇਂ ਦੀ ਲੋੜ ਹੈ ਕਿ ਕਰਤਾਰਪੁਰ ਲਾਂਘੇ ਨੂੰ ਮੁੜ ਖੋਲ੍ਹਣ ਲਈ ਸ਼੍ਰੋਮਣੀ ਕਮੇਟੀ ਸਮੇਤ ਸਾਰੀਆਂ ਪੰਥਕ ਸੰਸਥਾਵਾਂ, ਸਿਆਸੀ ਦਲ, ਨੇਤਾ, ਲੇਖਕ, ਬੁੱਧੀਜੀਵੀ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਬੇਨਤੀ ਕਰਨ ਕਿ ਕਰਤਾਰਪੁਰ ਲਾਂਘਾ ਦੁਬਾਰਾ ਖੋਲ੍ਹ ਕੇ ਸ਼ਰਧਾਲੂਆਂ ਨੂੰ ਇਸ ਪਾਵਨ ਇਤਿਹਾਸਕ ਸਥਾਨ ਦੇ ਦਰਸ਼ਨ ਕਰਨ ਦੀ ਆਗਿਆ ਦਿੱਤੀ ਜਾਵੇ। ਇਸ ਸੰਬੰਧੀ ਸਭ ਨੂੰ ਮਿਲ ਕੇ ਕੇਂਦਰ ਸਰਕਾਰ ਕੋਲ ਬੇਨਤੀ ਕਰਨੀ ਚਾਹੀਦੀ ਹੈ। ਅਜਿਹੇ ਯਤਨਾਂ ਦੀ ਹੁਣ ਦੁਬਾਰਾ ਬਹੁਤ ਵੱਡੀ ਜ਼ਰੂਰਤ ਹੈ, ਕਿਉਂਕਿ 2019 ਤੋਂ ਪਹਿਲਾਂ ਵੀ ਤੇ ਬਾਅਦ ਵੀ ਕੁਝ ਤਾਕਤਾਂ ਇਸ ਲਾਂਘੇ ਨੂੰ ਖੋਲ੍ਹਣ ਦੇ ਵਿਰੁੱਧ ਸਨ। ਇਸੇ ਕਾਰਨ ਇਸ ਲਾਂਘੇ ਨੂੰ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਸੀ। ਪਰ ਪਾਕਿਸਤਾਨ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਚੜ੍ਹਦੇ ਪੰਜਾਬ ਦੇ ਉਸ ਸਮੇਂ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਯਤਨਾਂ ਸਦਕਾ ਸਿੱਖ ਪੰਥ ਦੀ ਇਹ ਚਿਰੋਕਣੀ ਮੰਗ ਪੂਰੀ ਹੋ ਗਈ ਸੀ। ਭਾਵੇਂ ਕਿ ਰਾਸ਼ਟਰੀ ਸੁਰੱਖਿਆ ਕਾਰਨ ਸਖ਼ਤੀ ਤੇ ਕਈ ਕਾਗਜ਼ੀ ਕਾਰਵਾਈਆਂ ਕਾਰਨ ਅਜੇ ਤੱਕ ਓਨੀ ਵੱਡੀ ਗਿਣਤੀ ਵਿੱਚ ਸ਼ਰਧਾਲੂ ਇਸ ਗੁਰਦੁਆਰਾ ਸਾਹਿਬ ਦੇ ਦਰਸ਼ਨ ਨਹੀਂ ਕਰ ਸਕੇ ਜਿੰਨੀ ਆਸ ਸੀ ਪਰ ਇਸ ਲਾਂਘੇ ਕਾਰਨ ਸਿੱਖ ਪੰਥ ਦੇ ਹਿਰਦਿਆਂ ਨੂੰ ਅਸੀਮ ਸੁੱਖ ਮਿਲਿਆ ਸੀ। ਇਹ ਲਾਂਘਾ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ’ਤੇ ਜੰਮੀ ਨਫ਼ਰਤ ਦੀ ਬਰਫ਼ ਨੂੰ ਪਿਘਲਾਉਣ ਦਾ ਜ਼ਰੀਆ ਬਣਦਾ ਪ੍ਰਤੀਤ ਹੋ ਰਿਹਾ ਸੀ ਪਰ ਅਚਾਨਕ ਬਣੇ ਹਾਲਾਤ ਕਾਰਨ ਇਹ ਲਾਂਘਾ ਬੰਦ ਹੋ ਗਿਆ। ਪਾਕਿਸਤਾਨ ਦੀ ਨੀਅਤ ਤੇ ਨੀਤੀ ਨਿੰਦਣਯੋਗ ਹਨ। ਅੱਤਵਾਦ ਰਾਹੀਂ ਮਾਸੂਮਾਂ ਦਾ ਖ਼ੂਨ ਡੋਲ੍ਹਣਾ ਬਹੁਤ ਨਿੰਦਣਯੋਗ ਕਾਰਾ ਹੈ। ਪਾਕਿਸਤਾਨ ਨੂੰ ਆਪਣੀ ਇਹ ਨੀਤੀ ਬਦਲਣ ਦੀ ਲੋੜ ਹੈ ਤੇ ਇਸੇ ਵਿੱਚ ਹੀ ਉਸ ਦੀ ਭਲਾਈ ਹੈ। ਇਸ ਸਮੇਂ ਸੁਰੱਖਿਆ ਪੱਖੋਂ ਹਾਲਾਤ ਅਤਿ ਚੌਕਸੀ ਵਾਲੇ ਹਨ ਪਰ ਕਰੋੜਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਇਹ ਮਸਲਾ ਚੰਗੇ ਸੁਰੱਖਿਆ ਪ੍ਰਬੰਧ ਕਰਕੇ ਹੱਲ ਕੀਤਾ ਜਾ ਸਕਦਾ ਹੈ ਤੇ ਕਰਤਾਰਪੁਰ ਲਾਂਘਾ ਖੋਲ੍ਹਿਆ ਜਾ ਸਕਦਾ ਹੈ।

ਪਿਛਲੇ ਸਾਲਾਂ ਵਿੱਚ ਇਸ ਲਾਂਘੇ ਵਿੱਚ ਗਏ ਲੋਕਾਂ ਦੀਆਂ ਗ਼ੈਰ-ਕਾਨੂੰਨੀ ਤੇ ਦੇਸ਼ ਵਿਰੋਧੀ ਕਾਰਵਾਈਆਂ ਸਾਹਮਣੇ ਨਹੀਂ ਆਈਆਂ ਹਨ। ਪੰਜਾਬ ’ਚ ਡੇਰਾ ਬਾਬਾ ਨਾਨਕ ਕਸਬੇ ਨੂੰ ਹੋਰ ਵਿਕਸਿਤ ਕਰਨ ਦੀ ਲੋੜ ਹੈ। ਅੰਮ੍ਰਿਤਸਰ, ਬਟਾਲਾ, ਡੇਰਾ ਬਾਬਾ ਨਾਨਕ ਨੂੰ ਇੱਕ ਧਾਰਮਿਕ ਗਲਿਆਰੇ ਦੇ ਤੌਰ ’ਤੇ ਵਿਕਸਿਤ ਕੀਤਾ ਜਾ ਸਕਦਾ ਹੈ। ਇਸ ਮੁੱਦੇ ’ਤੇ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ, ਸਭ ਧਾਰਮਿਕ ਸੰਸਥਾਵਾਂ ਤੇ ਸਾਰੇ ਸਿਆਸੀ ਦਲਾਂ ਨੂੰ ਇੱਕ ਵਫ਼ਦ ਦੇ ਤੌਰ ’ਤੇ ਵੀ ਕੇਂਦਰ ਸਰਕਾਰ ਤੱਕ ਪਹੁੰਚ ਕਰਕੇ ਇਸ ਲਾਂਘੇ ਨੂੰ ਦੁਬਾਰਾ ਖੋਲ੍ਹਣ ਲਈ ਬੇਨਤੀ ਕਰਨੀ ਚਾਹੀਦੀ ਹੈ। ਆਸ ਹੈ ਕਿ ਜਲਦ ਹੀ ਦੋਵਾਂ ਦੇਸ਼ਾਂ ਦੇ ਸੰਬੰਧ ਸੁਧਰਨਗੇ ਅਤੇ ਜਲਦ ਹੀ ਸੰਗਤ ਨੂੰ ਇਸ ਪਵਿੱਤਰ ਧਾਰਮਿਕ ਸਥਾਨ ਦੇ ਦਰਸ਼ਨਾਂ ਲਈ ਕਰਤਾਰਪੁਰ ਲਾਂਘਾ ਮੁੜ ਖੋਲ੍ਹ ਦਿੱਤਾ ਜਾਵੇਗਾ।

# ਸ੍ਰੀ ਅੰਮ੍ਰਿਤਸਰ ਸਾਹਿਬ ਦਾ 450 ਸਾਲਾ ਸਥਾਪਨਾ ਦਿਵਸ ਕਿਵੇਂ ਮਨਾਈਏ?



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ



ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦਾ 450ਵਾਂ ਸਥਾਪਨਾ ਦਿਵਸ ਮਨਾਉਣ ਲਈ ਯਤਨਸ਼ੀਲ ਹੈ। ਇਸ ਸੰਬੰਧੀ 24 ਮਈ ਤੇ 7 ਜੂਨ ਨੂੰ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਏ ਇਸ਼ਤਿਹਾਰਾਂ ਵਿੱਚ ਇਨ੍ਹਾਂ ਦਿਹਾੜਿਆਂ ਨੂੰ ਮਨਾਉਣ ਲਈ ਲੋਕਾਂ ਤੋਂ ਸੁਝਾਅ ਮੰਗੇ ਹਨ । ਸਰਕਾਰ ਨੇ ਸੁਝਾਅ ਭੇਜਣ ਲਈ ਵਟਸਐਪ ਨੰਬਰ ਅਤੇ ਈ-ਮੇਲ ਪਤੇ ਵੀ ਜਾਰੀ ਕੀਤੇ ਸਨ ਅਤੇ ਵਿਦਵਾਨਾਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨਾਲ ਰਾਬਤਾ ਕਾਇਮ ਕਰਕੇ ਉਨ੍ਹਾਂ ਤੋਂ ਵੀ ਸੁਝਾਅ ਮੰਗੇ ਸਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਇਸ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਬਹੁਤ ਸੰਜੀਦਾ ਦਿਸ ਰਹੇ ਹਨ।

ਇਨ੍ਹਾਂ ਦੋਵੇਂ ਸ਼ਤਾਬਦੀਆਂ ’ਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਇਸੇ ਸਾਲ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਗੁਰਿਆਈ ਦਿਵਸ ਦੀ ਸ਼ਤਾਬਦੀ ਵੀ ਇਸੇ ਸਾਲ ਆ ਰਹੀ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦਾ ਸਥਾਪਨਾ ਸ਼ਤਾਬਦੀ ਦਿਵਸ 2027 ਵਿੱਚ ਆਵੇਗਾ ਤੇ ਸਰਕਾਰ ਇਸ ਸ਼ਤਾਬਦੀ ਨੂੰ ਮਨਾਉਣ ਲਈ ਵੀ ਵਚਨਬੱਧ ਦਿਖਾਈ ਦੇ ਰਹੀ ਹੈ। ਸਰਕਾਰ ਵੱਲੋਂ ਸਮਾਂ ਰਹਿੰਦਿਆਂ ਕੁਝ ਕਾਰਜ ਸੰਪੂਰਨ ਕਰਨ ਲਈ ਪਹਿਲਾਂ ਤੋਂ ਹੀ ਯੋਜਨਾਬੰਦੀ ਕੀਤੀ ਜਾ ਰਹੀ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਸ਼ਤਾਬਦੀ ਮੌਕੇ ਹੋਏ ਐਲਾਨਾਂ ਦੀ ਯਾਦ ਦਿਵਾਉਂਦੀ ਹੈ। ਜਨਵਰੀ 1967 ਵਿੱਚ ਪਟਨਾ ਸਾਹਿਬ ਵਿਖੇ ਹੋਏ ਸ਼ਤਾਬਦੀ ਸਮਾਗਮਾਂ ਮੌਕੇ ਐਲਾਨ ਹੋਇਆ ਸੀ ਕਿ ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਪੁਰਬ 1969 ਵਿੱਚ ਆ ਰਿਹਾ ਹੈ ਅਤੇ ਉਸ ਤੋਂ ਪਹਿਲਾਂ ਕੁਝ ਮਹੱਤਵਪੂਰਨ ਕਾਰਜ ਕਰਨੇ ਜ਼ਰੂਰੀ ਹਨ। ਉਸ ਸਮੇਂ ਸਰਕਾਰ ਤੇ ਅਕਾਦਮਿਕ ਸੰਸਥਾਵਾਂ ਨੇ ਸਿਰਫ਼ ਐਲਾਨ ਨਹੀਂ ਕੀਤੇ, ਸਗੋਂ ਕਈ ਸ਼ਖ਼ਸੀਅਤਾਂ ਨੂੰ ਆਰਥਿਕ ਮਦਦ ਤੇ ਸਹੂਲਤਾਂ ਪ੍ਰਦਾਨ ਕੀਤੀਆਂ। ਜਿਸ ਦੇ ਸਿੱਟੇ ਵਜੋਂ ਡਾ. ਕਿਰਪਾਲ ਸਿੰਘ ਦੀ ਜਨਮ ਸਾਖੀ ਪਰੰਪਰਾ ਸਿਰਲੇਖ ਅਧੀਨ ਅਹਿਮ ਪੁਸਤਕ ਸਾਹਮਣੇ ਆਈ, ਜਿਸ ’ਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪੰਜਾਬ ਤੋਂ ਲੈ ਕੇ ਸ੍ਰੀਲੰਕਾ ਤੱਕ ਦੀਆਂ ਯਾਤਰਾਵਾਂ ਦੇ ਸਰਵੇਖਣ ਸ਼ਾਮਿਲ ਹਨ। ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਮੌਕੇ ਪੰਜਾਬੀ ਯੂਨੀਵਰਸਿਟੀ ਨੇ ਦੋ ਦਰਜਨ ਤੋਂ ਵਧੇਰੇ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਸਨ ਅਤੇ ਹੋਰ ਸੰਸਥਾਵਾਂ ਦੇ ਬਹੁਤ ਸਾਰੇ ਪ੍ਰੋਜੈਕਟ ਸਾਹਮਣੇ ਆਏ ਸਨ। ਮੌਜੂਦਾ ਸਰਕਾਰ ਦੀ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਸੰਬੰਧੀ ਇਸੇ ਦ੍ਰਿਸ਼ਟੀ ਤੋਂ ਨਿਸ਼ਠਾ ਹੋਣੀ ਚਾਹੀਦੀ ਹੈ।

ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖ ਧਰਮ ਦਾ ਕੇਂਦਰੀ ਧਾਰਮਿਕ ਅਸਥਾਨ ਹੈ ਜੋ ਸ਼ਰਧਾ ਭਾਵਨਾ ਮੁਸਲਮਾਨਾਂ ਲਈ ਮੱਕੇ, ਯਹੂਦੀਆਂ ਲਈ ਯੇਰੂਸ਼ਲਮ, ਬੋਧੀਆਂ ਲਈ ਬੋਧ ਗਯਾ, ਹਿੰਦੂਆਂ ਲਈ ਬਨਾਰਸ ਦੀ ਹੈ, ਉਸੇ ਤਰ੍ਹਾਂ ਦੀ ਭਾਵਨਾਤਮਿਕ ਸਾਂਝ ਸਿੱਖਾਂ ਦੀ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਜੁੜੀ ਹੋਈ ਹੈ । ਸਿੱਖ ਇਸ ਨੂੰ ‘ਗੁਰੂ ਕੀ ਨਗਰੀ’ ਕਹਿ ਕੇ ਸ਼ਰਧਾ ਤੇ ਸਤਿਕਾਰ ਭੇਟ ਕਰਦੇ ਹਨ ਅਤੇ ਹਮੇਸ਼ਾ ਦਰਬਾਰ ਸਾਹਿਬ ਦੇ ਦਰਸ਼ਨ-ਇਸ਼ਨਾਨ ਲਈ ਰੋਜ਼ਾਨਾ ਅਰਦਾਸ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਇਤਿਹਾਸਕ ਤੇ ਪਵਿੱਤਰ ਨਗਰੀ ਦਾ ਜ਼ਿਕਰ ‘ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ’ ਤੇ ‘ਅੰਮ੍ਰਿਤਸਰੁ ਸਿਫਤੀ ਦਾ ਘਰੁ’ ਵਰਗੇ ਵਿਸ਼ੇਸ਼ਣਾਂ ਨਾਲ ਆਉਂਦਾ ਹੈ। ਅੰਮ੍ਰਿਤਸਰ ਡਿਸਟਿਕਟ ਗਜ਼ਟੀਅਰ (1883-84) ਅਨੁਸਾਰ ਗੁਰੂ ਰਾਮਦਾਸ ਜੀ ਨੇ 1577 ਵਿੱਚ ਇਹ ਜ਼ਮੀਨ ਤੁੰਗ ਪਿੰਡ ਦੇ ਜ਼ਿਮੀਦਾਰਾਂ ਤੋਂ ਮੁੱਲ ਖਰੀਦੀ ਸੀ। ਇਸੇ ਸਾਲ ਗੁਰੂ ਜੀ ਨੇ ਸਰੋਵਰ ਦਾ ਟੱਕ ਲਗਾ ਕੇ ਇਸ ਨਗਰ ਦੀ ਨੀਂਹ ਰੱਖੀ ਸੀ। ਗੁਰੂ ਅਰਜਨ ਦੇਵ ਜੀ ਨੇ 1581 ’ਚ ਸਰੋਵਰ ਦੀ ਕਾਰ ਸੇਵਾ ਸੰਪੂਰਨ ਹੋਣ ਬਾਅਦ ਇੱਥੇ ਹੀ ਸ੍ਰੀ ਦਰਬਾਰ ਸਾਹਿਬ ਦੀ ਨੀਂਹ ਸੂਫ਼ੀ ਦਰਵੇਸ਼ ਸਾਈਂ ਮੀਆਂ ਮੀਰ ਜੀ ਕੋਲੋਂ ਰਖਵਾਈ ਸੀ। ਉਨ੍ਹਾਂ 1604 ਵਿੱਚ ਨਵੀਂ ਉਸਾਰੀ ਇਮਾਰਤ (ਦਰਬਾਰ ਸਾਹਿਬ) ਵਿਖੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਸੀਇਸ ਸ਼ਹਿਰ ਨੂੰ ਚੱਕ ਗੁਰੂ, ਰਾਮਦਾਸਪੁਰ, ਚੱਕ ਰਾਮਦਾਸਪੁਰ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ, ਜੋ ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਂਅ ਨਾਲ ਪ੍ਰਸਿੱਧ ਹੈ। ਮਹਾਰਾਜਾ ਰਣਜੀਤ ਸਿੰਘ ਨੇ ਸ਼ਹਿਰ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ’ਤੇ ਸੋਨਾ ਲਵਾਇਆ ਸੀ।

ਇਸ ਨਗਰ ਵਿਖੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਗੁਰਦੁਆਰਾ ਬਾਬਾ ਅਟੱਲ ਸਾਹਿਬ, ਗੁਰਦੁਆਰਾ ਗੁਰੂ ਕੇ ਮਹਿਲ, ਗੁਰਦੁਆਰਾ ਥੜ੍ਹਾ ਸਾਹਿਬ, ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ, ਦਰਸ਼ਨੀ ਡਿਉੜੀ, ਰਾਮਸਰ, ਕੌਲਸਰ, ਬਿਬੇਕਸਰ, ਸੰਤੋਖਸਰ, ਲੋਹਗੜ੍ਹ ਆਦਿ ਅਨੇਕਾਂ ਅਸਥਾਨ ਸਿੱਖ ਸੰਗਤਾਂ ਦੀ ਸ਼ਰਧਾ ਦੇ ਕੇਂਦਰ ਹਨ। ਇਸ ਦੇ ਨਾਲ ਹੀ ਰਾਮਗੜ੍ਹੀਆ ਬੁੰਗਾ, ਖ਼ਾਲਸਾ ਕਾਲਜ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਮਹਾਰਾਜਾ ਰਣਜੀਤ ਸਿੰਘ ਦਾ ਸਮਰ ਪੈਲੇਸ, ਰਾਮ ਬਾਗ਼ ਆਦਿ ਇਸ ਨਗਰ ਦੀ ਸ਼ਾਨ ਹਨ। ਸ੍ਰੀ ਅੰਮ੍ਰਿਤਸਰ ਸਾਹਿਬ ਜੋ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ ਅਤੇ ਦੇਸ਼-ਵੰਡ ਤੋਂ ਪਹਿਲਾਂ ਇਹ ਇਸ ਖਿੱਤੇ ਦਾ ਧਾਰਮਿਕ ਕੇਂਦਰ ਹੋਣ ਦੇ ਨਾਲ-ਨਾਲ ਪ੍ਰਮੁੱਖ ਤਜ਼ਾਰਤੀ ਕੇਂਦਰ ਵੀ ਸੀ। ਹੁਣ ਇੱਥੇ ਦੇਸ਼-ਵਿਦੇਸ਼ ਤੋਂ ਆਉਂਦੇ ਸੈਲਾਨੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਦੇ ਨਾਲ-ਨਾਲ ਜਲ੍ਹਿਆਂਵਾਲਾ ਬਾਗ ਤੇ ਅਟਾਰੀ ਸਰਹੱਦ ’ਤੇ ਸ਼ਾਮ ਸਮੇਂ ਹੋਣ ਵਾਲੇ ‘ਬੀਟਿੰਗ ਰਿਟਰੀਟ’ ਸਮਾਰੋਹ ਨੂੰ ਵੀ ਦੇਖਣ ਜਾਂਦੇ ਹਨ। ਅੰਮ੍ਰਿਤਸਰ ਵਿੱਚ ਯਾਤਰੂਆਂ ਦੀ ਦਿਨੋ-ਦਿਨ ਵਧਦੀ ਗਿਣਤੀ ਸ਼ਹਿਰ ਦੇ ਪ੍ਰਬੰਧਾਂ ਲਈ ਇੱਕ ਵੱਡੀ ਚੁਣੌਤੀ ਬਣ ਗਈ ਹੈ, ਜੋ ਪ੍ਰਬੰਧਾਂ ਦੇ ਸੁਧਾਰ ਲਈ ਪੰਜਾਬ ਸਰਕਾਰ ਦੇ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਇੱਥੇ ਅਕਾਲੀ ਸਰਕਾਰ ਸਮੇਂ ਗੋਲਡਨ ਗੇਟ ਦੀ ਉਸਾਰੀ, ਸ੍ਰੀ ਦਰਬਾਰ ਸਾਹਿਬ ਆਉਣ ਵਾਲੇ ਰਸਤੇ ਤੇ ਆਲੇ-ਦੁਆਲੇ ਨੂੰ ਸੁੰਦਰ ਦਿੱਖ ਪ੍ਰਦਾਨ ਕਰਨ ਦਾ ਕਾਰਜ ਹੋਇਆ ਹੈ। ਅੰਮ੍ਰਿਤਸਰ ਦੀ ਹੋਂਦ ਸ੍ਰੀ ਹਰਿਮੰਦਰ ਸਾਹਿਬ ਨਾਲ ਜੁੜੀ ਹੋਈ ਹੈ, ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੈ। ਅੰਮ੍ਰਿਤਸਰ ਆਉਣ ਵਾਲਾ ਹਰ ਵਿਅਕਤੀ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਦੀ ਇੱਛਾ ਰੱਖਦਾ ਹੈ, ਇਸ ਪੱਖ ਤੋਂ ਸ਼ਹਿਰ ਦੇ ਵਿਕਾਸ ਲਈ ਸ਼੍ਰੋਮਣੀ ਕਮੇਟੀ ਦਾ ਸਹਿਯੋਗ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ। ਕਈ ਵਾਰੀ ਸਿਆਸਤ ਭਾਰੂ ਹੋ ਜਾਣ ਕਰਕੇ ਸੰਸਥਾਵਾਂ ਦਾ ਆਪਸੀ ਤਾਲਮੇਲ ਨਾ ਹੋਣ ਕਾਰਨ ਵੱਡੇ ਸਮਾਗਮ ਵੀ ਰਸਮੀ ਜਿਹੇ ਹੋ ਕੇ ਰਹਿ ਜਾਂਦੇ ਹਨ। ਇਸ ਵਿਰੋਧ ਤੋਂ ਕਿਵੇਂ ਬਚਿਆ ਜਾਵੇ ? ਇਹ ਇੱਕ ਵੱਡਾ ਪ੍ਰਸ਼ਨ ਸਭ ਦੇ ਸਾਹਮਣੇ ਹੈ।

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਰਧਾਲੂਆਂ ਤੇ ਸੈਲਾਨੀਆਂ ਨੂੰ ਸਹੂਲਤਾਂ ਪ੍ਰਦਾਨ ਕਰਨ ਲਈ ਵਿਸ਼ੇਸ਼ ਯਤਨਾਂ ਦੀ ਲੋੜ ਹੈ। ਸ਼ਹਿਰ ਦੇ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ’ਤੇ ਉਤਰਨ ਵਾਲੇ ਯਾਤਰੂਆਂ ਨੂੰ ਸਹੂਲਤਾਂ ਦੇਣ ਲਈ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

(ਬਾਕੀ ਸਫ਼ਾ 27 ’ਤੇ)

# ਕਿਸਾਨਾਂ ਦੀ ਆਮਦਨ ਘੱਟ ਹੋਣਾ ਬੜਾ ਚਿੰਤਾ ਦਾ ਵਿਸ਼ਾ

ਭਗਵਾਨ ਦਾਸ



ਕਿਸਾਨਾਂ ਦੀ ਆਮਦਨ ਘੱਟ ਹੋਣਾ ਬੜਾ ਚਿੰਤਾ ਦਾ ਵਿਸ਼ਾ ਹੈ। ਇਸ ਦੀ ਸਾਲਾਨਾ ਦਰ ਵਧਣੀ ਚਾਹੀਦੀ ਹੈ, ਪਰ ਆਮਦਨ ’ਚ ਕੋਈ ਵਿਸ਼ੇਸ਼ ਵਾਧਾ ਨਹੀਂ ਹੋ ਰਿਹਾ। ਕਣਕ ਦਾ ਮੁਕਾਬਲਤਨ ਪਿਛਲੇ ਸਾਲਾਂ ਨਾਲੋਂ 160 ਰੁਪਏ ਦਾ ਸਮਰਥਨ ਮੁੱਲ ਵਧਾ ਕੇ 2585 ਰੁਪਏ ਹੋ ਜਾਣ ਦੇ ਬਾਵਜੂਦ ਵੀ ਕਿਸਾਨ ਸੰਤੁਸ਼ਟ ਨਹੀਂ, ਕਿਉਂਕਿ ਖ਼ਰਚੇ ਵਧ ਗਏ ਹਨ ਤੇ ਉਸ ਮੁਤਾਬਕ ਜਿਣਸਾਂ ਦੀਆਂ ਕੀਮਤਾਂ ਨਹੀਂ ਵਧੀਆਂ। ਕਿਸਾਨ ਯੂਨੀਅਨ ਨੇ ਮੰਗ ਕੀਤੀ ਹੈ ਕਿ ਜਿਣਸਾਂ ਦੀਆਂ ਕੀਮਤਾਂ ਕਿਸਾਨਾਂ ਨੂੰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਮਿਲਣੀਆਂ ਚਾਹੀਦੀਆਂ ਹਨ, ਜਿਸ ਤੋਂ ਬਿਨਾਂ ਖੇਤੀ ਦਾ ਭਵਿੱਖ ਰੌਸ਼ਨ ਨਹੀਂ ਹੋ ਸਕਦਾ। ਕਿਸਾਨਾਂ ਦੀ ਆਮਦਨ ਵਧਾਉਣ ਲਈ ਜਿਣਸਾਂ ਦੀਆਂ ਕੀਮਤਾਂ ਵਧਾਉਣ ਤੋਂ ਇਲਾਵਾ ਕਈ ਹੋਰ ਵੀ ਚੁਣੌਤੀਆਂ ਸਾਹਮਣੇ ਹਨ, ਜਿਨ੍ਹਾਂ ਨੂੰ ਦੂਰ ਕਰਨਾ ਜ਼ਰੂਰੀ ਹੈ।

ਸਭ ਤੋਂ ਵੱਡੀ ਚੁਣੌਤੀ ਖੋਜ ਦੀ ਹੈ, ਜਿਸ ’ਚ ਤਬਦੀਲੀ ਲਿਆਉਣ ਦੀ ਲੋੜ ਹੈ ਅਤੇ ਇਸ ਨੂੰ ਤੇਜ਼ ਕੀਤਾ ਜਾਣਾ ਚਾਹੀਦਾ ਹੈ। ਕਣਕ, ਝੋਨੇ ਦੇ ਯੋਗ ਬਦਲ ਕਿਸਾਨਾਂ ਨੂੰ ਦਿੱਤੇ ਜਾਣ। ਖੋਜ ਕਣਕ ਤੇ ਝੋਨੇ ਤੋਂ ਇਲਾਵਾ ਹੋਰ ਸਮੱਸਿਆਵਾਂ ਅਤੇ ਫ਼ਸਲਾਂ ਸੰਬੰਧੀ ਵੀ ਸਫ਼ਲਤਾ ਤੇ ਮਜ਼ਬੂਤੀ ਨਾਲ ਕੀਤੀ ਜਾਣੀ ਦਰਕਾਰ ਹੈ। ਵਿਸ਼ੇਸ਼ ਕਰਕੇ ਬਾਸਮਤੀ ਦੀ ਗੁਣਵੱਤਾ ਵੱਲ ਖੋਜਕਾਰਾਂ ਦਾ ਵਿਸ਼ੇਸ਼ ਧਿਆਨ ਹੋਣਾ ਚਾਹੀਦਾ ਹੈ, ਜਿਸ ਨਾਲ ਵਿਦੇਸ਼ਾਂ ਦੀ ਮੰਡੀ ’ਚ ਇਸ ਦਾ ਉੱਚ ਮੁੱਲ ਮਿਲ ਸਕੇ ਅਤੇ ਕਿਸਾਨਾਂ ਨੂੰ ਇਸ ਦੀ ਲਾਹੇਵੰਦ ਕੀਮਤ ਮਿਲੇ। ਖੋਜਕਾਰਾਂ ਵੱਲੋਂ ਬਾਗ਼ਬਾਨੀ, ਸਬਜ਼ੀਆਂ ਦੀ ਕਾਸ਼ਤ, ਤੇਲ ਬੀਜ, ਦਾਲ ਫ਼ਸਲਾਂ, ਪਸ਼ੂ ਪਾਲਣ ਅਤੇ ਮੱਛੀਆਂ ਆਦਿ ਦੀ ਖੋਜ ਅਤੇ ਪੈਦਾਵਾਰ ਵੱਲ ਵਧੇਰੇ ਧਿਆਨ ਦਿੱਤੇ ਜਾਣ ਦੀ ਲੋੜ ਹੈ, ਤਾਂ ਜੋ ਇਨ੍ਹਾਂ ਖੇਤਰਾਂ ਦੇ ਕਿਸਾਨਾਂ ਦੀ ਆਮਦਨ ਵਧੇ ਤੇ ਫ਼ਸਲੀ ਵਿਭਿੰਨਤਾ ਵਿੱਚ ਵੀ ਸਫ਼ਲਤਾ ਮਿਲੇ।

ਪਿਛਲੇ ਦੋ ਸਾਲਾਂ ’ਚ ਮਾਰਚ ਵਿੱਚ ਜ਼ਿਆਦਾ ਤਪਸ਼ ਰਹਿਣ ਕਾਰਨ ਕਣਕ ਦੀ ਫ਼ਸਲ ’ਤੇ ਪ੍ਰਭਾਵ ਪਿਆ ਹੈ। ਇਸ ਸਾਲ ਬਾਰਿਸ਼ਾਂ ਤੇ ਹੜ੍ਹਾਂ ਨਾਲ ਝੋਨੇ, ਬਾਸਮਤੀ ਦਾ ਝਾੜ ਵੀ ਘਟਿਆ ਹੈ। ਮਾਹਿਰਾਂ ਅਨੁਸਾਰ 2050 ਤੱਕ ਤਪਸ਼ 1 2 ਡਿਗਰੀ ਸੈਲਸੀਅਸ ਵਧਣ ਦੀ ਸੰਭਾਵਨਾ ਹੈ। ਖੋਜ ਵਿੱਚ ਭਵਿੱਖ ਦੇ ਵਾਤਾਵਰਣ ਨੂੰ ਧਿਆਨ ’ਚ ਰੱਖਣਾ ਪਵੇਗਾ। ਕਿਸਾਨਾਂ ਵੱਲੋਂ ਵਰਤੀਆਂ ਜਾ ਰਹੀਆਂ ਤਕਨੀਕਾਂ ’ਚ ਤਬਦੀਲੀ ਲਿਆਉਣੀ ਪਵੇਗੀ। ਝੋਨੇ ਦੀ ਫ਼ਸਲ ’ਚ ਮਤਵਾਤਰ ਪਾਣੀ ਖੜ੍ਹਾ ਰੱਖਣ ਦੀ ਪ੍ਰਥਾ ਨੂੰ ਮਾਹਿਰਾਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਤਿਲਾਂਜਲੀ ਦੇਣੀ ਪਵੇਗੀ ਅਤੇ ਪਾਣੀ ਦੀ ਵਧੇਰੇ ਬਚਤ ਵਾਲੇ ਤੁਪਕਾ ਤੇ ਛਿੜਕਾਅ ਸਿੰਜਾਈ ਆਦਿ ਸਾਧਨ ਅਪਨਾਉਣੇ ਪੈਣਗੇ। ਚੌਲਾਂ ਦੇ ਵਿਸ਼ਵ ਪ੍ਰਸਿੱਧ ਮਾਹਿਰ ਡਾ. ਗੁਰਦੇਵ ਸਿੰਘ ਖੁਸ਼ ਨੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਸਲਾਹ ਦਿੱਤੀ ਸੀ ਕਿ ਵੱਡੇ ਕਿਸਾਨਾਂ ਨੂੰ ਬਿਜਲੀ ਦੀ ਮੁਫ਼ਤ ਸਹੂਲੀਅਤ ਬੰਦ ਕੀਤੀ ਜਾਵੇ, ਜਿਸ ਨਾਲ ਪਾਣੀ ਦੀ ਬੱਚਤ ਹੋਵੇਗੀ। ਭਾਵੇਂ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਇਹ ਸਹੂਲੀਅਤ ਉਪਲਬਧ ਰਹੇ। ਡਾ. ਸਰਦਾਰਾ ਸਿੰਘ ਜੌਹਲ ਵੱਲੋਂ ਇਸ ਸੰਬੰਧੀ ਜ਼ੋਰ ਦੇਣ ਦੇ ਬਾਵਜੂਦ ਰਾਜਨੀਤਕ ਕਾਰਨਾਂ ਕਰਕੇ ਇਹ ਸੁਝਾਅ ਅਮਲ ’ਚ ਨਹੀਂ ਲਿਆਂਦਾ ਜਾ ਸਕਿਆ।

ਕਿਸਾਨ ਫ਼ਸਲਾਂ ਨੂੰ ਲੋੜੋਂ ਵੱਧ ਨਾਈਟ੍ਰੋਜਨ ਪਾ ਰਹੇ ਹਨ, ਜਿਸ ਨਾਲ ਵਾਤਾਵਰਨ ਤੇ ਪਾਣੀ ਦੇ ਦੂਸ਼ਿਤ ਹੋਣ ਦੀਆਂ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਹਨ। ਹਾੜ੍ਹੀ ਦੀ ਮੁੱਖ ਫ਼ਸਲ ਕਣਕ ’ਚ ਪੀ.ਏ.ਯੂ. ਵੱਲੋਂ ਕੀਤੀ ਗਈ 110 ਕਿਲੋ ਪ੍ਰਤੀ ਏਕੜ ਯੂਰੀਆ ਪਾਉਣ ਦੀ ਸਿਫ਼ਾਰਸ਼ ਦੀ ਬਜਾਏ ਕਿਸਾਨ 225 ਕਿਲੋ ਪ੍ਰਤੀ ਏਕੜ ਤੱਕ ਵੀ ਯੂਰੀਆ ਫ਼ਸਲ ਨੂੰ ਪਾ ਰਹੇ ਹਨ। ਕਣਕ ਪੰਜਾਬ ਵਿੱਚ 35 36 ਲੱਖ ਹੈਕਟੇਅਰ ਰਕਬੇ ਅਤੇ ਭਾਰਤ ’ਚ ਲਗਭਗ 3 ਕਰੋੜ ਹੈਕਟੇਅਰ ਰਕਬੇ ’ਤੇ ਕਾਸ਼ਤ ਕੀਤੀ ਜਾਂਦੀ ਹੈ। ਭਾਵੇਂ ਭਾਰਤ ਸਰਕਾਰ ਨੇ ਥੈਲੇ ’ਚ 50 ਕਿਲੋ ਯੂਰੀਆ ਪਾਉਣ ਦੀ ਬਜਾਏ 45 ਕਿਲੋ ਯੂਰੀਆ ਪੈਕ ਕਰਨਾ ਸ਼ੁਰੂ ਕਰ ਦਿੱਤਾ ਹੈ, ਤਾਂ ਜੋ ਇਸ ਦੀ ਖ਼ਪਤ ਘਟ ਸਕੇ, ਜਦਕਿ ਅਜਿਹਾ ਨਹੀਂ ਹੋਇਆ। ਅਜੇ ਕਣਕ ਦੀ ਬਿਜਾਈ ਸ਼ੁਰੂ ਹੋਣ ’ਚ ਤਿੰਨ ਹਫ਼ਤੇ ਤੋਂ ਵੱਧ ਦਾ ਸਮਾਂ ਪਿਆ ਹੈ (ਭਾਵੇਂ ਬਿਜਾਈ ਜ਼ੋਰ ਨਵੰਬਰ ’ਚ ਫੜੇਗੀ) ਪਰ ਕਿਸਾਨ ਹੁਣੇ ਤੋਂ ਹੀ ਡੀ.ਏ.ਪੀ. ਤੇ ਯੂਰੀਏ ਦਾ ਪ੍ਰਬੰਧ ਕਰਨ ਲਈ ਇੱਧਰ ਉੱਧਰ ਫਿਰ ਰਹੇ ਹਨ। ਕਿਸਾਨਾਂ ਨੂੰ ਇਹ ਖਾਦ ਲੈਣ ਲਈ ਹੋਰ ਖੇਤੀ ਸਮੱਗਰੀ ਜਿਵੇਂ ਕਿ ਕੀਟਨਾਸ਼ਕ ਤੇ ਹੋਰ ਦਵਾਈਆਂ ਵਗੈਰਾਂ ਖਾਦਾਂ ਦੇ ਨਾਲ ਖਰੀਦਣੀਆਂ ਪੈਂਦੀਆਂ ਹਨ, ਜਿਸ ਨੂੰ ਬੰਦ ਕਰਨ ਲਈ ਸਰਕਾਰ ਪੂਰਾ ਉਪਰਾਲਾ ਕਰ ਰਹੀ ਹੈ ਪਰ ਫਿਰ ਵੀ ਇਹ ਵੱਡੇ ਪੱਧਰ ’ਤੇ ਜਾਰੀ ਹੈ।

ਝੋਨੇ ਦੀ ਕਾਸ਼ਤ ਹੇਠ ਰਕਬਾ ਘਟਾ ਕੇ ਵਿਭਿੰਨਤਾ ਲਿਆਉਣ ਦੀ ਲੋੜ ਹੈ। ਪਰ ਇਹ ਰਕਬਾ ਘਟਣ ਦੀ ਬਜਾਏ ਵਧ ਰਿਹਾ ਹੈ, ਜੋ 31 ਲੱਖ ਹੈਕਟੇਅਰ ਨੂੰ ਛੂਹ ਗਿਆ। ਬਾਸਮਤੀ ਤੋਂ ਇਲਾਵਾ ਝੋਨੇ ਦੇ ਯੋਗ ਬਦਲ, ਜਿਨ੍ਹਾਂ ਦੇ ਅਪਣਾਇਆਂ ਝੋਨੇ ਜਿੰਨੀ ਆਮਦਨ ਹੋਵੇ, ਖੋਜ ਰਾਹੀਂ ਕਿਸਾਨਾਂ ਨੂੰ ਦਿੱਤੇ ਜਾਣ ਦੀ ਹੈ। ਭਾਰਤ ਤੇਲ ਬੀਜ ਤੇ ਦਾਲਾਂ ਦਰਾਮਦ ਕਰ ਰਿਹਾ ਹੈ। ਇਸ ਲਈ ਇਨ੍ਹਾਂ ਫ਼ਸਲਾਂ ਦੀ ਕਾਸ਼ਤ ਵਧਾਉਣ ਦੀ ਲੋੜ ਹੈ। ਕਿਸਾਨਾਂ ਦੇ ਖ਼ਰਚੇ ਵਧ ਰਹੇ ਹਨ, ਆਮਦਨ ਘਟ ਰਹੀ ਹੈ ਤੇ ਉਤਪਾਦਕਤਾ ’ਚ ਖੜ੍ਹੋਤ ਆ ਰਹੀ ਹੈ। ਇਸ ਸਾਲ ਝੋਨੇ ਤੇ ਬਾਸਮਤੀ ਦਾ ਉਤਪਾਦਨ ਤੇ ਉਤਪਾਦਕਤਾ ਘੱਟ ਦੀ ਸੰਭਾਵਨਾ ਹੈ, ਜਿਸ ਨਾਲ ਕਿਸਾਨਾਂ ਦੀ ਆਮਦਨ ਪ੍ਰਭਾਵਿਤ ਹੋਵੇਗੀ। ਰਾਜ ਦੇ ਕਿਸਾਨਾਂ ਸਿਰ 2 ਲੱਖ ਤੋਂ ਵੱਧ ਪ੍ਰਤੀ ਘਰ ਕਰਜ਼ਾ ਹੈ, ਜਦਕਿ ਭਾਰਤ ਵਿੱਚ ਇਹ ਅੰਕੜਾ 74,000 ਰੁਪਏ ਦੇ ਕਰੀਬ ਹੈ। ਇਕ ਕੌਮੀਕਰਨ ਬੈਂਕ ਦੇ ਪਿੰਡ ਦੀ ਬਰਾਂਚ ਦੇ ਮੈਨੇਜਰ ਨੇ ਦੱਸਿਆ ਕਿ ਉਸ ਬੈਂਕ ਤੋਂ ਸਾਰੇ ਪਿੰਡ ਦੇ ਘਰਾਂ ਨੇ ਕਰਜ਼ਾ ਲਿਆ ਹੋਇਆ ਹੈ ਤੇ ਜਦੋਂ ਤੱਕ ਉਹ ਪਿਛਲਾ ਕਰਜ਼ਾ ਵਾਪਸ ਨਹੀਂ ਕਰਦੇ, ਬੈਂਕ ਅੱਗੇ ਕਰਜ਼ਾ ਨਹੀਂ ਦਿੰਦਾ, ਜਿਸ ਲਈ ਕਿਸਾਨਾਂ ਨੂੰ ਮੁਸ਼ਕਿਲ ਆਉਂਦੀ ਹੈ। ਫ਼ਸਲਾਂ ਦੀ ਕਾਸ਼ਤ ਲਈ ਕਿਸਾਨਾਂ ਨੂੰ ਕਈ ਤਰ੍ਹਾਂ ਦੀ ਸਮੱਗਰੀ ਪਹਿਲਾਂ ਲੈਣੀ ਪੈਂਦੀ ਹੈ, ਜਦੋਂ ਕਿ ਕਿਸਾਨਾਂ ਨੂੰ ਪਿਛਲੀ ਵੇਚੀ ਫ਼ਸਲ ਦੇ ਪੈਸੇ ਬਾਅਦ ’ਚ ਮਿਲਦੇ ਹਨ। ਕਿਸਾਨਾਂ ਨੂੰ ਆੜ੍ਹਤੀਏ ਜਾਂ ਵੱਡੇ ਜ਼ਿੰਮੀਦਾਰਾਂ ਤੋਂ ਕਰਜ਼ਾ ਲੈਣ ਜਾਣਾ ਪੈਂਦਾ ਹੈ।

ਕਿਸਾਨਾਂ ਦੀ ਆਮਦਨ ਇਸ ਲਈ ਵੀ ਘੱਟ ਹੈ ਕਿ ਵਧੇਰੇ ਕਿਸਾਨਾਂ ਦੇ ਖੇਤ ਛੋਟੇ ਹਨ, ਵਰਤਮਾਨ ਹਾਲਾਤ ’ਚ ਇਹ ਖੇਤੀ ਵਿਹਾਰਕ ਨਹੀਂ। ਕੋਈ ਕੋਆਪ੍ਰੇਟਿਵ ਫਾਰਮਿੰਗ ਜਿਹੀ ਵਿਧੀ ਨਹੀਂ ਹੈ, ਜੋ ਇਸ ਸਮੱਸਿਆ ਨੂੰ ਹੱਲ ਕਰ ਸਕੇ। ਕਿਸਾਨਾਂ ਦੇ ਕਰਜ਼ੇ ਖ਼ਤਮ ਕਰਨ ਲਈ ਵੀ ਕੋਈ ਹੰਡਣਸਾਰ ਯੋਜਨਾ ਬਣਾਉਣ ਦੀ ਲੋੜ ਹੈ, ਜਿਸ ਲਈ ਉਨ੍ਹਾਂ ਦੀ ਆਮਦਨ ਵਧਾਉਣੀ ਪਵੇਗੀ। ਉਨ੍ਹਾਂ ਦੀ ਉਤਪਾਦਕਤਾ ਤੇ ਉਤਪਾਦਨ ਵਧਾ ਕੇ ਹੀ ਖੇਤੀ ਲਾਹੇਵੰਦ ਬਣਾਈ ਜਾ ਸਕਦੀ ਹੈ।

# ਕਦੇ ਹਾਰ ਨਹੀਂ ਮੰਨਦੇ ਪੰਜਾਬੀ

ਗੁਰਬਿੰਦਰ ਸਿੰਘ ਮਾਣਕ

ਸਿਆਣੇ ਕਹਿੰਦੇ ਹਨ- ਖੁਸ਼ੀਆਂ ਵਿੱਚ ਤਾਂ ਹਰ ਕੋਈ ਹੱਸ ਲੈਂਦਾ ਹੈ, ਪਰ ਅਸਲੀ ਇਨਸਾਨ ਉਹ ਹੁੰਦਾ ਹੈ, ਜੋ ਮੁਸੀਬਤਾਂ ਵਿੱਚ ਘਿਰਿਆ ਵੀ ਹਾਸੇ ਬਿਖੇਰਦਾ ਨਜ਼ਰ ਆਵੇ। ਪੰਜਾਬੀਆਂ ਨੂੰ ਆਪਣੇ ਸ਼ਾਨਾਂਮੱਤੇ ਵਿਰਸੇ ਤੋਂ ਇਹ ਵਰਦਾਨ ਮਿਲਿਆ ਹੋਇਆ ਹੈ ਕਿ ਉਹ ਅਤਿ ਦੀਆਂ ਮੁਸ਼ਕਿਲਾਂ ਵਿੱਚ ਘਿਰੇ ਵੀ ਕਦੇ ਡੋਲਦੇ ਨਹੀਂ, ਹਮੇਸ਼ਾ ਚੜ੍ਹਦੀ ਕਲਾ ਵਿੱਚ ਵਿਚਰਦੇ ਹਨ। ਜਦੋਂ ਵੀ ਕਦੇ ਪੰਜਾਬੀਆਂ ਉੱਤੇ ਕੋਈ ਮੁਸੀਬਤ ਬਣੀ ਹੈ, ਉਹ ਆਪਣੇ ਬਲਬੂਤੇ ਸੰਕਟ ਵਿੱਚੋਂ ਨਿਕਲ ਕੇ ਛੇਤੀ ਹੀ ਮੁੜ ਪੈਰਾਂ ਸਿਰ ਆ ਜਾਂਦੇ ਹਨ। ਪੰਜਾਬ ਵਿੱਚ ਆਏ ਹੜ੍ਹਾਂ ਦੀ ਕਹਿਰਾਂ ਭਰੀ ਆਫ਼ਤ ਨਾਲ ਹੋਏ ਵੱਡੇ ਨੁਕਸਾਨ ਦੇ ਬਾਵਜੂਦ ਪੰਜਾਬੀਆਂ ਦੀ ਹਿੰਮਤ, ਦਲੇਰੀ ਤੇ ਅਡੋਲ ਜਜ਼ਬੇ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਪੰਜਾਬੀ ਕਦੇ ਹਾਰ ਨਹੀਂ ਮੰਨਦੇ।



ਹੜ੍ਹ ਤਾਂ ਪੰਜਾਬ ਵਿੱਚ ਪਹਿਲਾਂ ਵੀ ਆਉਂਦੇ ਰਹੇ ਹਨ, ਪਰ ਇਸ ਵਾਰ ਹੜ੍ਹਾਂ ਦੇ ਪਾਣੀ ਦਾ ਕਹਿਰ, ਪਹਿਲਾਂ ਨਾਲੋਂ ਕਿਤੇ ਵੱਧ ਡਰਾਉਣਾ ਸੀ। ਕੁਝ ਤਾਂ ਕੁਦਰਤ ਦਾ ਕਹਿਰ ਸੀ ਕਿ ਹਿਮਾਚਲ ਪ੍ਰਦੇਸ਼ ਤੇ ਪੰਜਾਬ ਵਿੱਚ ਮੀਂਹ ਵੀ ਆਫ਼ਤ ਬਣ ਕੇ ਵਰ੍ਹੇ, ਪਰ ਹੜ੍ਹ ਰੋਕਣ ਤੇ ਮੁਸੀਬਤ ਸਮੇਂ ਉਨ੍ਹਾਂ ਦਾ ਸਚਾਰੂ ਪ੍ਰਬੰਧ ਕਰਨ ਪ੍ਰਤੀ ਅਵੇਸਲੇਪਨ ਦੇ ਸਿੱਟੇ ਵਜੋਂ ਕੀਤੀਆਂ ਮਨੁੱਖੀ ਗ਼ਲਤੀਆਂ ਨੇ ਇਸ ਦੁਖਾਂਤ ਨੂੰ ਦੂਣਾ-ਚੌਣਾ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।

ਜਿਨ੍ਹਾਂ ਦਾ ਹੜ੍ਹਾਂ ਨੇ ਸਭ ਕੁਝ- ਫ਼ਸਲਾਂ, ਘਰ, ਮੱਝਾਂ-ਗਾਵਾਂ, ਘਰ ਦਾ ਸਮਾਨ, ਸੰਦ-ਸੰਦੇੜਾ ਤੇ ਹੋਰ ਅਨੇਕ ਚੀਜ਼ਾਂ-ਵਸਤਾਂ ਬਰਬਾਦ ਕਰ ਦਿੱਤੀਆਂ, ਉਨ੍ਹਾਂ ਦੇ ਮਨਾਂ ਨੂੰ ਪੁੱਛਿਆ ਜਾਣੀਏ! ਉਹ ਬਾਹਰੀ ਰੂਪ ਵਿੱਚ ਭਾਵੇਂ ਚਿਹਰਿਆਂ ’ਤੇ ਮੁਸਕਾਨ ਲਈ ਫਿਰਦੇ ਹਨ, ਪਰ ਸੱਚਾਈ ਇਹ ਹੈ ਕਿ ਉਨ੍ਹਾਂ ਦੇ ਮਨਾਂ ਵਿੱਚ ਵੀ ਡੂੰਘੀ ਉਦਾਸੀ ਛਾਈ ਹੋਈ ਹੈ। ਜਦੋਂ ਮਿਹਨਤਾਂ ਨਾਲ ਬਣਾਇਆ ਕੁਝ ਬਚੇ ਹੀ ਨਾ, ਹੜ੍ਹਾਂ ਦਾ ਤੂਫ਼ਾਨ ਸੁਪਨੇ ਵੀ ਵਹਾ ਕੇ ਲੈ ਜਾਵੇ ਤਾਂ ਮਨ ਵਿੱਚ ਵੈਰਾਗ ਆਉਣਾ ਸੁਭਾਵਿਕ ਹੈ। ਇਹ ਵੱਖਰੀ ਗੱਲ ਹੈ ਕਿ ‘ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ’ ਪਈਆਂ ਹੀ ਰਹਿੰਦੀਆਂ ਹਨ ਤੇ ਵਿਸ਼ਾਲ ਦਿਲਾਂ ਵਾਲੇ ਇਨ੍ਹਾਂ ਲੋਕਾਂ ਦੇ ਖ਼ੂਨ ਦੀ ਤਾਸੀਰ ਹੀ ਇਹ ਹੈ ਕਿ ਛੇਤੀ ਕੀਤੇ ਡੋਲਦੇ ਨਹੀਂ। ਇਹ ਗੱਲ ਬਹੁਤ ਵੱਡੀ ਹੈ ਕਿ ਜਦੋਂ ਬਾਂਹ ਫੜ ਕੇ ਸਹਾਰਾ ਦੇਣ ਵਾਲੇ ਹੋਣ ਤਾਂ ਦੁੱਖਾਂ ਦਾ ਭੰਨਿਆਂ ਬੰਦਾ ਵੀ ਹੌਸਲੇ ਵਿੱਚ ਹੋ ਜਾਂਦਾ ਹੈ।

ਪੰਜਾਬ ਦੇ ਜਿਨ੍ਹਾਂ ਖੇਤਰਾਂ ਵਿੱਚ ਹੜ੍ਹਾਂ ਦਾ ਕਹਿਰ ਵਾਪਰਿਆ, ਤੇ ਜਿਨ੍ਹਾਂ ਲੋਕਾਂ ਨੇ ਇਹ ਕਹਿਰ ਆਪਣੇ ਉੱਤੇ ਝੱਲਦਿਆਂ, ਸਭ ਕੁਝ ਤਬਾਹ ਹੁੰਦਾ ਆਪਣੇ ਅੱਖੀਂ ਦੇਖਿਆ, ਉਨ੍ਹਾਂ ਦੇ ਮਨਾਂ ਵਿੱਚ ਤਾਂ ਦਰਦ ਹੋਣਾ ਹੀ ਸੀ, ਪਰ ਬਾਕੀ ਸਾਰਾ ਪੰਜਾਬ ਵੀ ਤਬਾਹੀ ਦੇ ਭਿਆਨਕ ਦ੍ਰਿਸ਼ ਦੇਖ-ਸੁਣ ਕੇ ਕੰਬ ਉੱਠਿਆ। ਜਿਹੜੇ ਖੇਤਰ ਹੜ੍ਹਾਂ ਦੇ ਕਹਿਰ ਤੋਂ ਬਚੇ ਹੋਏ ਸਨ, ਉਨ੍ਹਾਂ ਲੋਕਾਂ ਨੇ ਮੁਸੀਬਤ ਮਾਰਿਆਂ ਦੀ ਬਾਂਹ ਫੜਨ ਤੇ ਉਨ੍ਹਾਂ ਨੂੰ ਹੌਸਲਾ ਦੇਣ ਲਈ, ਲੋੜੀਂਦਾ ਸਾਜ਼ੋ-ਸਮਾਨ ਲੈ ਕੇ, ਟਰੈਕਟਰ-ਟਰਾਲੀਆਂ ’ਤੇ ਸਵਾਰ ਹੋ ਕੇ ਬਿਫਰੇ ਪਾਣੀਆਂ ਵਿੱਚ ਠਿੱਲ੍ਹ ਪਏ।

ਪੰਜਾਬ ਦੇ ਸੈਂਕੜੇ ਨੌਜਵਾਨਾਂ ਨੇ ਆਪੋ-ਆਪਣੇ ਪਿੰਡਾਂ ਵਿੱਚੋਂ ਖਾਣ-ਪੀਣ ਦਾ ਸਮਾਨ, ਪਾਣੀ, ਤਰਪਾਲਾਂ, ਦਵਾਈਆਂ, ਪਸ਼ੂਆਂ ਲਈ ਤੂੜੀ, ਚਾਰੇ ਤੇ ਹੋਰ ਜ਼ਰੂਰੀ ਵਸਤਾਂ ਦੀਆਂ ਟਰਾਲੀਆਂ ਭਰ-ਭਰ ਲੋੜਵੰਦਾਂ ਤੱਕ ਪਹੁੰਚਾਈਆਂ। ਜਦੋਂ ਮੂੰਹ-ਜ਼ੋਰ ਹੜ੍ਹ ਦਾ ਪਾਣੀ ਹੋਵੇ, ਨਾ ਕੋਈ ਰਾਹ-ਖੇੜਾ ਤੇ ਕਿਸੇ ਸੜਕ ਦਾ ਪਤਾ ਲੱਗੇ, ਨਾ ਟੋਏ-ਟਿੱਬੇ ਦਿਸਣ, ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਦੁਖਿਆਰਿਆਂ ਤੱਕ ਪਹੁੰਚਣਾ ਕੋਈ ਖੇਡ ਨਹੀਂ

ਜਿਉਂ-ਜਿਉਂ ਹੜ੍ਹਾਂ ਦਾ ਕਹਿਰ ਵਧਦਾ ਗਿਆ, ਤਿਉਂ-ਤਿਉਂ ਲੋਕਾਂ ਦੀ ਸੇਵਾ ਵਿੱਚ ਜੁਟੀਆਂ ਸੰਸਥਾਵਾਂ, ਸਮਾਜ ਸੇਵੀ ਜਥੇਬੰਦੀਆਂ, ਰਾਜਨੀਤਕ ਪਾਰਟੀਆਂ ਤੇ ਆਮ ਲੋਕਾਂ ਨੇ ਸੇਵਾ ਦਾ ਹੜ੍ਹ ਵਗਾ ਦਿੱਤਾ। ਮੁਸੀਬਤਾਂ ਵਿੱਚ ਫਸੇ ਲੋਕਾਂ ਤੱਕ ਪਹੁੰਚਣ ਲਈ, ਭਾਈ ਘਨਈਆ ਜੀ ਦੇ ਵਾਰਸਾਂ ਨੇ ਬੇੜੀਆਂ ਤੇ ਟਰੈਕਟਰ-ਟਰਾਲੀਆਂ ’ਤੇ ਸਮਾਨ ਲੱਦ ਕੇ ਪੀੜਤਾਂ ਤੱਕ ਪਹੁੰਚਾਇਆ। ਜਦੋਂ ਹੜ੍ਹ ਮਾਰੇ ਖੇਤਰਾਂ ਵਿੱਚ ਇਹ ਸੇਵਾਦਾਰ ਪੀੜਤਾਂ ਤੱਕ ਪਹੁਚੇ ਤਾਂ ਇਨ੍ਹਾਂ ਨੂੰ ਚੀਜ਼ਾਂ-ਵਸਤਾਂ ਨਾਲੋਂ ਵੀ ਵੱਧ ਖੁਸ਼ੀ ਇਸ ਗੱਲ ਦੀ ਹੋਈ ਕਿ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੀ ਬਾਂਹ ਫੜਨ ਲਈ ਕੋਈ ਬਹੁੜਿਆ ਹੈ।

ਇਸ ਵਾਰ ਹੜ੍ਹ ਪੀੜਤਾਂ ਦੀ ਬਾਂਹ ਜਿਸ ਤਰ੍ਹਾਂ ਪੰਜਾਬੀ ਗਾਇਕਾਂ ਤੇ ਫਿਲਮੀ ਕਲਾਕਾਰਾਂ ਨੇ ਫੜੀ, ਇਹ ਮਾਨਵੀ ਕਦਰਾਂ ਤੇ ਭਾਈਚਾਰਕ ਸਾਂਝ ਦੀ ਉੱਤਮ ਉਦਾਹਰਨ ਹੋ ਨਿਬੜੀ। ਇਹ ਗੱਲ ਸਕੂਨ ਦੇਣ ਵਾਲੀ ਹੈ ਕਿ ਪੰਜਾਬ ’ਤੇ ਪਈ ਬਿਪਤਾ ਸਮੇਂ ਇਨ੍ਹਾਂ ਕਲਾਕਾਰਾਂ ਨੇ ਆਪਣੀ ਕਮਾਈ ਵਿੱਚੋਂ ਕਰੋੜਾਂ ਰੁਪਏ ਖਰਚਣ ਦੇ ਐਲਾਨ ਕੀਤੇ। ਬਹੁਤੇ ਕਲਾਕਾਰ, ਸਮਾਜ ਸੇਵੀ, ਸਮਾਜਿਕ ਜਥੇਬੰਦੀਆਂ ਦੇ ਵਾਲੰਟੀਅਰ ਹੜ੍ਹ ਮਾਰੇ ਖੇਤਰਾਂ ਵਿੱਚ ਆਪ ਜਾ ਕੇ ਲੋਕਾਂ ਦੀ ਹਰ ਸੰਭਵ ਸੇਵਾ ਵਿੱਚ ਜੁੱਟੇ ਰਹੇ। ਦਾਲਾਂ, ਸਬਜ਼ੀਆਂ, ਪ੍ਰਸ਼ਾਦੇ, ਪਾਣੀ, ਬਿਸਕੁਟ ਅਜਿਹੀਆਂ ਵਸਤਾਂ ਦਾ ਤਾਂ ਜਿਵੇਂ ਹੜ੍ਹ ਵਗਦਾ ਰਿਹਾ। ਸਮਾਜ ਸੇਵਕਾਂ ਨੇ ਤਾਂ ਲੋਕਾਂ ਦੇ ਨੁਕਸਾਨ ਨੂੰ ਦੇਖਦਿਆਂ ਵੱਡੀਆਂ-ਵੱਡੀਆਂ ਵਸਤਾਂ ਦੇ ਲੰਗਰ ਲਾ ਦਿੱਤੇ।

ਹੜ੍ਹਾਂ ਨੇ ਕਿਸਾਨਾਂ ਦੀਆਂ ਪੈਲੀਆਂ ਦੀ ਇੱਕ ਵਾਰ ਤਾਂ ਹੋਂਦ ਹੀ ਮਿਟਾ ਦਿੱਤੀ। ਪਾਣੀ ਨੇ ਅਜਿਹੀ ਤਬਾਹੀ ਮਚਾਈ ਕਿ ਸਭ ਵੱਟਾਂ-ਬੰਨੇ ਮੇਚ ਦਿੱਤੇ। ਪੈਲੀਆਂ ਵਿੱਚੋਂ ਕਈ-ਕਈ ਫੁੱਟ ਚੜ੍ਹੀ ਗਾਰ/ਰੇਤਾ ਸਾਫ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਹੈ ਪਰ ਪੰਜਾਬੀ ਪਿਆਰਿਆਂ ਨੇ ਟਰੈਕਟਰ, ਜੇ ਸੀ ਬੀ ਮਸ਼ੀਨਾਂ ਆਦਿ ਸਮਾਨ ਨਾਲ ਪੈਲੀਆਂ ਵਿੱਚੋਂ ਰੇਤਾ ਕੱਢਣੀ ਸ਼ੁਰੂ ਕਰ ਕੇ ਕਿਸਾਨਾਂ ਨੂੰ ਹੌਸਲਾ ਦਿੱਤਾ- ‘ਅਸੀਂ ਤੁਹਾਡੇ ਨਾਲ ਹਾਂ’। ਕਿਤੇ ਜ਼ਮੀਨਾਂ ਵਿੱਚੋਂ ਰੇਤ ਕੱਢਣ ਲਈ ਡੀਜ਼ਲ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਕਿਤੇ ਢਹਿ ਗਏ ਘਰ ਮੁੜ ਉਸਾਰਨ ਦੀਆਂ ਵਿਉਤਾਂ ਬਣਾਈਆਂ ਜਾ ਰਹੀਆਂ ਹਨ, ਕੋਈ ਹੜ੍ਹ ਮਾਰੇ ਪਿੰਡ ਗੋਦ ਲੈ ਰਿਹਾ ਹੈ, ਕੋਈ ਕਿਸਾਨਾਂ ਨੂੰ ਬੀਜ ਤੇ ਹੋਰ ਸਮਾਨ ਲੈ ਕੇ ਦੇ ਰਿਹਾ ਹੈ। ਹੜ੍ਹਾਂ ਵਿੱਚ ਪਸ਼ੂ-ਧਨ ਦਾ ਵੀ ਬਹੁਤ ਨੁਕਸਾਨ ਹੋਇਆ। ਸੇਵਾਦਾਰ ਮੱਝਾਂ ਦੇਣ ਦੀ ਸੇਵਾ ਕਰੀ ਜਾਂਦੇ ਹਨ।

ਇਨ੍ਹਾਂ ਖੇਤਰਾਂ ’ਚ ਬੱਚਿਆਂ ਦੀ ਪੜ੍ਹਾਈ ਬਹੁਤ ਪ੍ਰਭਾਵਿਤ ਹੋਈ ਹੈ। ਸ਼ੂਕਦੇ ਪਾਣੀਆਂ ਅੱਗੇ ਬੱਚਿਆਂ ਦੇ ਬੈਗ ਸਾਂਭਣ ਦੀ ਸੁਰਤ ਭਲਾ ਕਿਸ ਨੂੰ ਸੀ ਪਰ ਵਾਰੇ-ਵਾਰੇ ਜਾਈਏ ਸਮਾਜ ਸੇਵਕਾਂ ਦੇ, ਜਿਹੜੇ ਸਕੂਲ ਬੈਗ, ਕਿਤਾਬਾਂ, ਕਾਪੀਆਂ ਤੇ ਹੋਰ ਸਮੱਗਰੀ ਘਰਾਂ ’ਚ ਵੀ ਤੇ ਸਕੂਲਾਂ ਵਿੱਚ ਵੀ ਆਪ ਜਾ ਕੇ ਬੱਚਿਆਂ ਨੂੰ ਵੰਡ ਰਹੇ ਹਨ। ਇਸ ਤੋਂ ਵੱਡਾ ਪਰਉਪਕਾਰ ਭਲਾ ਕੀ ਹੋ ਸਕਦਾ ਹੈ ਕਿ ਹੜ੍ਹਾਂ ਤੋਂ ਖ਼ੌਫ਼ਜ਼ਦਾ ਹੋਏ ਬੱਚੇ ਦੁਬਾਰਾ ਪੜ੍ਹਾਈ ਨਾਲ ਜੁੜ ਗਏ ਹਨ।

ਦੁੱਖ ਦੀ ਇਸ ਘੜੀ ਵਿੱਚ ਹਰਿਆਣਾ, ਰਾਜਸਥਾਨ, ਯੂ ਪੀ ਤੇ ਹੋਰ ਰਾਜਾਂ ਵਿੱਚੋਂ ਵੀ ਸਮਾਨ ਦੇ ਟਰੱਕ ਅਤੇ ਪੈਸਾ ਆ ਰਿਹਾ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਇਹ ਤਰਾਸਦੀ ਬਹੁਤ ਵੱਡੀ ਹੈ, ਪੈਰਾਂ ਸਿਰ ਆਉਣ ਲਈ ਅਜੇ ਸਮਾਂ ਲੱਗੇਗਾ ਪਰ ਇਹ ਗੱਲ ਬਹੁਤ ਤਸੱਲੀ ਵਾਲੀ ਹੈ ਕਿ ਦਾਨੀਆਂ ਨੇ ਆਪਣੇ ਖ਼ਜ਼ਾਨਿਆਂ ਦੇ ਮੂੰਹ ਪੀੜਤਾਂ ਲਈ ਖੋਲ੍ਹ ਦਿੱਤੇ ਹਨ। ਪੰਜਾਬ ਦੇ ਵੱਡੇ ਉਦਯੋਗਪਤੀਆਂ, ਕਾਰੋਬਾਰੀਆਂ, ਸਿਆਸੀ ਨੇਤਾਵਾਂ ਨੂੰ ਵੀ ਚਾਹੀਦਾ ਹੈ ਕਿ ਇਹ ਪੰਜਾਬ ਦੀ ਬਾਂਹ ਫੜਨ।

ਸਭ ਤੋਂ ਦੁਖਦਾਈ ਪੱਖ ਇਹ ਹੈ ਕਿ ਇੰਨੇ ਵੱਡੇ ਨੁਕਸਾਨ ਦੇ ਬਾਵਜੂਦ, ਕੇਂਦਰ ਤੇ ਰਾਜ ਸਰਕਾਰਾਂ, ਹੜ੍ਹ ਪੀੜਤਾਂ ਲਈ ਮੁਆਵਜ਼ੇ ਦੇ ਨਾਂ ’ਤੇ ਅਜੇ ਵੀ ਸਿਆਸਤ ਕਰ ਰਹੀਆਂ ਹਨ। ਪੰਜਾਬ ਸਰਕਾਰ ਵੀ ਕਹਿ ਤਾਂ ਬਹੁਤ ਕੁਝ ਰਹੀ ਹੈ, ਪਰ ਅਮਲੀ ਰੂਪ ਵਿੱਚ ਬਹੁਤ ਥੋੜ੍ਹਾ ਕੀਤਾ ਜਾ ਰਿਹਾ ਹੈ।

(ਬਾਕੀ ਸਫ਼ਾ 27 ’ਤੇ)

# ਦੇਸ਼ ਦੀ ਅਜੋਕੀ ਸਥਿਤੀ ਵਿੱਚ ਖੱਬੇ-ਪੱਖੀ ਪਾਰਟੀਆਂ ਦੀ ਅਹਿਮੀਅਤ



ਸਤਨਾਮ ਮਾਣਕ
ਸੀਨੀਅਰ ਪੱਤਰਕਾਰ

ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਅਤੇ ਆਜ਼ਾਦੀ ਤੋਂ ਬਾਅਦ ਦੀ ਦੇਸ਼ ਦੀ ਰਾਜਨੀਤੀ ਵਿੱਚ ਖੱਬੇ-ਪੱਖੀ ਪਾਰਟੀਆਂ ਦਾ ਮਹੱਤਵਪੂਰਨ ਰੋਲ ਰਿਹਾ ਹੈ। ਭਾਵੇਂ ਇਨ੍ਹਾਂ ਪਾਰਟੀਆਂ ਦੀਆਂ ਸਰਕਾਰਾਂ ਸਿਰਫ਼ ਪੱਛਮੀ ਬੰਗਾਲ, ਕੇਰਲ ਤੇ ਤ੍ਰਿਪੁਰਾ ਵਿੱਚ ਹੀ ਬਣਦੀਆਂ ਰਹੀਆਂ ਹਨ ਪਰ ਖੱਬੀਆਂ ਪਾਰਟੀਆਂ ਆਪਣੇ ਪਾਰਟੀ ਸੰਗਠਨਾਂ ਅਤੇ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਸੰਗਠਨਾਂ ਰਾਹੀਂ ਕੌਮੀ ਰਾਜਨੀਤੀ ਨੂੰ ਵੀ ਪ੍ਰਭਾਵਿਤ ਕਰਦੀਆਂ ਰਹੀਆਂ ਹਨ। ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਹੱਕਾਂ ਅਤੇ ਅਧਿਕਾਰਾਂ ਦੀ ਰਾਖੀ ਲਈ ਖੱਬੀਆਂ ਪਾਰਟੀਆਂ ਦੇ ਸੰਗਠਨ ਹਮੇਸ਼ਾ ਸੰਘਰਸ਼ਸ਼ੀਲ ਰਹੇ ਹਨ ਅਤੇ ਉਨ੍ਹਾਂ ਨੇ ਉਪਰੋਕਤ ਵਰਗਾਂ ਲਈ ਵੱਡੀਆਂ ਪ੍ਰਾਪਤੀਆਂ ਵੀ ਹਾਸਿਲ ਕੀਤੀਆਂ ਹਨ।

ਸਿਧਾਂਤਕ ਤੌਰ ’ਤੇ ਕੌਮੀ ਰਾਜਨੀਤੀ ਵਿੱਚ ਖੱਬੀਆਂ ਪਾਰਟੀਆਂ ਦਾ ਰੋਲ ਕੇਂਦਰੀ ਸਰਕਾਰਾਂ ’ਤੇ ਰਾਜਨੀਤਕ ਦਬਾਅ ਪਾ ਕੇ ਉਨ੍ਹਾਂ ਨੂੰ ਲੋਕ-ਪੱਖੀ ਆਰਥਿਕ ਤੇ ਰਾਜਨੀਤਕ ਨੀਤੀਆਂ ਲਾਗੂ ਕਰਨ ਲਈ ਪ੍ਰੇਰਤ ਕਰਨ ਦਾ ਰਿਹਾ ਹੈ। ਇਸ ਤੋਂ ਇਲਾਵਾ ਖੱਬੇ-ਪੱਖੀ ਪਾਰਟੀਆਂ ਦੇ ਪ੍ਰਭਾਵ ਕਾਰਨ ਪਿਛਲੇ ਦਹਾਕਿਆਂ ਵਿੱਚ ਫਿਰਕਾਪ੍ਰਸਤ ਅਤੇ ਕੱਟੜਪੰਥੀ ਸ਼ਕਤੀਆਂ ਵੀ ਕੰਟਰੋਲ ਵਿੱਚ ਰਹੀਆਂ ਹਨ ਅਤੇ ਦੇਸ਼ ਵਿੱਚ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਦੇ ਹੱਕ ਵਿੱਚ ਰਾਜਨੀਤਕ ਮਾਹੌਲ ਬਣਿਆ ਰਿਹਾ ਹੈ।

ਸਾਂਝੇ ਪ੍ਰਗਤੀਸ਼ੀਲ ਗੱਠਜੋੜ ਦੀ 2004 ਵਿੱਚ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿੱਚ ਬਣੀ ਸਰਕਾਰ ਨੂੰ ਸੀ.ਪੀ.ਆਈ. ਸਰਕਾਰ ਵਿੱਚ ਸ਼ਾਮਿਲ ਹੋ ਕੇ ਅਤੇ ਖੱਬੇ-ਪੱਖੀ ਪਾਰਟੀਆਂ ਬਾਹਰ ਤੋਂ ਸਮਰਥਨ ਦਿੰਦੀਆਂ ਰਹੀਆਂ ਹਨ। ਉਸ ਸਮੇਂ ਲੋਕ ਸਭਾ ਵਿੱਚ 53 ਅਤੇ ਰਾਜ ਸਭਾ ਵਿੱਚ 6 ਖੱਬੇ-ਪੱਖੀ ਸੰਸਦ ਮੈਂਬਰ ਸਨ। ਡਾ. ਮਨਮੋਹਨ ਸਿੰਘ ਦੀ ਸਰਕਾਰ ਦੀ ਖੱਬੇ-ਪੱਖੀ ਪਾਰਟੀਆਂ ’ਤੇ ਨਿਰਭਰਤਾ ਹੋਣ ਕਾਰਨ ਉਸ ਸਮੇਂ ਸਿੱਖਿਆ ਦਾ ਅਧਿਕਾਰ, ਭੋਜਨ ਦਾ ਅਧਿਕਾਰ, ਮਗਨਰੇਗਾ ਅਤੇ ਜਾਣਕਾਰੀ ਹਾਸਿਲ ਕਰਨ ਸੰਬੰਧੀ ਕਾਨੂੰਨ ਪਾਸ ਹੋਏ ਜਿਸ ਦਾ ਦੇਸ਼ ਵਿੱਚ ਮਿਹਨਤਕਸ਼ ਲੋਕਾਂ ਨੂੰ ਵੱਖ-ਵੱਖ ਰੂਪਾਂ ਵਿੱਚ ਚੋਖਾ ਲਾਭ ਮਿਲਿਆ। ਅੱਜ ਭਾਵੇਂ ਲੋਕਤੰਤਰਿਕ ਗੱਠਜੋੜ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇਸ਼ ਦੇ 80 ਕਰੋੜ ਲੋੜਵੰਦ ਲੋਕਾਂ ਨੂੰ ਮੁਫ਼ਤ ਅਨਾਜ ਦੇਣ ਦਾ ਸਿਹਰਾ ਆਪਣੇ ਸਿਰ ਬੰਨ੍ਹਦੇ ਹਨ, ਪਰ ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਇਸ ਸੰਬੰਧੀ ਕਾਨੂੰਨ ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਹੀ ਪਾਸ ਹੋਇਆ ਸੀ।

ਪੰਜਾਬ ਦੀ ਰਾਜਨੀਤੀ ਵਿੱਚ ਵੀ ਖੱਬੇ-ਪੱਖੀ ਪਾਰਟੀਆਂ ਸਮੇਂ-ਸਮੇਂ ਅਹਿਮ ਰੋਲ ਨਿਭਾਉਂਦੀਆਂ ਰਹੀਆਂ ਹਨ। 1966 ਵਿੱਚ ਪੰਜਾਬੀ ਸੂਬਾ ਬਣਨ ਤੋਂ ਬਾਅਦ ਜਸਟਿਸ ਗੁਰਨਾਮ ਸਿੰਘ ਦੀ ਗੱਠਜੋੜ ਸਰਕਾਰ ਵਿੱਚ ਵੀ ਖੱਬੇ-ਪੱਖੀ ਪਾਰਟੀਆਂ ਸ਼ਾਮਿਲ ਹੋਈਆਂ ਸਨ। ਇਸ ਤੋਂ ਬਾਅਦ ਵੀ ਖੱਬੇ-ਪੱਖੀ ਪਾਰਟੀਆਂ ਵਿਧਾਨ ਸਭਾ ਦੀਆਂ ਕਈ ਵਾਰ ਸੀਟਾਂ ਜਿੱਤਦੀਆਂ ਰਹੀਆਂ ਹਨ। ਰਾਜ ਵਿੱਚ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਸੰਘਰਸ਼ ਵੀ ਖੱਬੇ-ਪੱਖੀ ਸੰਗਠਨਾਂ ਦੀ ਅਗਵਾਈ ਵਿੱਚ ਚਲਦੇ ਰਹੇ ਹਨ। ਕਿਸਾਨਾਂ ਵਿੱਚ ਵਿਸ਼ੇਸ਼ ਤੌਰ ’ਤੇ ਖੱਬੇ-ਪੱਖੀ ਸੰਗਠਨਾਂ ਦਾ ਵੱਡਾ ਪ੍ਰਭਾਵ ਰਿਹਾ ਹੈ। ਰਾਜ ਦੇ ਲੋਕਾਂ ਵਿੱਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਕਾਮਰੇਡ ਸਤਪਾਲ ਡਾਂਗ, ਅਵਤਾਰ ਸਿੰਘ ਮਲਹੋਤਰਾ, ਜਗਜੀਤ ਸਿੰਘ ਲਾਇਲਪੁਰੀ, ਕਾਮਰੇਡ ਚੈਨ ਸਿੰਘ ਚੈਨ, ਗੁਰਚਰਨ ਸਿੰਘ ਰੰਧਾਵਾ, ਰਜਿੰਦਰ ਸਿੰਘ ਸਰੀਂਹ, ਸਤਵੰਤ ਸਿੰਘ, ਪੰਡਿਤ ਕਿਸ਼ੋਰੀ ਲਾਲ, ਭਗਤ ਸਿੰਘ ਬਿਲਗਾ, ਗੰਧਰਭ ਸੈਨ ਤੇ ਕਾਮਰੇਡ ਬੂਝਾ ਸਿੰਘ ਆਦਿ ਆਗੂਆਂ ਦਾ ਵਿਸ਼ੇਸ਼ ਸਤਿਕਾਰ ਰਿਹਾ ਹੈ। ਪੰਜਾਬ ਵਿੱਚ ਸਰਕਾਰਾਂ ਭਾਵੇਂ ਅਕਾਲੀ ਦਲ ਆਧਾਰਿਤ ਗੱਠਜੋੜ ਦੀਆਂ ਜਾਂ ਨਿਰੋਲ ਕਾਂਗਰਸ ਦੀਆਂ ਬਣਦੀਆਂ ਰਹੀਆਂ, ਉਨ੍ਹਾਂ ਨੂੰ ਆਪਣੀਆਂ ਨੀਤੀਆਂ ਲੋਕ-ਪੱਖੀ ਅਤੇ ਮਿਹਨਤਕਸ਼ ਲੋਕਾਂ ਦੇ ਹੱਕ ਵਿੱਚ ਰੱਖਣ ਲਈ ਖੱਬੇ ਪੱਖੀ ਪਾਰਟੀਆਂ ਨਿਰੰਤਰ ਪ੍ਰਭਾਵਿਤ ਕਰਦੀਆਂ ਰਹੀਆਂ ਹਨ।

ਪਰ 1991 ਵਿੱਚ ਸੋਵੀਅਤ ਯੂਨੀਅਨ ਦੇ ਟੁੱਟਣ ਅਤੇ ਸਮਾਜਵਾਦੀ ਬਲਾਕ ਦੇ ਖਿੱਲਰ ਜਾਣ ਤੋਂ ਬਾਅਦ ਜਿਥੇ ਕੌਮਾਂਤਰੀ ਪੱਧਰ ’ਤੇ ਖੱਬੇ-ਪੱਖੀ ਲਹਿਰ ਕਮਜ਼ੋਰ ਹੋ ਗਈ, ਉਥੇ ਦੇਸ਼ ਵਿੱਚ ਵੀ ਹੌਲੀ-ਹੌਲੀ ਵੱਖ-ਵੱਖ ਕਾਰਨਾਂ ਕਰਕੇ ਇਹ ਲਹਿਰ ਕਮਜ਼ੋਰ ਹੁੰਦੀ ਗਈ। ਖੱਬੇ ਪੱਖੀ ਪਾਰਟੀਆਂ ਵੱਲੋਂ ਆਪਣੇ ਸੰਗਠਨਾਂ ਨੂੰ ਮਜ਼ਬੂਤੀ ਨਾ ਦੇ ਸਕਣਾ ਅਤੇ ਇਨ੍ਹਾਂ ਵਿਚਕਾਰ ਸਿਧਾਂਤਕ ਮਤਭੇਦਾਂ ਦਾ ਵਧਦੇ ਜਾਣਾ, ਇਸ ਲਹਿਰ ਲਈ ਕਾਫੀ ਨੁਕਸਾਨਦੇਹ ਸਾਬਿਤ ਹੋਇਆ। ਬਹੁਤ ਮਤਭੇਦਾਂ ਕਾਰਨ ਪਹਿਲਾਂ ਸੀ.ਪੀ.ਆਈ. ਵਿਚੋਂ ਸੀ.ਪੀ.ਆਈ. (ਐੱਮ.) ਬਣੀ ਤੇ ਫਿਰ ਸੀ.ਪੀ.ਆਈ. (ਐੱਮ) ਵਿਚੋਂ ਵੱਖ ਹੋ ਕੇ ਕਈ ਹੋਰ ਨਕਸਲੀ ਧੜੇ ਹੋਂਦ ਵਿੱਚ ਆ ਗਏ। ਪਰ ਦੂਜੇ ਪਾਸੇ ਬਹੁਤ ਸਾਰੀਆਂ ਦੂਜੀਆਂ ਕੌਮੀ ਅਤੇ ਖੇਤਰੀ ਪਾਰਟੀਆਂ ਤਾਂ ਨਿਰੰਤਰ ਆਪਣਾ ਵਿਸਥਾਰ ਕਰਦੀਆਂ ਰਹੀਆਂ ਪਰ ਖੱਬੇ-ਪੱਖੀ ਪਾਰਟੀਆਂ ਪੱਛਮੀ ਬੰਗਾਲ, ਕੇਰਲਾ ਅਤੇ ਤ੍ਰਿਪੁਰਾ ਤੋਂ ਬਾਹਰ ਹੋਰ ਭਾਰਤੀ ਸੂਬਿਆਂ ਵਿੱਚ ਆਪਣਾ ਬਹੁਤਾ ਆਧਾਰ ਨਾ ਬਣਾ ਸਕੀਆਂ। ਇਨ੍ਹਾਂ ਰਾਜਾਂ ਤੋਂ ਬਾਅਦ ਖੱਬੇ-ਪੱਖੀ ਪਾਰਟੀਆਂ ਦਾ ਥੋੜ੍ਹਾ-ਬਹੁਤ ਉੱਪਰ ਪ੍ਰਭਾਵ ਪੰਜਾਬ ਤੋਂ ਇਲਾਵਾ ਰਾਜਸਥਾਨ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਬਿਹਾਰ ਤੱਕ ਹੀ ਸੀਮਤ ਰਿਹਾ। ਪਰ ਅੱਜ ਦੀ ਸਥਿਤੀ ਵਿੱਚ ਖੱਬੇ-ਪੱਖੀ ਪਾਰਟੀਆਂ ਦਾ ਵਧੇਰੇ ਪ੍ਰਭਾਵ ਕੇਰਲ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਦੂਜੇ ਪਾਸੇ, ਜਿਥੇ ਦੇਸ਼ ਵਿੱਚ ਕਾਂਗਰਸ ਵੀ ਲਗਾਤਾਰ ਕਮਜ਼ੋਰ ਹੁੰਦੀ ਗਈ, ਉਥੇ ਆਰ.ਐਸ.ਐਸ. ਤੇ ਭਾਜਪਾ ਦਾ ਵੱਡਾ ਰਾਜਨੀਤਕ ਉਭਾਰ ਸਾਹਮਣੇ ਆ ਗਿਆ ਹੈ। ਫਿਰਕੂ ਧਰੁਵੀਕਰਨ ਅੱਜ ਦੀ ਰਾਜਨੀਤੀ ਦਾ ਅਹਿਮ ਪਹਿਲੂ ਹੈ।

ਇਸ ਤਰ੍ਹਾਂ ਦੀਆਂ ਸਥਿਤੀਆਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦੀ 25ਵੀਂ ਪਾਰਟੀ ਕਾਂਗਰਸ ਚੰਡੀਗੜ੍ਹ ਵਿੱਚ ਹੋ ਰਹੀ ਹੈ, ਜਿਸ ਵਿੱਚ ਪਾਰਟੀ ਦੇ ਦੇਸ਼ ਭਰ ਤੋਂ ਚੁਣੇ ਹੋਏ ਡੈਲੀਗੇਟ ਸ਼ਿਰਕਤ ਕਰ ਰਹੇ ਹਨ। ਇਸ ਤੋਂ ਇਲਾਵਾ ਭਾਰਤੀ ਕਮਿਊਨਿਸਟ ਪਾਰਟੀ ਦੀਆਂ ਭਰਾਤਰੀ ਪਾਰਟੀਆਂ ਸੀ.ਪੀ.ਆਈ. (ਐਮ.) ਦੇ ਜਨਰਲ ਸਕੱਤਰ ਐਮ.ਏ. ਬੇਬੀ, ਸੀ.ਪੀ.ਆਈ. (ਐਮ) ਲਿਬਰੇਸ਼ਨ ਦੇ ਦੀਪਾਂਕਰ ਭੱਟਾਚਾਰੀਆ, ਆਲ ਇੰਡੀਆ ਫਾਰਵਰਡ ਬਲਾਕ ਦੇ ਆਗੂ ਜੀ. ਦੇਵਰਾਜਨ ਅਤੇ ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਦੇ ਜਨਰਲ ਸਕੱਤਰ ਮਨੋਜ ਭੱਟਾਚਾਰੀਆ ਨੇ ਵੀ ਇਸ ਵਿੱਚ ਸ਼ਿਰਕਤ ਕੀਤੀ ਹੈ। ਪਾਰਟੀ ਕਾਂਗਰਸ ਵਿੱਚ ਜੁੜੇ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਡੀ. ਰਾਜਾ ਨੇ ਜਿਥੇ ਭਰਾਤਰੀ ਕਮਿਊਨਿਸਟ ਪਾਰਟੀਆਂ ਦੇ ਆਗੂਆਂ ਦਾ ਪਾਰਟੀ ਕਾਂਗਰਸ ਵਿੱਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ ਹੈ, ਉਥੇ ਦੇਸ਼ ਦੀਆਂ ਅਜੋਕੀਆਂ ਰਾਜਨੀਤਕ ਸਥਿਤੀਆਂ ਨੂੰ ਮੁੱਖ ਰੱਖਦਿਆਂ ਖੱਬੇ-ਪੱਖੀ ਪਾਰਟੀਆਂ ਦਰਮਿਆਨ ਦੀ ਏਕਤਾ ’ਤੇ ਵੀ ਜ਼ੋਰ ਦਿੱਤਾ ਹੈ। ਇਸ ਤੋਂ ਇਲਾਵਾ ਡੀ. ਰਾਜਾ ਨੇ ਵਿਸਥਾਰ ਵਿੱਚ ਦੇਸ਼ ਦੀ ਰਾਜਨੀਤਕ ਸਥਿਤੀ ਦੀ ਚਰਚਾ ਕਰਦਿਆਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਜਿਥੇ ਕਿਸਾਨਾਂ, ਮਜ਼ਦੂਰਾਂ ਮੁਲਾਜ਼ਮਾਂ, ਛੋਟੇ ਸਨਅਤਕਾਰਾਂ ਅਤੇ ਕਾਰੋਬਾਰੀਆਂ ਦੇ ਹਿਤਾਂ ਨੂੰ ਨੁਕਸਾਨ ਪਹੁੰਚਾ ਰਹੀ, ਉਥੇ ਦੇਸ਼ ਦੀਆਂ ਧਰਮ ਨਿਰਪੱਖ, ਜਮਹੂਰੀ ਅਤੇ ਸੰਘੀ ਸੰਵਿਧਾਨਕ ਵਿਵਸਥਾਵਾਂ ਨੂੰ ਵੀ ਨਿਰੰਤਰ ਕਮਜ਼ੋਰ ਕਰ ਰਹੀਆਂ ਹਨ। ਸਰਕਾਰ ਫਿਰਕੂ ਧਰੁਵੀਕਰਨ ਦੀਆਂ ਨੀਤੀਆਂ ਨੂੰ ਅੱਗੇ ਵਧਾਉਂਦਿਆਂ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵਾਲੇ ਪਾਸੇ ਧੱਕਣ ਦਾ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਦੇਸ਼ ਨੂੰ ਵੱਡੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਦੇਸ਼ ਨੂੰ ਧਰਮ ਨਿਰਪੱਖ ਅਤੇ ਜਮਹੂਰੀ ਬਣਾਈ ਰੱਖਣ ਲਈ ਅਤੇ ਮਿਹਨਤਸ਼ ਲੋਕਾਂ ਦੇ ਹੱਕਾਂ ਹਿੱਤਾਂ ਦੀ ਰਾਖੀ ਲਈ ਨਾ ਕੇਵਲ ਕਮਿਊਨਿਸਟ ਪਾਰਟੀਆਂ ਨੂੰ ਏਕਤਾ ਕਰਨੀ ਚਾਹੀਦੀ ਹੈ, ਸਗੋਂ ਦੇਸ਼ ਦੀਆਂ ਹੋਰ ਧਰਮ ਨਿਰਪੱਖ ਤੇ ਜਮਹੂਰੀ ਤਾਕਤਾਂ ਨੂੰ ਨਾਲ ਲੈ ਕੇ ਇਕ ਸਾਂਝਾ ਮੋਰਚਾ ਬਣਾਉਣ ਲਈ ਵੀ ਯਤਨਸ਼ੀਲ ਹੋਣਾ ਚਾਹੀਦਾ ਹੈ, ਤਾਂ ਜੋ ਫਿਰਕੂ ਅਤੇ ਫਾਸ਼ੀਵਾਦੀ ਤਾਕਤਾਂ ਨੂੰ ਹਰਾਇਆ ਜਾ ਸਕੇ। ਉਨ੍ਹਾਂ ਦੇ ਇਸ ਵਿਚਾਰ ਦਾ ਸੀ.ਪੀ.ਆਈ. ਐਮ. ਦੇ ਜਨਰਲ ਸਕੱਤਰ ਐਮ.ਏ.ਬੇਬੀ ਅਤੇ ਸੀ.ਪੀ.ਆਈ. (ਐਮ.ਐਲ.) ਦੇ ਸਕੱਤਰ ਦਿਪਾਂਕਰ ਭੱਟਾਚਾਰੀਆ ਵੱਲੋਂ ਵੀ ਸਮਰਥਨ ਕੀਤਾ ਗਿਆ।

(ਬਾਕੀ ਸਫ਼ਾ 27 ’ਤੇ)

# ਜਦੋਂ ਆਰ.ਐੱਸ.ਐੱਸ. ਉੱਤੇ ਉੱਠੇ ਸਵਾਲ



ਗੁਰਮੀਤ ਸਿੰਘ ਪਲਾਹੀ

ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐੱਸ.ਐੱਸ.) ਨੇ ਆਪਣੇ 100 ਸਾਲ ਪੂਰੇ ਹੋਣ ਦਾ ਜਸ਼ਨ ਮਨਾਇਆ ਹੈ। ਆਰ.ਐੱਸ.ਐੱਸ. ਨੇ ਆਪਣੀਆਂ ਪ੍ਰਾਪਤੀਆਂ ਪ੍ਰਤੀ ਚਿੰਤਨ ਕੀਤਾ ਹੈ ਅਤੇ ਆਪਣੇ ਅਗਲੇ 100 ਵਰ੍ਹਿਆਂ ਲਈ ਭਵਿੱਖੀ ਯੋਜਨਾਵਾਂ ਵੀ ਆਂਕੀਆਂ ਹਨ। ਸੌ ਵਰ੍ਹਿਆਂ ਦੇ ਸੰਘ ਨੇ ਸਿਆਸਤ ਵਿੱਚ ਖੁਲ੍ਹੇਪਨ ਦੇ ਨਾਲ-ਨਾਲ ਪੀੜ੍ਹੀਗਤ ਬਦਲਾਅ ਦੀ ਪਾਰਦਰਸ਼ੀ ਤਿਆਰੀ ਦਾ ਬਿਗਲ ਵਜਾਇਆ ਹੈ।

ਆਰ.ਐੱਸ.ਐੱਸ. ਦੁਨੀਆ ਦਾ ਸਭ ਤੋਂ ਵੱਡਾ ਇਹੋ ਜਿਹਾ ਸੰਗਠਨ ਹੈ, ਜਿਸ ਦਾ ਵਿਆਪਕ ਅਸਰ ਹੈ ਬਾਵਜੂਦ ਇਸ ਗੱਲ ਦੇ ਕਿ ਉਹ ਸਿੱਧੇ ਤੌਰ ’ਤੇ ਕੋਈ ਸਿਆਸੀ ਧਿਰ ਨਹੀਂ ਹੈ। ਆਰ.ਐੱਸ.ਐੱਸ ਦੀਆਂ ਸ਼ਖਾਵਾਂ ਦੀ ਗਿਣਤੀ ਥੋੜ੍ਹੇ ਸਮੇਂ ਵਿੱਚ ਹੀ ਭਾਰਤ ’ਚ 40,000 ਤੋਂ ਵਧਕੇ 83,000 ਹੋ ਗਈ ਹੈ। ਸੰਘ ਦੀਆਂ ਵਿਦੇਸ਼ਾਂ ’ਚ ਵੀ ਸ਼ਖਾਵਾਂ ਹਨ।

ਆਰ.ਐੱਸ.ਐੱਸ. ਦੇ ਸੰਸਥਾਪਕ ਕੇ.ਬੀ. ਹੇਡਗੇਵਾਰ(ਮਹਾਂਰਾਸ਼ਟਰ) ਸਨ, ਜਿਹਨਾਂ ਆਰ.ਐੱਸ.ਐੱਸ. ਦੀ ਸਥਾਪਨਾ ਕਰਕੇ ਹਿੰਦੂ ਸਮਾਜ ਦੇ ਏਕੀਕਰਨ ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਵਿੱਚ ਬਦਲਣ ਦੇ ਆਸ਼ੇ ਨਾਲ ਕੀਤੀ।

ਇਸ ਸਮੇਂ ਭਾਰਤ ਦੀ ਭਾਜਪਾ ਸਰਕਾਰ, ਆਰ.ਐੱਸ.ਐੱਸ ਦੀ ਬਦੌਲਤ ਬਣੀ ਹੋਈ ਹੈ। ਆਰ.ਐਸ.ਐੱਸ. ਦੇ ਮੌਜੂਦਾ ਮੁਖੀ ਮੋਹਨ ਭਾਗਵਤ ਹਨ, ਜੋ ਕਈ ਵੇਰ ਕਹਿ ਚੁੱਕੇ ਹਨ ਕਿ ਸੰਘ ਵਿੱਚ ਸਭ ਕੁਝ ਬਦਲਣਯੋਗ ਹੈ, ਸਿਵਾਏ ਇਸਦੇ ਮੂਲ ਵਿਸ਼ਵਾਸ ਕਿ ਭਾਰਤ ਹਿੰਦੂ ਰਾਸ਼ਟਰ ਹੈ।

ਸਮੇਂ-ਸਮੇਂ ਸੰਘ ਨੇ ਨੀਤੀਆਂ ਬਦਲੀਆਂ। ਸੰਘ ਨੇ ਸੰਵਿਧਾਨਵਾਦ, ਲੋਕਤੰਤਰ ਅਤੇ ਸਮਾਜਿਕ ਕਲਿਆਣ ਨੂੰ ਅਪਨਾਇਆ। ਪਰ ਨਾਲ ਹੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜ਼ਰੀਏ ਸ਼ਕਤੀਸ਼ਾਲੀ ਹਰਮਨ ਪਿਆਰੇ ਹਿੰਦੂ ਪ੍ਰਤੀਕ ਦੀ ਖੋਜ ਕੀਤੀ,ਜੋ ਸੰਘ ਨੂੰ ਭਗਵਾਨ ਰਾਮ ਦੇ ਰੂਪ ’ਚ ਮਿਲਿਆ। ਇਸ ਰਾਮ ਅੰਦੋਲਨ ਨੂੰ ਤੇਜ ਕੀਤਾ ਗਿਆ, ਜਿਸਨੇ ਭਾਰਤੀ ਸਿਆਸਤ ਹੀ ਬਦਲ ਦਿੱਤੀ। ਆਰ.ਐੱਸ.ਐੱਸ. ਰਾਹੀਂ ਭਾਜਪਾ ਹਾਕਮ ਬਣੀ। ਮੋਦੀ ਪ੍ਰਧਾਨ ਮੰਤਰੀ ਬਣੇ।

ਆਰ.ਐੱਸ.ਐੱਸ. ਨੇ ਕਦੀ ਵੀ ਖ਼ੁਦ ਨੂੰ ਕੇਵਲ ਧਾਰਮਿਕ, ਸੰਸਕ੍ਰਿਤਿਕ, ਜਾਂ ਸਮਾਜਿਕ ਸੰਗਠਨ ਦੇ ਢਾਂਚੇ ਤੱਕ ਸੀਮਤ ਨਹੀਂ ਰੱਖਿਆ। ਇਹ ਦੇਸ਼ ਦੇ ਹਰ ਥਾਂ, ਹਰ ਕੋਨੇ ’ਚ ਮੌਜੂਦ ਹੈ। ਸਰਵਜਨਕ ਜੀਵਨ ਦੇ ਹਰ ਖੇਤਰ ਵਿੱਚ ਇਸ ਵੱਲੋਂ ਆਪਣੇ ਸੰਗਠਨ ਸਥਾਪਿਤ ਕੀਤੇ ਹੋਏ ਹਨ ਅਤੇ ਇਹਨਾਂ ਸੰਗਠਨਾਂ ਦੀ ਮਜ਼ਬੂਤੀ ਲਈ ਲਗਾਤਾਰ ਕਾਰਜ ਵੀ ਇਸ ਵਲੋਂ ਕੀਤੇ ਜਾ ਰਹੇ ਹਨ। ਇਸੇ ਕਰਕੇ ਇਸਦਾ ਸਿਆਸੀ ਪ੍ਰਭਾਵ ਬਿਨਾਂ ਸ਼ੱਕ ਵਿਆਪਕ ਹੈ।

ਸੰਘ, ਭਾਰਤ ਸਰਕਾਰ ਨਾਲ ਕਿਧਰੇ ਵੀ ਰਜਿਸਟਰਡ ਸੰਗਠਨ ਨਹੀਂ, ਨਾ ਗ਼ੈਰ-ਸਰਕਾਰੀ ਸੰਸਥਾ ਵਜੋਂ ਨਾ ਹੀ ਕਿਸੇ ਟਰੱਸਟ ਜਾਂ ਸਵੈ-ਸੇਵੀ ਸੰਸਥਾ ਵਜੋਂ। ਸੰਘ ਆਤਮ ਨਿਰਭਰ ਹੈ। ਸੰਘ ਵੱਲੋਂ ਆਪਣੇ ਮੈਂਬਰਾਂ ਤੋਂ ਬਾਹਰੋਂ ਕੋਈ ਸਹਾਇਤਾ ਜਾਂ ਪੈਸਾ ਵੀ ਨਹੀਂ ਲਿਆ ਜਾਂਦਾ। ਪਰ ਭਾਰਤ ਦੇ ਵੱਖੋ-ਵੱਖਰੇ ਥਾਵਾਂ, ਸ਼ਹਿਰਾਂ, ਨਗਰਾਂ ’ਚ ਸੰਘ ਦੇ ਵਲੰਟੀਅਰਾਂ, ਮੈਂਬਰਾਂ ਨੇ ਸੰਗਠਨ/ਟਰੱਸਟ ਬਣਾਏ ਹੋਏ ਹਨ, ਜੋ ਕਾਨੂੰਨ ਦੇ ਦਾਇਰੇ ’ਚ ਪੈਸਾ ਇਕੱਠਾ ਕਰਦੇ ਹਨ ਅਤੇ ਬੈਂਕ ਖ਼ਾਤੇ ਚਲਾਉਂਦੇ ਹਨ।

ਆਪਣੀ ਸਥਾਪਤੀ ਦੇ ਇੱਕ ਸਦੀ ਬਾਅਦ ਸੰਘ ਭਾਰਤ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤਾਂ ਵਿੱਚੋਂ ਇੱਕ ਹੈ, ਜਿਸਦੀ ਇੱਕ ਵੱਡੀ ਸਿਆਸੀ ਤਾਕਤ ਹੈ। ਕਿੰਨੀ ਮਹੱਤਵਪੂਰਨ ਗੱਲ ਹੈ ਕਿ ਇਸ ਵੱਲੋਂ ਮਿੱਥੇ ਕਈ ਇਤਿਹਾਸਕ ਮੰਤਵ 370-ਧਾਰਾ ਖ਼ਤਮ ਕਰਨਾ ਅਤੇ ਰਾਮ ਮੰਦਿਰ ਦੀ ਸਥਾਪਨਾ, ਸੜਕ ’ਤੇ ਹੋਏ ਕਿਸੇ ਅੰਦੋਲਨ ਨਾਲ ਨਹੀਂ ਬਲਕਿ ਸਰਕਾਰੀ ਕਾਰਵਾਈ ਨਾਲ ਪੂਰੇ ਹੋਏ ਹਨ, ਜੋ ਸੰਘ ਅਤੇ ਭਾਜਪਾ ਵਿਚਕਾਰ ਸਹਿਜ ਗੱਠਜੋੜ ਦੇ ਸੰਕੇਤ ਹੀ ਨਹੀਂ, ਸਬੂਤ ਹਨ। ਅੱਜ ਸੰਘ ਦਾ 90 ਫ਼ੀਸਦੀ ਹਿੱਸਾ, ਸ਼ਾਖਾ ਤੋਂ ਬਾਹਰ ਹੈ। ਸੰਘ ਦਾ ਵਿਆਪਕ ਸਮਾਜ ਦੇ ਨਾਲ ਜਿਆਦਾ ਜੁੜਨਾ ਉਸਦੇ ਵੱਧ ਰਹੇ ਆਤਮ ਵਿਸ਼ਵਾਸ ਨਾਲ ਭਰੀ ਆਵਾਜ਼ ਸਦਕਾ ਹੈ।

ਮੌਜੂਦਾ ਸੰਘ ਮੁਖੀ ਮੋਹਨ ਭਾਗਵਤ ਨੇ ਸੰਘ ਦੇ ਫੈਲਾਅ ’ਚ ਭਰਪੂਰ ਹਿੱਸਾ ਪਾਇਆ ਹੈ। ਉਸਨੇ ਸੰਸਥਾਪਕ ਮੁਖੀ ਐੱਮ.ਐੱਸ. ਗੋਲਵਲਕਰ ਦੀਆਂ ਲਿਖਤਾਂ ਦੇ ਕੁਝ ਪੁਰਾਣੇ ਅੰਸ਼ਾਂ ਤੋਂ ਦੂਰੀ ਬਣਾਕੇ, ਮਨੂ ਸੰਮ੍ਰਿਤੀ ਦੇ ਜਾਤੀਵਾਦੀ ਅੰਗਾਂ ਤੋਂ ਦੂਰ ਹਟਕੇ ਉਹਨਾਂ ਨੂੰ ਖ਼ਾਰਿਜ ਕੀਤਾ, ਹਿੰਦੂਆਂ ਨੂੰ ਹਰ ਮਸਜਿਦ ਦੇ ਹੇਠਾਂ ਮੰਦਿਰ ਲੱਭਣ ਤੋਂ ਗੁਰੇਜ ਕਰਨ ਦਾ ਸੁਨੇਹਾ ਦਿੱਤਾ, ਸਿਵਾਏ ਕਾਸ਼ੀ ਅਤੇ ਮਥੁਰਾ ਦੇ । ਪੁਰਸ਼ ਪ੍ਰਧਾਨ ਸਮਾਜ ਵਿੱਚ ਔਰਤਾਂ ਦੀ ਭਾਗੀਦਾਰੀ, ਜਾਤੀਵਾਦੀ ਭੇਦਭਾਵ ਖ਼ਤਮ ਕਰਨ ਦਾ ਸੱਦਾ ਦਿੱਤਾ। ਸਿੱਟੇ ਵਜੋਂ ਸੰਘ ਭਾਰਤੀ ਸਿਆਸਤ ’ਚ ਭਾਰੂ ਹੁੰਦਾ ਜਾ ਰਿਹਾ ਹੈ। ਇਹ ਸੰਘ ਵੱਲੋਂ ਮੌਜੂਦਾ ਦੌਰ ’ਚ ਸੰਗਠਨਾਤਮਕ ਜ਼ਰੂਰਤਾਂ ਨੂੰ ਦੇਖਦਿਆਂ ਕੀਤੇ ਬਦਲਾਅ ਕਾਰਨ ਵੀ ਸੰਭਵ ਹੋ ਸਕਿਆ ਹੈ।

100 ਸਾਲ ਦੇ ਸਫ਼ਰ ਦੌਰਾਨ ਸੰਸਥਾਪਕ ਮੁਖੀ ਕੇ.ਬੀ. ਹੇਡਗੇਵਾਰ ਤੋਂ ਬਾਅਦ ਗੋਲਵਾਲਕਰ (ਗੁਰੂ ਜੀ), ਬਾਲਾ ਸਾਹਿਬ ਦੇਵਰਸ, ਰਾਜੇਂਦਰ ਸਿੰਘ ਰਾਜੂ ਭਈਆ, ਕੇ.ਐੱਸ. ਸੁਦਰਸ਼ਨ ਅਤੇ ਮੋਹਨ ਭਾਗਵਤ ਨੇ ਅਗਵਾਈ ਕੀਤੀ ਹੈ। ਮੋਹਨ ਭਾਗਵਤ 2009 ਤੋਂ ਸੰਘ ਪ੍ਰਮੁੱਖ ਹਨ। ਇਹਨਾਂ ਮੁਖੀਆਂ ਦੇ ਕਾਰਜਕਾਲ ’ਚ ਸੰਘ ਨੇ ਪਹਿਲੀ ਵੇਰ ਬਾਲਾ ਸਾਹਿਬ ਦੇਵਰਸ ਦੀ ਅਗਵਾਈ ’ਚ ਆਪਣੇ-ਆਪ ਨੂੰ ਸਿਆਸੀ ਧਿਰ ਵਜੋਂ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਸਮੇਂ ਮੁਖ ਧਾਰਾ ’ਚ ਝੋਕਿਆ।

ਪਰ ਰਾਸ਼ਟਰੀ ਸੇਵਕ ਸੰਘ ਨੂੰ ਕਈ ਵੇਰ ਵਿਵਾਦਾਂ ਦਾ ਸਹਾਮਣਾ ਕਰਨਾ ਪਿਆ ਹੈ। ਵੱਡਾ ਵਿਵਾਦ ਮਹਾਤਮਾ ਗਾਂਧੀ ਦੀ ਹੱਤਿਆ ਨਾਲ ਜੁੜਿਆ ਹੋਇਆ ਹੈ। ਗਾਂਧੀ ਜੀ ਦੀ ਹੱਤਿਆ ਨੱਥੂ ਰਾਮ ਗੋਡਸੇ ਨੇ ਕੀਤੀ ਸੀ। ਦੋਸ਼ ਸੀ ਕਿ ਸੰਘ ਦੇ ਗੋਡਸੇ ਨਾਲ ਪੁਰਾਣੇ ਸੰਬੰਧ ਸਨ। ਹਾਲਾਂਕਿ ਇਸ ਸੰਗਠਨ ਅਤੇ ਹੱਤਿਆ ਦੀ ਸਾਜ਼ਿਸ਼ ਦੇ ਵਿਚਕਾਰ ਸਿੱਧਾ ਸੰਬੰਧ ਅਦਾਲਤ ’ਚ ਸਾਬਤ ਨਹੀਂ ਹੋਇਆ।

ਪਰ ਤਤਕਾਲੀ ਸਰਕਾਰ ਨੇ ਸੰਘ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਅਤੇ ਕਿਹਾ ਕਿ ਇਹ ਬੰਦਿਸ਼ ਨਫ਼ਰਤ ਅਤੇ ਹਿੰਸਾ ਦੀਆਂ ਤਾਕਤਾਂ ਨੂੰ ਜੜ੍ਹ ਤੋਂ ਉਖਾੜਨ ਲਈ ਲਾਈਆਂ ਗਈਆਂ। ਸਾਲ 1949 ’ਚ ਇਹ ਬੰਦਿਸ਼ ਹਟਾ ਦਿੱਤੀ ਗਈ ਜਦੋਂ ਆਰ.ਐੱਸ.ਐੱਸ. ਨੇ ਭਾਰਤ ਦੇ ਸੰਵਿਧਾਨ ਅਤੇ ਰਾਸ਼ਟਰੀ ਝੰਡੇ ਦੇ ਪ੍ਰਤੀ ਆਪਣਾ ਵਿਸ਼ਵਾਸ ਪ੍ਰਗਟ ਕੀਤਾ।

ਦੇਸ਼ ਵਿੱਚ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਦਾ ਐਲਾਨ ਕੀਤਾ ਤਾਂ ਹੋਰਨਾਂ ਸੰਗਠਨਾਂ ਦੇ ਨਾਲ-ਨਾਲ ਆਰ.ਐੱਸ.ਐੱਸ. ਨੂੰ ਵੀ ‘ਬੈਨ’ ਕਰ ਦਿੱਤਾ ਗਿਆ। ਇਹੀ ਉਹ ਸਮਾਂ ਸੀ ਜਦੋਂ ਸੰਘ ਨੇ ਆਪਣਾ ਅਧਾਰ ਵਧਾਇਆ। ਅਯੋਧਿਆ ਰਾਮ ਮੰਦਿਰ ਦੇ ਨਿਰਮਾਣ ਲਈ ਆਵਾਜ਼ ਚੁੱਕੀ। ਸੰਘ ਉੱਤੇ ਭੀੜ ਇਕੱਠੀ ਕਰਨ ਦਾ ਦੋਸ਼ ਲੱਗਾ। ਹਾਲਾਂਕਿ ਬਾਅਦ ’ਚ ਇਹ ਬੰਦਿਸ਼ ਹਟਾ ਲਈ ਗਈ।

ਐਮਰਜੈਂਸੀ ਦੇ ਸਮੇਂ ਦੌਰਾਨ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਸਮੇਂ ਸੰਘ ਨੂੰ ਇਹ ਸਰਟੀਫੀਕੇਟ ਵੀ ਜੇ.ਪੀ. ਨਰਾਇਣ ਵੱਲੋਂ ਮਿਲਿਆ, ‘ਜੇਕਰ ਆਰ.ਐੱਸ.ਐੱਸ. ਫਾਸ਼ੀਵਾਦੀ ਹੈ, ਤਾਂ ਮੈਂ ਵੀ ਫਾਸ਼ੀਵਾਦੀ ਹਾਂ।’ ਪਰ ਆਰ.ਐੱਸ.ਐੱਸ. ਦੇ ਅਲੋਚਕਾਂ ਦਾ ਕਹਿਣਾ ਹੈ ਕਿ ਸੰਘ ਦੀ ਵਿਚਾਰਧਾਰਾ ਹਿੰਦੂ ਰਾਸ਼ਟਰ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਂਦੀ ਹੈ, ਜੋ ਧਾਰਮਿਕ ਘੱਟ ਗਿਣਤੀਆਂ ਨੂੰ ਹਾਸ਼ੀਏ ’ਤੇ ਧੱਕਦੀ ਹੈ।

(ਬਾਕੀ ਸਫ਼ਾ 27 ’ਤੇ)







# ਘਰਾਂ ਨੂੰ ਪਰਤਣ ਦਾ ਮਹੀਨਾ ਕੱਤਕ

# ਕੱਤਕ ਮਹੀਨੇ ਆਵਣ ਕੂੰਜਾਂ






**ਜਦੋਂ ਪੰਜਾਬ ਦੇ ਹਰ ਇਲਾਕੇ ਵਿੱਚ ਭਰ ਜਵਾਨ ਹੋਇਆ ਝੋਨਾ, ਮਾਲਵਾ ਇਲਾਕੇ ਵਿੱਚ ਕਪਾਹ ਅਤੇ ਨਰਮੇ ਨੂੰ ਖਿੜੇ ਚਿੱਟੇ ਚਿੱਟੇ ਫੁੱਲ ਅਤੇ ਇਹਨਾਂ ਚਿੱਟੇ ਦੁੱਧ ਵਰਗੇ ਫੁੱਲਾਂ ’ਤੇ ਪਈ ਤਰੇਲ ਦੀਆਂ ਬੂੰਦਾਂ, ਕਪਾਹ ਅਤੇ ਨਰਮਾ ਚੁਗਦੀਆਂ ਹੋਈਆਂ ਪੰਜਾਬ ਦੀਆਂ ਮੁਟਿਆਰਾਂ, ਗਵਾਰ ਅਤੇ ਮੂੰਗੀ ਦੀਆਂ ਫਸਲਾਂ ਭਰ ਜੋਬਨ ’ਤੇ ਆ ਕੇ ਪੈਲਾ ਪਾਉਣ ਲੱਗ ਪੈਣ ਤਾਂ ਹਰ ਆਮ ਤੇ ਖਾਸ ਨੂੰ ਪਤਾ ਚਲ ਜਾਂਦਾ ਹੈ ਕਿ ਕੱਤਕ ਮਹੀਨੇ ਨੇ ਸਾਡੇ ਬੂਹਿਆਂ ’ਤੇ ਦਸਤਕ ਦੇ ਦਿਤੀ ਹੈ।**

ਕੱਤਕ ਮਹੀਨੇ ਨੂੰ ਕੱਤਾ ਅਤੇ ਕੱਤੇ ਵੀ ਕਹਿ ਲਿਆ ਜਾਂਦਾ ਹੈ। ਕੱਤਕ ਮਹੀਨੇ ਨੂੰ ਹਿੰਦੀ ਅਤੇ ਹੋਰਨਾਂ ਭਾਸ਼ਾਵਾਂ ਵਿਚ ‘ਕਾਰਤਿਕ ’ ਵੀ ਕਿਹਾ ਜਾਂਦਾ ਹੈ। ਕੱਤਕ ਮਹੀਨੇ ਨੂੰ ਇੰਗਲਿਸ਼ ਵਿਚ ‘ਪਲੀਅਡੀਜ’ ਕਹਿੰਦੇ ਹਨ, ਇਸੇ ਤਰਾਂ ਫਾਰਸੀ ਵਿਚ ਕੱਤਕ ਮਹੀਨੇ ਨੂੰ ‘ਪਰਵੀਨ’ ਅਤੇ ਅਰਬੀ ਭਾਸ਼ਾ ਵਿੱਚ ‘ਸੋਰਯਾ’ ਕਹਿੰਦੇ ਹਨ।

ਕੱਤਕ ਮਹੀਨੇ ਕੂੰਜਾਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਹੋਰ ਪਰਵਾਸੀ ਪੰਛੀਆਂ ਦੇ ਆਉਣ ਦੇ ਨਾਲ ਹੀ ਉਹਨਾਂ ਵਿਆਹੁਤਾ ਮੁਟਿਆਰਾਂ ਨੂੰ ਆਪਣੇ ਕੰਤ ਦੇ ਆਉਣ ਦੀ ਉਡੀਕ ਵੀ ਸ਼ੁਰੂ ਹੋ ਜਾਂਦੀ ਹੈ, ਜਿਹਨਾਂ ਦੇ ਕੰਤ ਰੋਜੀ ਰੋਟੀ ਦੇ ਜੁਗਾੜ ਲਈ ਸੱਤ ਸਮੁੰਦਰ ਪਾਰ ਪਰਦੇਸ਼ ਉਡਾਰੀ ਮਾਰ ਗਏ ਹੁੰਦੇ ਹਨ। ਅਕਸਰ ਹੀ ਵੱਡੀ ਗਿਣਤੀ ਪਰਵਾਸੀ ਪੰਜਾਬੀ ਦਿਵਾਲੀ ਮੌਕੇ ਆਪਣੇ ਵਤਨ ਪੰਜਾਬ ਗੇੜਾ ਮਾਰਦੇ ਹਨ। ਬਿਰਹੋ ਦੀ ਅਗਨੀ ਵਿੱਚ ਤੜਫਦੀਆਂ ਜੋਬਨਵੰਤੀਆਂ ਮੁਟਿਆਰਾਂ ਦੇ ਕੰਤ ਜਦੋਂ ਕੱਤਕ ਮਹੀਨੇ ਉਹਨਾਂ ਦੇ ਕੋਲ ਆ ਜਾਂਦੇ ਹਨ ਤਾਂ ਉਹਨਾਂ ਦੀ ਜਿੰਦਗੀ ਵਿੱਚ ਲੱਖਾਂ ਬੱਲਬਾਂ ਤੇ ਕਰੋੜਾਂ ਟਿਊਬਲਾਈਟਾਂ ਦੀ ਰੌਸ਼ਣੀ ਹੋ ਜਾਂਦੀ ਹੈ। ਕੱਤਕ ਮਹੀਨੇ ਮਾਲਵਾ ਇਲਾਕੇ ਦੇ ਅਬੋਹਰ ਅਤੇ ਹੋਰ ਇਲਾਕਿਆਂ ਵਿੱਚ ਮੌਸਮੀ (ਮੁਸੰਮੀ) ਦੇ ਪੌਦਿਆਂ ਨੂੰ ਭਰਪੂਰ ਫਲ ਲੱਗਿਆ ਹੁੰਦਾ ਹੈ, ਇਸਦੇ ਨਾਲ ਕਿੰਨੂੰ ਦੇ ਪੌਦਿਆਂ ਨੂੰ ਕੱਤਕ ਮਹੀਨੇ ਫਲ ਪੈਣਾ ਸ਼ੁਰੂ ਹੋ ਜਾਂਦਾ ਹੈ, ਜੋ ਕਿ ਅਗਲੇ ਮਹੀਨਿਆਂ ਦੌਰਾਨ ਵੱਡਾ ਹੁੰਦਾ ਜਾਂਦਾ ਹੈ। ਕੱਤਕ ਮਹੀਨੇ ਗੰਨੇ ਦੀ ਫਸਲ ਵੀ ਪੈਲਾਂ ਪਾਉਂਦੀ ਆਪਣੀ ਜਵਾਨੀ ਦਾ ਜਲਵਾ ਦਿਖਾਉਂਦੀ ਪ੍ਰਤੀਤ ਹੁੰਦੀ ਹੈ। ਕੁਝ ਸਾਲ ਪਹਿਲਾਂ ਤੱਕ ਪੰਜਾਬ ਵਿੱਚ ਗੰਨਾ ਬਹੁਤ ਵੱਡੇ ਪੱਧਰ ਉਪਰ ਬੀਜਿਆ ਜਾਂਦਾ ਸੀ ਪਰ ਹੁਣ ਗੰਨੇ ਦੀ ਫਸਲ ਹੇਠ ਰਕਬਾ ਬਹੁਤ ਹੀ ਘੱਟ ਗਿਆ ਹੈ। ਗੰਨੇ ਦੀ ਫਸਲ ਨੂੰ ਕਮਾਦ ਵੀ ਕਿਹਾ ਜਾਂਦਾ ਹੈ। ਗੰਨੇ ਤੋਂ ਹੀ ਗੁੜ ਅਤੇ ਸ਼ੱਕਰ ਬਣਾਏ ਜਾਂਦੇ ਹਨ। ਇਹੀ ਕਾਰਨ ਹੈ ਕਿ ਕੱਤਕ ਮਹੀਨੇ ਵਿੱਚ ਅਨੇਕਾਂ ਹੀ ਥਾਂਵਾਂ ਉਪਰ ਗੁੜ ਤੇ ਸ਼ੱਕਰ ਬਣਾਉਣ ਵਾਲੇ ਵੇਲਣੇ ਅਤੇ ਘੁਲਾੜੀਆਂ ਨਜ਼ਰ ਆਉਂਦੇ ਹਨ। ਮਿਥਿਹਾਸ ਅਨੁਸਾਰ ਗੰਨੇ ਦੀ ਉਤਪਤੀ ਭਾਰਤ ਵਿੱਚ ਹੀ ਹੋਈ ਅਤੇ ਇਥੋਂ ਹੀ ਗੰਨਾ ਸਾਰੀ ਦੁਨੀਆਂ ਵਿੱਚ ਪਹੁੰਚਿਆ। ਇਹ ਵੀ ਕਿਹਾ ਜਾਂਦਾ ਹੈ ਕਿ ਸਿੱਕਦਰ ਦੇ ਫ਼ੌਜੀ ਵਾਪਸ ਮੁੜਦੇ ਸਮੇਂ ਆਪਣੇ ਨਾਲ ਗੰਨਾ ਵੀ ਯੂਰੋਪ ਵਿੱਚ ਲੈ ਗਏ। ਕੱਤਕ ਮਹੀਨੇ ਗੰਨੇ ਚੂਪਦੇ ਬੱਚੇ ਅਤੇ ਜਵਾਨ ਅੱਜ ਵੀ ਨਜ਼ਰ ਆ ਜਾਂਦੇ ਹਨ।



ਅੱਧੇ ਕੱਤੇ ਤੋਂ ਭਾਵ ਕੱਤਕ ਮਹੀਨੇ ਦੇ ਅੱਧ ਵਿਚਕਾਰ ਜਾ ਕੇ ਪੰਜਾਬ ਦੇ ਖੇਤਾਂ ਵਿੱਚ ਹਾੜੀ ਦੀ ਫਸਲ ਕਣਕ ਅਤੇ ਸਰੋਂ ਦੀ ਬਿਜਾਈ ਸ਼ੁਰੂ ਹੋ ਜਾਂਦੀ ਹੈ। ਕੱਤਕ ਮਹੀਨੇ ਨੂੰ ਖਾਣ ਪੀਣ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਕੱਤਕ ਮਹੀਨੇ ਦੀ ਮੱਸਿਆ ਨੂੰ ਰੌਸ਼ਨੀਆਂ ਦਾ ਪ੍ਰਸਿੱਧ ਤਿਉਹਾਰ ਦਿਵਾਲੀ ਮਨਾਇਆ ਜਾਂਦਾ ਹੈ। ਕੱਤਕ ਦੀ ਪੂਰਨਮਾਸੀ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਂਦਾ ਹੈ। ਆਮ ਤੌਰ ’ਤੇ ਸਿੱਖ ਭਾਈਚਾਰੇ ਦੇ ਘਰਾਂ ਵਿੱਚ ਦਿਵਾਲੀ ਮੌਕੇ ਲਗਾਈਆਂ ਗਈਆਂ ਰੰਗ ਬਿਰੰਗੇ ਬੱਲਬਾਂ ਦੀ ਲੜੀਆਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੱਕ ਚਲਦੀਆਂ ਰਹਿੰਦੀਆਂ ਹਨ। ਇਸ ਤੋਂ ਇਲਾਵਾ ਕਰਵਾ ਚੌਥ, ਚੱਕਰੀਆਂ (ਹੋਈ ਮਾਤਾ ਦਾ ਵਰਤ ) ਵਰਗੇ ਤਿਉਹਾਰ ਵੀ ਇਸੇ ਕੱਤਕ ਮਹੀਨੇ ਵਿੱਚ ਆਂਉਂਦੇ ਹਨ। ਇਹਨਾਂ ਤਿਉਹਾਰਾਂ ਮੌਕੇ ਔਰਤਾਂ ਵੱਲੋਂ ਵਰਤ ਵੀ ਰੱਖੇ ਜਾਂਦੇ ਹਨ ।

ਕੱਤਕ ਮਹੀਨੇ ਹੀ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ, ਜੋ ਕਿ ਦਿਵਾਲੀ ਵਾਲੇ ਦਿਨ ਹੀ ਹੁੰਦਾ ਹੈ। ਦਿਵਾਲੀ ਦੇ ਦਿਨ ਹੀ ਸਿੱਖਾਂ ਦੇ ਛੇਵੇਂ ਗੁਰੂ , ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ ਵਿਚੋਂ ਆਪਣੇ ਨਾਲ 52 ਰਾਜਿਆਂ ਨੂੰ ਛੁੱਡਵਾ ਕੇ ਅੰਮ੍ਰਿਤਸਰ ਪਹੁੰਚੇ ਸਨ, ਇਹ ਹੀ ਕਾਰਨ ਹੈ ਕਿ ਦਿਵਾਲੀ ਨੂੰ ਘਰਾਂ ਨੂੰ ਪਰਤਨ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ ਅਤੇ ਕੱਤਕ ਨੂੰ ਘਰਾਂ ਨੂੰ ਪਰਤਣ ਦਾ ਮਹੀਨਾ। ਇਸੇ ਕਾਰਨ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿਚ ਵਸੇ ਹੋਏ ਪਰਵਾਸੀ ਪੰਜਾਬੀ ਦਿਵਾਲੀ ਮੌਕੇ ਆਪਣੇ ਪਿੰਡ ਵਾਲੇ ਜੱਦੀ ਘਰ ਗੇੜਾ ਮਾਰਦੇ ਹਨ। ਪਰਿਵਾਰ ਨੂੰ ਮਿਲਕੇ ਪਰਵਾਸੀ ਪੰਜਾਬੀਆਂ ਦੇ ਨਾਲ ਨਾਲ ਪਰਿਵਾਰ ਵਾਲਿਆਂ ਦੀ ਖ਼ੁਸ਼ੀ ਵੀ ਵੇਖਣ ਵਾਲੀ ਹੁੰਦੀ ਹੈ।

ਹੁਣ ਨਾ ਤਾਂ ਪਹਿਲਾਂ ਵਰਗਾ ਵਾਤਾਵਰਣ ਰਿਹਾ ਹੈ ਤੇ ਨਾ ਸ਼ੁੱਧ ਪੌਣ ਪਾਣੀ। ਨਾ ਹੁਣ ਪਹਿਲਾਂ ਵਰਗਾ ਅੰਮ੍ਰਿਤ ਵੇਲਾ ਤੇ ਸਰਘੀ ਵੇਲਾ ਰਿਹਾ ਹੈ ਤੇ ਨਾ ਛਾਹ ਵੇਲਾ। ਹਰ ਪਾਸੇ ਫੈਲੀ ਆਪਾਧਾਪੀ ਦੇ ਇਸ ਦੌਰ ਵਿੱਚ ਕਿਸੇ ਕੋਲ ਏਨਾ ਕੁ ਸਮਾਂ ਨਹੀਂ ਕਿ ਉਹ ਆਪਣੇ ਪਿੰਡ ਵਾਸੀਆਂ, ਸ਼ਹਿਰ ਵਾਸੀਆਂ ਨਾਲ ਬਹਿ ਕੇ ਕੁਝ ਸਮਾਂ ਕੁਦਰਤ ਦੀ ਗੋਦ ਵਿੱਚ ਗੁਜ਼ਾਰ ਸਕੇ। ਹਰ ਕੋਈ ਹੁਣ ਕੰਕਰੀਟ ਦੇ ਜੰਗਲਾਂ ਵਿੱਚ ਬਣਾਏ ਕੋਠੀਨੁਮਾ ਘੁਰਨਿਆਂ ਵਿੱਚ ਵੜ ਕੇ ਆਪਣੇ ਆਪ ਤਕ ਸੀਮਿਤ ਜਿਹਾ ਹੋ ਗਿਆ ਹੈ, ਜਿਸ ਕਰਕੇ ਅਨੇਕਾਂ ਲੋਕਾਂ ਨੂੰ ਹੁਣ ਕੱਤਕ ਮਹੀਨੇ ਦੀਆਂ ਮੌਜਾਂ ਮਾਨਣ ਦੀ ਵਿਹਲ ਨਹੀਂ ਮਿਲਦੀ।

ਸਾਰੇ ਪੰਜਾਬੀਆਂ ਨੂੰ ਕੱਤਕ ਮਹੀਨੇ ਦੀ ਸ਼ੁਰੂਆਤ ਮੌਕੇ ਚਾਹੀਦਾ ਹੈ ਕਿ ਉਹ ਖ਼ੁਦ ਵੀ ਆਪਣੇ ਵਿਰਸੇ ਅਤੇ ਕੁਦਰਤ ਨਾਲ ਜੁੜਨ ਅਤੇ ਆਪਣੇ ਬੱਚਿਆਂ ਨੂੰ ਵੀ ਪੰਜਾਬ ਦੇ ਅਮੀਰ ਵਿਰਸੇ ਅਤੇ ਕੁਦਰਤ ਨਾਲ ਜੋੜਨ। ਕੱਤਕ ਮਹੀਨੇ ਦੌਰਾਨ ਸਮੂਹ ਪੰਜਾਬੀਆਂ ਨੂੰ ਪੰਜਾਬ ਵਿੱਚ ਵਹਿ ਰਹੇ ਪਰਵਾਸ ਦੇ ਸੱਤਵੇਂ ਦਰਿਆ ਨੂੰ ਠੱਲ੍ਹ ਪਾਉਣ ਲਈ ਵੀ ਸਿਰ ਜੋੜ ਕੇ ਮੰਥਨ ਕਰਨ ਦੀ ਲੋੜ ਹੈ ਤਾਂ ਕਿ ਸੱਤ ਸਮੁੰਦਰ ਪਾਰ ਗਏ ਉਹਨਾਂ ਦੇ ਬੱਚੇ ਆਪਣੇ ਵਤਨ, ਆਪਣੀ ਮਾਂ ਬੋਲੀ, ਆਪਣੇ ਅਮੀਰ ਵਿਰਸੇ ਅਤੇ ਆਪਣੀ ਜੱਦੀ ਜ਼ਮੀਨ ਨਾਲ ਜੁੜੇ ਰਹਿ ਸਕਣ। ਕੱਤਕ ਮਹੀਨੇ ਦੂਰ ਦੇ ਦੇਸ਼ਾਂ ਦੇਸਾਂਤਰਾਂ ਤੋਂ ਆਉਂਦੀਆਂ ਕੂੰਜਾਂ ਵਾਂਗ ਪੰਜਾਬੀਆਂ ਦੇ ਸੱਤ ਸਮੁੰਦਰ ਪਾਰ ਗਏ ਬੱਚਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਕੱਤਕ ਮਹੀਨੇ ਆਪਣੇ ਵਤਨਾਂ ਨੂੰ ਗੇੜਾ ਮਾਰਨ ਤਾਂ ਕਿ ਪੰਜਾਬ ਦੇ ਪਿੰਡਾਂ ਵਿੱਚ ਉਹਨਾਂ ਬਿਨਾਂ ਸੁੰਨੇ ਪਏ ਉਹਨਾਂ ਦੇ ਮਹੱਲ ਮੁਨਾਰਿਆਂ ਅਤੇ ਜੱਦੀ ਘਰਾਂ ਵਿੱਚ ਮੁੜ ਰੌਣਕਾਂ ਲੱਗਣ।







# ਸੂਚਨਾ ਐਕਟ ਨੂੰ ਲੋਕਾਂ ਲਈ ਹੋਰ ਸਾਰਥਿਕ ਬਣਾਵੇ ਸਰਕਾਰ

**ਬ੍ਰਿਜਭਾਨ ਬੁਜਰਕ**

ਸੂਚਨਾ ਦਾ ਅਧਿਕਾਰ ਕਾਨੂੰਨ (ਆਰ.ਟੀ.ਆਈ.) ਨੂੰ ਲਾਗੂ ਹੋਏ ਤਕਰੀਬਨ 20 ਸਾਲ ਹੋ ਚੁੱਕੇ ਹਨ, ਪਰ ਸੂਬਾ ਸਰਕਾਰਾਂ ਅਜੇ ਤੱਕ ਇਸ ਐਕਟ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣ ਵਿੱਚ ਕਾਮਯਾਬ ਨਹੀਂ ਹੋ ਸਕੀਆਂ, ਜਿਸ ਦਾ ਸਭ ਤੋਂ ਵੱਡਾ ਕਾਰਨ ਸਰਕਾਰਾਂ ਦੇ ਆਪਣੇ ਨੁਮਾਇੰਦਿਆਂ ਅਤੇ ਸਿਆਸੀ ਪਿਛੋਕੜ ਵਾਲੇ ਲੋਕਾਂ ਦੇ ਹਿਤਾਂ ਦਾ ਇਸ ਨਾਲ ਜੁੜੇ ਹੋਣਾ ਹੈ। ਖ਼ਾਸ ਕਰਕੇ ਪੰਜਾਬ ਜਿਹੇ ਸੂਬੇ ਵਿੱਚ ਤਾਂ ਸਰਕਾਰਾਂ ਵੱਲੋਂ ਆਪਣੇ ਸਿਆਸੀ ਲੋਕਾਂ ਦੀ ਵਿਕਾਸ ਕਾਰਜਾਂ ਵਿੱਚ ਸਭ ਤੋਂ ਪਹਿਲਾਂ ਹਿੱਸੇਦਾਰੀ ਰੱਖੀ ਜਾਂਦੀ ਹੈ, ਜਦਕਿ ਸੂਚਨਾ ਐਕਟ ਤਹਿਤ ਸਾਰੇ ਰਿਕਾਰਡ ਦੀ ਜਾਂਚ ਹੋਣ ’ਤੇ ਵਰਤੇ ਗਏ ਪੈਸੇ ਦੇ ਸਭ ਵੇਰਵੇ ਸਾਹਮਣੇ ਆ ਜਾਂਦੇ ਹਨ। ਇਹ ਐਕਟ ਵਿਕਾਸ ਕਾਰਜਾਂ ਦੇ ਕੰਮਾਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਲਿਆਂਦਾ ਗਿਆ ਸੀ। ਜਦੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਤਾਂ ਸਰਕਾਰੀ ਕੰਮਾਂ ’ਚ ਪਾਰਦਰਸ਼ਤਾ ਅਤੇ ਆਰ.ਟੀ.ਆਈ. ਕਾਨੂੰਨ ਨੂੰ ਆਮ ਲੋਕਾਂ ਲਈ ਹੋਰ ਸੌਖਾ ਬਣਾਏ ਜਾਣ ਦੀ ਉਮੀਦ ਜਾਗੀ ਸੀ। ਪਰ ਪਿਛਲੇ ਸਾਢੇ 3 ਸਾਲਾਂ ਦੌਰਾਨ ਪੰਜਾਬ ਅੰਦਰ ਸੂਚਨਾ ਅਧਿਕਾਰ ਕਾਨੂੰਨ ਦੀ ਹਾਲਤ ਨੂੰ ਵੇਖ ਕੇ ਸਪੱਸ਼ਟ ਹੋ ਗਿਆ ਹੈ ਕਿ ਸੱਤਾਧਾਰੀ ਪਾਰਟੀ ਦੀ ਇਨਕਲਾਬੀ ਸਰਕਾਰ ਨੇ ਵੀ ਇਸ ਐਕਟ ਨੂੰ ਨਜ਼ਰਅੰਦਾਜ਼ ਕਰਨ ’ਚ ਕੋਈ ਕਸਰ ਨਹੀਂ ਛੱਡੀ। ਇੱਕ ਪਾਸੇ ਪੰਜਾਬ ਰਾਜ ਸੂਚਨਾ ਕਮਿਸ਼ਨ ਦੀਆਂ ਅਸਾਮੀਆਂ ਡੇਢ ਸਾਲ ਤੋਂ ਖਾਲੀ ਪਈਆਂ ਹਨ, ਦੂਸਰੇ ਪਾਸੇ ਪੰਜਾਬ ਸਰਕਾਰ ਦੇ ਬਹੁਗਿਣਤੀ ਲੋਕ ਅਧਿਕਾਰੀ ਸੂਚਨਾ ਅਧਿਕਾਰ ਅਧੀਨ ਮੰਗੇ ਗਏ ਰਿਕਾਰਡ ਦੀ ਸੂਚਨਾ ਹੀ ਨਹੀਂ ਦਿੰਦੇ। ਖ਼ਾਸ ਕਰਕੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਬਿਲਕੁਲ ਵੀ ਜਵਾਬ ਨਹੀਂ ਦਿੰਦਾ, ਜਿਸ ਦੇ ਕੋਲ ਪੰਜਾਬ ਸਰਕਾਰ ਦੇ ਖ਼ਰਚਿਆਂ ਦਾ ਸਾਰਾ ਰਿਕਾਰਡ ਹੁੰਦਾ ਹੈ। ਸੂਚਨਾ ਦੇ ਕਾਨੂੰਨ ਨੂੰ ਕਮਜ਼ੋਰ ਕਰਨ ਲਈ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਨਿੱਜਤਾ ਦਾ ਹਵਾਲਾ ਦੇ ਕੇ ਸੂਚਨਾ ਨਾ ਦੇਣ ਲਈ ਨਿੱਤ ਨਵੇਂ ਬਹਾਨੇ ਘੜੇ ਜਾਂਦੇ ਹਨ ਅਤੇ ਇਸੇ ਦੀ ਆੜ ’ਚ ਨਵੀਆਂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ।




ਜੇਕਰ ਪੰਜਾਬ ਰਾਜ ਸੂਚਨਾ ਕਮਿਸ਼ਨ ਦੀ ਗੱਲ ਕਰੀਏ ਤਾਂ ਇਸ ਦਾ ਕੰਮ ਸੂਚਨਾ ਐਕਟ ਦੀ ਉਲੰਘਣਾ ਕਰਨ ਵਾਲੀ ਅਫ਼ਸਰਸ਼ਾਹੀ ਦੀਆਂ ਲਗਾਮਾਂ ਖਿੱਚ ਕੇ ਰੱਖਣੀਆਂ ਅਤੇ ਕੁਤਾਹੀ ਕਰਨ ਵਾਲਿਆਂ ਨੂੰ ਜੁਰਮਾਨਾ ਕਰਨਾ ਹੁੰਦਾ ਹੈ। ਪਰ ਅਜਿਹਾ ਕਰਨ ਦੀ ਬਜਾਏ ਇਹ ਆਮ ਲੋਕਾਂ ਨੂੰ ਸੂਚਨਾ ਮੰਗਣ ਤੋਂ ਰੋਕਣ ਲਈ ਨਵੇਂ ਤੋਂ ਨਵੇਂ ਨਿਯਮ ਲਾਗੂ ਕਰਦਿਆਂ ਉਲਟਾ ਸੂਚਨਾ ਮੰਗਣ ਵਾਲਿਆਂ ਨੂੰ ਪ੍ਰੇਸ਼ਾਨ ਕਰਦੇ ਹਨ। ਹੁਣ ਕਿਸੇ ਵੀ ਅਣਗਹਿਲੀ ਵਰਤਣ ਵਾਲੇ ਅਫ਼ਸਰ ਦੀ ਪੇਸ਼ੀ ਪਵਾਉਣੀ ਸੌਖੀ ਨਹੀਂ, ਕਿਉਂਕਿ ਪੰਜਾਬ ਦੇ ਅਫ਼ਸਰਾਂ ਵੱਲੋਂ ਸੂਚਨਾ ਐਕਟ ਪ੍ਰਤੀ ਵਰਤੀ ਜਾ ਰਹੀ ਅਣਗਹਿਲੀ ਇੰਨੀ ਵੱਡੀ ਪੱਧਰ ’ਤੇ ਵਧ ਚੁੱਕੀ ਹੈ ਕਿ ਸੂਚਨਾ ਕਮਿਸ਼ਨ ਲਈ ਇਨ੍ਹਾਂ ਦਾ ਨਿਪਟਾਰਾ ਕਰਨਾ ਬਹੁਤ ਔਖਾ ਹੁੰਦਾ ਜਾ ਰਿਹਾ ਹੈ। ਸੱਤਾਧਾਰੀ ਪਾਰਟੀ ਵਲੋਂ ਸੂਚਨਾ ਅਧਿਕਾਰ ਐਕਟ ਨੂੰ ਖਤਮ ਕਰਨ ਦੀਆਂ ਚੱਲੀਆਂ ਜਾ ਰਹੀਆਂ ਕੋਝੀਆਂ ਚਾਲਾਂ ਕਰਕੇ ਪੰਜਾਬ ਰਾਜ ਸੂਚਨਾ ਕਮਿਸ਼ਨ ਕੋਲ ਸੁਣਵਾਈ ਲਈ ਪਿਛਲੇ ਢਾਈ ਸਾਲਾਂ ਦੇ ਸੈਂਕੜੇ ਮਾਮਲੇ ਸੁਣਵਾਈ ਲਈ ਪਏ ਹਨ। ਸੂਚਨਾ ਕਮਿਸ਼ਨ ਵਲੋਂ ਸਰਕਾਰੀ ਅਫ਼ਸਰਾਂ ਨੂੰ ਜੁਰਮਾਨੇ ਕਰਨ ’ਤੇ ਸਰਕਾਰ ਨਾਰਾਜ਼ ਹੋ ਜਾਂਦੀ ਹੈ, ਜਦਕਿ ਜੁਰਮਾਨਾ ਕੀਤੇ ਬਗੈਰ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ ਔਖਾ ਹੈ। ਆਪਣੀ ਅਫ਼ਸਰਸਾਹੀ ਨੂੰ ਬਚਾਉਣ ਲਈ ਅਤੇ ਆਮ ਲੋਕਾਂ ਨੂੰ, ਜਾਣਕਾਰੀ ਲੈਣ ਦੇ ਅਧਿਕਾਰ ਤੋਂ ਵਿਰਵਾ ਕਰਨ ਲਈ ਅਜਿਹਾ ਉਲਝਾਇਆ ਜਾਂਦਾ ਹੈ ਕਿ ਅੱਕ ਕੇ ਲੋਕ ਸੂਚਨਾ ਅਧਿਕਾਰ ਐਕਟ ਦੀ ਵਰਤੋਂ ਕਰਨੀ ਹੀ ਛੱਡ ਗਏ ਹਨ। ਇਸ ਐਕਟ ਦੀ 2005-06 ’ਚ ਸ਼ੁਰੂਆਤ ਹੋਣ ਮੌਕੇ ਪਹਿਲੇ ਸਾਲਾਂ ਦੌਰਾਨ ਮੰਗੀ ਗਈ ਕਿਸੇ ਸੂਚਨਾ ਦੇ ਸਬੂਤ ਭੇਜ ਕੇ ਇਕ ਮਹੀਨੇ ਦੇ ਅੰਦਰ ਹੀ ਪੇਸ਼ੀ ਪਾ ਦਿੱਤੀ ਜਾਂਦੀ ਸੀ। ਪਰ ਹੁਣ ਹਾਲਾਤ ਅਜਿਹੇ ਹਨ ਕਿ ਇਕ ਪਾਸੇ ਤਾਂ ਪੇਸ਼ੀ ਦੀ ਕੋਈ ਸੀਮਾ ਹੱਦ ਨਹੀਂ ਹੈ, ਦੂਸਰੇ ਪਾਸੇ ਮੰਗੀ ਗਈ ਸੂਚਨਾ ਨੂੰ 3 ਕਾਪੀਆਂ ਵਿੱਚ ਭੇਜਣ ਦੇ ਨਾਲ ਹੀ ਹਲਫ਼ੀਆ ਬਿਆਨ ਦੇਣੇ ਪੈਂਦੇ ਹਨ। ਅਜਿਹੀਆਂ ਸ਼ਰਤਾਂ ਕਾਰਨ ਆਮ ਲੋਕ ਇਸ ਐਕਟ ਤੋਂ ਦੂਰ ਹੁੰਦੇ ਜਾ ਰਹੇ ਹਨ, ਕਿਉਂਕਿ 3 ਕਾਪੀਆਂ ਵਾਲੀ ਸ਼ਰਤ ਕਾਰਨ ਆਮ ਲੋਕਾਂ ਦਾ ਖ਼ਰਚਾ ਵਧ ਰਿਹਾ ਹੈ ਅਤੇ ਇਸ ਨਾਲ ਅਫ਼ਸਰਸ਼ਾਹੀ ਨੂੰ ਮੌਜ ਲੱਗ ਗਈ ਹੈ। ਇੱਕ ਡੂੰਘੀ ਚਾਲ ਤਹਿਤ ਸਰਕਾਰੀ ਦਫ਼ਤਰਾਂ ਵਿੱਚ ਬੈਠੇ ਸੂਚਨਾ ਅਧਿਕਾਰੀ ਮੰਗੀ ਗਈ ਆਰ.ਟੀ.ਆਈ. ਵਾਲੇ ਪੱਤਰ ਹੀ ਗਾਇਬ ਕਰ ਦਿੰਦੇ ਹਨ, ਜਿਸ ਕਰਕੇ ਕਮਿਸ਼ਨ ਦੇ ਅੱਗੇ ਪੇਸ਼ੀ ਪੈਣ ਮੌਕੇ ਉਨ੍ਹਾਂ ਕੋਲ ਮੰਗੀ ਗਈ ਸੂਚਨਾ ਬਾਰੇ ਕੋਈ ਰਿਕਾਰਡ ਹੀ ਨਹੀਂ ਹੁੰਦਾ। ਸ਼ਾਇਦ ਅਫ਼ਸਰਸ਼ਾਹੀ ਨੂੰ ਬਚਾਉਣ ਲਈ ਹੀ ਕਮਿਸ਼ਨ ਨੇ ਆਮ ਲੋਕਾਂ ਸਿਰ ਜ਼ਿੰਮੇਵਾਰੀ ਪਾ ਦਿੱਤੀ ਕਿ ਉਹ ਆਪਣੇ ਬੇਨਤੀ ਪੱਤਰ ਸਮੇਤ ਸਾਰੇ ਸਬੂਤਾਂ ਦੀਆਂ 3-3 ਕਾਪੀਆਂ ਭੇਜਣ ਤਾਂ ਜੋ ਜਿਨ੍ਹਾਂ ’ਚੋ ਇੱਕ ਪੇਸ਼ੀ ਤੋਂ ਪਹਿਲਾਂ ਸਰਕਾਰੀ ਬਾਬੂਆਂ ਨੂੰ ਭੇਜੀ ਜਾ ਸਕੇ। ਦਿਲਚਸਪ ਗੱਲ ਇਹ ਹੈ ਕਿ ਆਮ ਵਿਅਕਤੀ ਪੰਜਾਬ ਰਾਜ ਸੂਚਨਾ ਕਮਿਸ਼ਨ ਤੱਕ ਪਹੁੰਚ ਕਰਨ ਲਈ ਚੰਡੀਗੜ੍ਹ ਨਹੀਂ ਜਾ ਸਕਦਾ, ਜੇਕਰ ਉਹ ਪਹੁੰਚ ਵੀ ਜਾਵੇ ਤਾਂ ਉਸ ਨੂੰ ਆਪ ਖ਼ਰਚ ਕਰਨਾ ਪੈਂਦਾ ਹੈ, ਜਦਕਿ ਸਰਕਾਰੀ ਬਾਬੂ ਨੇ ਤਾਂ ਪੇਸ਼ੀ ਭੁਗਤਣ ਵੀ ਸਰਕਾਰੀ ਖ਼ਰਚੇ ’ਤੇ ਆਉਣਾ ਹੁੰਦਾ ਹੈ। ਸੂਚਨਾ ਕਮਿਸ਼ਨ ਵੱਲੋਂ ਅਫ਼ਸਰਸ਼ਾਹੀ ਪ੍ਰਤੀ ਸਖ਼ਤ ਰਵੱਈਆ ਅਪਣਾਉਣ ਦੀ ਬਜਾਏ ਕਥਿਤ ਰੂਪ ਵਿੱਚ ਉਨ੍ਹਾਂ ਦਾ ਹੀ ਪੱਖ ਪੂਰਿਆ ਜਾਂਦਾ ਹੈ ਅਤੇ ਲੋਕਾਂ ਨੂੰ ਰਿਕਾਰਡ ਉਪਲਬਧ ਨਹੀਂ ਕਰਵਾਇਆ ਜਾਂਦਾ।

ਪੰਜਾਬ ਦੇ ਕੁਝ ਵਿਭਾਗ, ਪੰਜਾਬ ਪੁਲਿਸ ਸਮੇਤ ਜ਼ਿਆਦਾਤਰ ਸੂਚਨਾਵਾਂ ਨੂੰ ਤੀਸਰੀ ਧਿਰ ਨਾਲ ਸੰਬੰਧਿਤ ਕਹਿ ਕੇ ਵਾਪਸ ਕਰ ਦਿੰਦੇ ਹਨ, ਜਦਕਿ ਅਸਲੀਅਤ ਵਿੱਚ ਤੀਸਰੀ ਧਿਰ ਨਾਲ ਬਹੁਗਿਣਤੀ ਸੂਚਨਾਵਾਂ ਦਾ ਕੋਈ ਸੰਬੰਧ ਹੀ ਨਹੀਂ ਹੁੰਦਾ। ਫਿਰ ਦੁਬਾਰਾ ਤੋਂ ਉਹੀ ਚੱਕਰ ਸ਼ੁਰੂ ਹੋ ਜਾਂਦਾ ਹੈ ਕਿ ਤੀਸਰੀ ਧਿਰ ਦੀ ਸੂਚਨਾ ਦੇ ਫ਼ੈਸਲੇ ਵਾਸਤੇ ਮੁੜ ਚੰਡੀਗੜ੍ਹ ਜਾਣ ਲਈ ਖਰਚਾ ਕਰੋ। ਸੂਚਨਾ ਕਮਿਸ਼ਨ ਵੱਲੋਂ ਇਹ ਪੁੱਛਣ ਦੀ ਬਜਾਏ ਕਿ ਇਹ ਤੀਸਰੀ ਧਿਰ ਕਿਵੇਂ ਹੋਈ ? ਹਰ ਵਾਰ ਤੀਸਰੀ ਧਿਰ ਕਹਿ ਕੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਸੂਚਨਾ ਅਫ਼ਸਰਾਂ ਨੂੰ ਕੋਈ ਤਾੜਨਾ ਨਹੀਂ ਕੀਤੀ ਜਾਂਦੀ। ਪੰਜਾਬ ਦੇ ਪੰਚਾਇਤ ਤੇ ਵਿਕਾਸ ਵਿਭਾਗ ਕੋਲੋਂ ਜਦੋਂ ਵੀ ਪੇਂਡੂ ਖੇਤਰਾਂ ਵਿੱਚ ਰਹਿ ਰਹੇ ਲੋਕਾਂ ਵਲੋਂ ਪਿੰਡਾਂ ਦੇ ਵਿਕਾਸ ਨਾਲ ਸੰਬੰਧਿਤ ਕੋਈ ਰਿਕਾਰਡ ਮੰਗਿਆ ਜਾਂਦਾ ਹੈ, ਤਾਂ ਇਹ ਕਿਸੇ ਵੀ ਕੀਮਤ ’ਤੇ ਰਿਕਾਰਡ ਨਹੀਂ ਦਿੰਦੇ। ਲੋਕਾਂ ਨੂੰ ਰਿਕਾਰਡ ਲੈਣ ਲਈ ਆਪ ਚੰਡੀਗੜ੍ਹ ਤੱਕ ਪਹੁੰਚ ਕਰਨੀ ਪੈਂਦੀ ਹੈ, ਇਹ ਮਹਿਕਮਾ ਹਮੇਸ਼ਾ ਆਮ ਲੋਕਾਂ ਲਈ ਸਭ ਤੋਂ ਵੱਡੀ ਸਿਰਦਰਦੀ ਦਾ ਕਾਰਨ ਬਣਦਾ ਹੈ। ਇਹ ਬੜੇ ਦੁੱਖ ਦੀ ਗੱਲ ਹੈ ਕਿ ਅਫ਼ਸਰਸ਼ਾਹੀ ਸੂਚਨਾ ਦਾ ਅਧਿਕਾਰ ਕਾਨੂੰਨ ਲਾਗੂ ਹੋਣ ਦੇ 20 ਸਾਲਾਂ ਬਾਅਦ ਵੀ ਇਸ ਪ੍ਰਤੀ ਆਪਣਾ ਫ਼ਰਜ਼ ਸਮਝਣ ਦੀ ਬਜਾਏ ਅਣਗਹਿਲੀ ਵਰਤ ਰਹੀ ਹੈ। ਇਸ ਕਾਨੂੰਨ ਨੂੰ ਆਮ ਲੋਕਾਂ ਦੇ ਹਾਣ ਦਾ ਬਣਾਉਣ ਅਤੇ ਉਨ੍ਹਾਂ ਨੂੰ ਵਧੇਰੇ ਜਾਗਰੂਕ ਹੋ ਕੇ ਆਪਣੇ ਅਧਿਕਾਰ ਦੀ ਵਰਤੋਂ ਲਈ ਪ੍ਰੇਰਿਤ ਕਰਨ ਵਾਸਤੇ ਮੁੱਖ ਸੂਚਨਾ ਕਮਿਸ਼ਨ ਨੂੰ ਜ਼ਿਆਦਾ ਸੰਜੀਦਾ ਹੋਣ ਦੀ ਲੋੜ ਹੈ।

**-ਕਾਹਨਗੜ੍ਹ ਰੋਡ, ਪਾਤੜਾਂ,**
**ਜ਼ਿਲ੍ਹਾ ਪਟਿਆਲਾ।**

# ਡਿਜੀਟਲ ਕ੍ਰਾਂਤੀ ਤੋਂ ਲਾਭ ਉਠਾਉਣ ਪੰਚਾਇਤਾਂ



**ਡਾ. ਰਿਤੂ ਸਾਰਸਵਤ**

ਹਾਲ ਹੀ ਵਿੱਚ ਵਿਸ਼ਾਖਾਪਟਨਮ ਵਿੱਚ ਗ੍ਰਾਮ ਪੰਚਾਇਤਾਂ ਨੂੰ ਡਿਜੀਟਲ ਸੇਵਾਵਾਂ ਵਿੱਚ ਜ਼ਮੀਨੀ ਪੱਧਰ ਦੀਆਂ ਪਹਿਲਾਂ ਲਈ ਰਾਸ਼ਟਰੀ ਈ-ਗਵਰਨੈਂਸ ਪੁਰਸਕਾਰ (ਐੱਨਏਈਜੀ) 2025 ਨਾਲ ਸਨਮਾਨਿਤ ਕੀਤਾ ਗਿਆ। ਇਸ ਪੁਰਸਕਾਰ ਲਈ 1.45 ਲੱਖ ਤੋਂ ਵੱਧ ਐਂਟਰੀਆਂ ਦਾ ਮੁਲਾਂਕਣ ਕੀਤਾ ਗਿਆ ਜਿਸ ਦੇ ਨਤੀਜੇ ਵਜੋਂ ਚਾਰ ਗ੍ਰਾਮ ਪੰਚਾਇਤਾਂ ਨੂੰ ‘ਸੇਵਾ ਵਿਤਰਨ ਨੂੰ ਡੂੰਘਾਈ ਦੇਣ ਲਈ ਗ੍ਰਾਮ ਪੰਚਾਇਤਾਂ ਵਿੱਚ ਜ਼ਮੀਨੀ ਪੱਧਰ ਦੀ ਪਹਿਲ’ ਸ਼੍ਰੇਣੀ ਵਿਚ ਪੁਰਸਕਾਰ ਦਿੱਤੇ ਗਏ। ਇਨ੍ਹਾਂ ਵਿੱਚੋਂ ਦੋ ਗ੍ਰਾਮ ਪੰਚਾਇਤਾਂ ਦੀਆਂ ਮੁਖੀ ਮਹਿਲਾਵਾਂ ਹਨ। ਪੁਰਸਕਾਰ ਜਿੱਤਣ ਵਾਲੀਆਂ ਪੰਚਾਇਤਾਂ ਨੇ ਡਿਜੀਟਲ ਸ਼ਾਸਨ, ਪਾਰਦਰਸ਼ਤਾ ਅਤੇ ਸਹਿਭਾਗੀ ਸੇਵਾ ਵਿਤਰਣ ਵਿੱਚ ਨਵੇਂ ਮਿਆਰ ਸਥਾਪਤ ਕੀਤੇ ਹਨ। ਗੋਲਡ ਮੈਡਲ ਜਿੱਤਣ ਵਾਲੀ ਮਹਾਰਾਸ਼ਟਰ ਦੀ ‘ਰੋਹਿਣੀ ਗ੍ਰਾਮ ਪੰਚਾਇਤ’ ਪੂਰੀ ਤਰ੍ਹਾਂ ਪੇਪਰਲੈੱਸ ਈ-ਆਫਿਸ ਪ੍ਰਣਾਲੀ ਅਪਣਾਉਣ ਵਾਲੀ ਰਾਜ ਦੀ ਪਹਿਲੀ ਗ੍ਰਾਮ ਪੰਚਾਇਤ ਬਣ ਗਈ ਹੈ। ਇਹ ਪੰਚਾਇਤ 1,027 ਆਨਲਾਈਨ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ 100% ਘਰੇਲੂ ਡਿਜੀਟਲ ਸਾਖ਼ਰਤਾ ਯਕੀਨੀ ਬਣਾਉਂਦੀ ਹੈ। ਤੁਰੰਤ ਸ਼ਿਕਾਇਤ ਨਿਵਾਰਨ ਅਤੇ ਐੱਸ.ਐੱਮ.ਐੱਸ. ਰਾਹੀਂ ਜਾਣਕਾਰੀ ਪਹੁੰਚਾਉਣ ਦੀ ਵਿਵਸਥਾ ਇਹ ਯਕੀਨੀ ਬਣਾਉਂਦੀ ਹੈ ਤਾਂ ਕਿ ਹਰ



ਨਾਗਰਿਕ ਸ਼ਾਸਨ ਦੇ ਫ਼ੈਸਲਿਆਂ ਨਾਲ ਜੁੜਿਆ ਰਹੇ। ਦੂਜੇ ਪਾਸੇ, ਸਿਲਵਰ ਮੈਡਲ ਜਿੱਤਣ ਵਾਲੀ ਤ੍ਰਿਪੁਰਾ ਦੀ ਪੱਛਮੀ ਮਜਲਿਸ਼ਪੁਰ ਗ੍ਰਾਮ ਪੰਚਾਇਤ ਨਾਗਰਿਕ ਚਾਰਟਰ-ਆਧਾਰਤ ਪੰਚਾਇਤ ਸ਼ਾਸਨ ਦੇ ਇਕ ਮਾਡਲ ਵਿੱਚ ਤਬਦੀਲ ਹੋ ਗਈ ਹੈ। ਇੱਥੇ ਜਨਮ, ਮੌਤ ਤੇ ਵਿਆਹ ਦੇ ਪ੍ਰਮਾਣ ਪੱਤਰ, ਵਪਾਰ ਲਾਇਸੈਂਸ, ਜਾਇਦਾਦ ਰਿਕਾਰਡ ਅਤੇ ਮਨਰੇਗਾ ਜੌਬ ਕਾਰਡ ਵਰਗੀਆਂ ਸੇਵਾਵਾਂ ਆਨਲਾਈਨ ਉਪਲਬਧ ਹਨ। ਹਰ ਅਰਜ਼ੀ ਦੀ ਡਿਜੀਟਲ ਨਿਗਰਾਨੀ ਕੀਤੀ ਜਾਂਦੀ ਹੈ ਜਿਸ ਨਾਲ ਜਵਾਬਦੇਹੀ, ਸਮਾਂਬੱਧਤਾ ਅਤੇ ਪਾਰਦਰਸ਼ਤਾ ਯਕੀਨੀ ਬਣਦੀ ਹੈ। ਜਿਊਰੀ ਇਨਾਮ ਪ੍ਰਾਪਤ ਗੁਜਰਾਤ ਦੀ ਪਲਸਾਨਾ ਗ੍ਰਾਮ ਪੰਚਾਇਤ ਨੇ ਕਿਊਆਰ/ਯੂਪੀਆਈ-ਆਧਾਰਤ ਪ੍ਰਾਪਰਟੀ ਟੈਕਸ ਭੁਗਤਾਨ, ਆਨਲਾਈਨ ਸ਼ਿਕਾਇਤ ਨਿਵਾਰਨ ਅਤੇ ਪਾਰਦਰਸ਼ੀ ਕਲਿਆਣਕਾਰੀ ਵਿਤਰਣ ਨੂੰ ਸਮਰੱਥ ਬਣਾਉਣ ਲਈ ‘ਡਿਜੀਟਲ ਗੁਜਰਾਤ’ ਅਤੇ ‘ਗ੍ਰਾਮ ਸੁਵਿਧਾ’ ਵਰਗੇ ਪੋਰਟਲਾਂ ਨੂੰ ਏਕੀਕ੍ਰਿਤ ਕੀਤਾ ਹੈ। ਦੂਜਾ ਜਿਊਰੀ ਪੁਰਸਕਾਰ ਜਿੱਤਣ ਵਾਲੀ ਓਡੀਸ਼ਾ ਦੀ ਸੁਆਕਾਟੀ ਗ੍ਰਾਮ ਪੰਚਾਇਤ ਨੇ ‘ਓਡੀਸ਼ਾ ਵਨ’ ਅਤੇ ‘ਸੇਵਾ ਓਡੀਸ਼ਾ’ ਪਲੇਟਫਾਰਮਾਂ ਰਾਹੀਂ ਜ਼ਰੂਰੀ ਸੇਵਾਵਾਂ ਦਾ ਡਿਜੀਟਾਈਜ਼ੇਸ਼ਨ ਕੀਤਾ ਹੈ ਜਿਸ ਨਾਲ ਨਾਗਰਿਕਾਂ ਨੂੰ 24 ਘੰਟੇ ਅਪਡੇਟ ਮਿਲ ਰਹੇ ਹਨ। ਇਹ ਦਰਸਾਉਂਦਾ ਹੈ ਕਿ ਕਿਵੇਂ ਤਕਨਾਲੋਜੀ ਸਰਕਾਰ ਅਤੇ ਨਾਗਰਿਕਾਂ ਦੇ ਵਿਚਕਾਰ ਦੀ ਦੂਰੀ ਨੂੰ ਘਟਾਉਂਦੀ ਹੈ। ਰਾਸ਼ਟਰੀ ਈ-ਗਵਰਨੈਂਸ ਯੋਜਨਾ 2006 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਅੰਦਰ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਈ-ਗਵਰਨੈਂਸ ਨੂੰ ਮਜ਼ਬੂਤ ਕਰਨ ਅਤੇ ਈ-ਗਵਰਨੈਂਸ ਐਪਲੀਕੇਸ਼ਨਾਂ ਵਿੱਚ ਸ਼ਾਮਲ ਜਟਿਲਤਾਵਾਂ ਨੂੰ ਘਟਾਉਣ ਲਈ ਈ-ਗ੍ਰਾਮਸਵਰਾਜ ਲਾਂਚ ਕੀਤਾ ਗਿਆ। ਅੱਜ ‘ਪੰਚਾਇਤ ਨਿਰਣਾ ਐਪ’ ਰਾਹੀਂ ਗ੍ਰਾਮ ਸਭਾ ਬੈਠਕਾਂ ਸਮੇਤ ਪੰਚਾਇਤਾਂ ਦੀਆਂ ਬੈਠਕਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਗ੍ਰਾਮ ਸਭਾਵਾਂ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਵਧਾਉਣ ਲਈ ਐਪ ਵਿੱਚ ਵਿਵਸਥਾ ਕੀਤੀ ਗਈ ਹੈ ਤਾਂ ਜੋ ਜਦੋਂ ਵੀ ਗ੍ਰਾਮ ਸਭਾ ਦੀ ਬੈਠਕ ਨਿਰਧਾਰਤ ਕੀਤੀ ਜਾਵੇ ਜਾਂ ਪੰਚਾਇਤ ਦੁਆਰਾ ਪੰਚਾਇਤ ਫ਼ੈਸਲਾ ਪੋਰਟਲ ਜਾਂ ਮੋਬਾਈਲ ਐਪ ’ਤੇ ਬੈਠਕ ਦਾ ਏਜੰਡਾ ਜਾਂ ਮਿੰਟ ਅਪਲੋਡ ਕੀਤਾ ਜਾਵੇ, ਤਾਂ ਐਪ ਉਪਭੋਗਤਾ ਸਮੂਹ ਜਾਣਕਾਰੀ ਨੂੰ ਸੁਗਮਤਾ ਨਾਲ ਪ੍ਰਾਪਤ ਕਰ ਸਕਣ। ਕਈ ਰਾਜਾਂ ਵਿੱਚ ਪੰਚਾਇਤਾਂ ਹੁਣ ਇਲੈਕਟ੍ਰਾਨਿਕ ਤਰੀਕੇ ਨਾਲ ਜਨਮ, ਮੌਤ, ਉਮਰ, ਵਿਆਹ, ਰਿਹਾਇਸ਼ ਪ੍ਰਮਾਣ ਪੱਤਰ ਜਾਰੀ ਕਰਨ, ਨਿਰਮਾਣ ਅਤੇ ਵਪਾਰ ਦੀ ਆਗਿਆ ਅਤੇ ਜਾਇਦਾਦ ਅਤੇ ਚੁੱਲ੍ਹਾ ਟੈਕਸ ਆਦਿ ਦਾ ਭੁਗਤਾਨ ਕਰਨ ਵਰਗੀਆਂ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ। ਮਹਾਰਾਸ਼ਟਰ, ਝਾਰਖੰਡ ਅਤੇ ਛੱਤੀਸਗੜ੍ਹ ਇਲੈਕਟ੍ਰਾਨਿਕ ਤਰੀਕੇ ਨਾਲ ਸੇਵਾਵਾਂ ਪ੍ਰਦਾਨ ਕਰਨ ਲਈ ਵਿਕਸਤ ਸਰਵਿਸਪਲੱਸ ਐਪਲੀਕੇਸ਼ਨ ਦਾ ਇਸਤੇਮਾਲ ਕਰ ਰਹੇ ਹਨ।

ਹਾਲ ਹੀ ਵਿੱਚ ਪੰਚਾਇਤੀ ਰਾਜ ਮੰਤਰੀ ਦੁਆਰਾ ਸ਼ੁਰੂ ਕੀਤੀ ਗਈ ‘ਸਭਾਸਾਰ’ ਇਸ ਦੀ ਡਿਜੀਟਲ ਯਾਤਰਾ ਦਾ ਇੱਕ ਮਹੱਤਵਪੂਰਨ ਪੜਾਅ ਹੈ। ਏਆਈ ਅਤੇ ਨੈਚੁਰਲ ਲੈਂਗੂਏਜ ਪ੍ਰੋਸੈਸਿੰਗ ’ਤੇ ਆਧਾਰਤ ਇਹ ਸਮਾਰਟ ਟੂਲ ਗ੍ਰਾਮ ਸਭਾ ਅਤੇ ਪੰਚਾਇਤ ਬੈਠਕਾਂ ਦੀ ਆਡੀਓ/ਵੀਡੀਓ ਰਿਕਾਰਡਿੰਗ ਨਾਲ ਮਿੰਟਾਂ ਵਿੱਚ ਸੁਵਿਧਾਜਨਕ ਬੈਠਕ ਦਾ ਸਾਰਾਂਸ਼ ਤਿਆਰ ਕਰਦਾ ਹੈ। ਪਿਛਲੇ 15 ਅਗਸਤ ਨੂੰ ਕਰਵਾਇਆ ਗਿਆ ਵਿਸ਼ੇਸ਼ ਗ੍ਰਾਮ ਸਭਾਵਾਂ ਵਿਚ ‘ਸਭਾਸਾਰ’ ਦਾ ਉਪਯੋਗ ਜ਼ਿਕਰਯੋਗ ਅਤੇ ਉਤਸ਼ਾਹਜਨਕ ਰਿਹਾ ਜਦੋਂ ਦੇਸ਼ ਭਰ ਦੀਆਂ 12,800 ਤੋਂ ਵੱਧ ਗ੍ਰਾਮ ਪੰਚਾਇਤਾਂ ਨੇ ਇਸ ਨਵੇਂ ਤੇ ਵਿਲੱਖਣ ਉਪਕਰਨ ਦੀ ਵਰਤੋਂ ਕਰਦਿਆਂ 21,000 ਤੋਂ ਵੱਧ ਵੀਡੀਓ-ਆਧਾਰਤ ਕਾਰਵਾਈਆਂ ਅਪਲੋਡ ਕੀਤੀਆਂ। ਇਸ ਮੌਕੇ ’ਤੇ ਤ੍ਰਿਪੁਰਾ ਦੀਆਂ ਲਗਪਗ ਸਾਰੀਆਂ 1,193 ਗ੍ਰਾਮ ਪੰਚਾਇਤਾਂ ਅਤੇ ਪਰੰਪਰਾਗਤ ਲੋਕਲ ਬਾਡੀਜ਼ ਨੇ ‘ਸਭਾਸਾਰ’ ਨੂੰ ਅਪਣਾਉਣ ਦੇ ਨਾਲ ਸਫਲਤਾ ਦੀ ਨਵੀਂ ਉਦਾਹਰਨ ਪੇਸ਼ ਕੀਤੀ ਜਦਕਿ ਹੋਰ ਰਾਜਾਂ ਨੇ ਵੀ ਸਰਗਰਮੀ ਨਾਲ ਭਾਈਵਾਲੀ ਕੀਤੀ। ‘ਸਭਾਸਾਰ’ 13 ਭਾਰਤੀ ਭਾਸ਼ਾਵਾਂ ਵਿੱਚ ਉਪਲਬਧ ਹੈ। ਇਹ ਬਹੁ-ਭਾਸ਼ੀ ਹੈ ਤੇ ਨਾਲ ਹੀ, ਗ੍ਰਾਮ ਪੰਚਾਇਤਾਂ ਵਿੱਚ ਭਾਈਵਾਲੀ ਲੋਕਤੰਤਰ ਨੂੰ ਮਜ਼ਬੂਤ ਕਰਨ, ਫ਼ੈਸਲੇ ਲੈਣ ਦੀ ਪ੍ਰਕਿਰਿਆ ਦੇ ਪਾਰਦਰਸ਼ੀ ਦਸਤਾਵੇਜ਼ੀਕਰਨ ਅਤੇ ਮਗਰੋਂ ਕਾਰਵਾਈ ਵਿੱਚ ਰਫ਼ਤਾਰ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਇੱਕ ਦੂਰਦਰਸ਼ੀ ਪਹਿਲ ਹੈ। ਇਹ ਪਹਿਲ ਪੰਚਾਇਤ ਨੁਮਾਇੰਦਿਆਂ ਨੂੰ ਬਿਹਤਰ ਸਥਾਨਕ ਸਵੈ-ਸ਼ਾਸਨ ਅਤੇ ਬੇਮਿਸਾਲ ਸੇਵਾ ਪ੍ਰਦਾਨ ਕਰਨ ’ਤੇ ਵੱਧ ਧਿਆਨ ਕੇਂਦਰਿਤ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ ਤੇ ਅੰਮ੍ਰਿਤ ਕਾਲ ਵਿੱਚ ਜ਼ਮੀਨੀ ਲੋਕਤੰਤਰ ਨੂੰ ਹੋਰ ਮਜ਼ਬੂਤ ਕਰਨ ਦਾ ਰਸਤਾ ਪਕੇਰਾ ਕਰਦੀ ਹੈ।

**(ਲੇਖਿਕਾ ਸਮਾਜ ਸ਼ਾਸਤਰ ਦੀ ਪ੍ਰੋਫੈਸਰ ਹੈ)।**

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS AMBEST Love's

## FUEL CARDS

NO CREDIT - NO PROBLEM
BEST CUSTOMER SERVICE

QUIKQ WEX




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

ROAD SQUAD connect

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE BAYS. EXPERTISE. SOLUTIONS.

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

## (ਗੁਰਗੱਦੀ ਦਿਵਸ 'ਤੇ ਵਿਸ਼ੇਸ਼)

*ਸੰਨ 1663 ਈ. ਵਿੱਚ ਦਿੱਲੀ ਵਿਖੇ ਚੇਚਕ ਦੀ ਮਹਾਂਮਾਰੀ ਫ਼ੈਲ ਜਾਣ 'ਤੇ ਗੁਰੂ ਜੀ ਆਪ ਰੋਗੀਆਂ ਦੇ ਘਰ ਘਰ ਜਾ ਕੇ ਸੇਵਾ ਕਰਨ ਲੱਗੇ। ਲੋਕਾਈ ਦੇ ਭਲੇ ਲਈ ਮਾਇਆ ਵੀ ਖ਼ਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਸੇਵਾ ਵਿੱਚ ਗੁਰੂ ਜੀ ਨਾਲ ਆ ਜੁੜੀਆਂ। ਇਸ ਲਾਗ ਦੀ ਬਿਮਾਰੀ ਵਿੱਚ ਆਪ ਨੇ ਆਪਣੀ ਬਾਲ ਉਮਰ ਦੀ ਪ੍ਰਵਾਹ ਨਾ ਕੀਤੀ। ਆਖ਼ਰ ਗੁਰੂ ਜੀ ਖ਼ੁਦ ਵੀ ਮਹਾਂਮਾਰੀ ਦਾ ਸ਼ਿਕਾਰ ਹੋ ਗਏ। ਸੰਗਤਾਂ ਨੂੰ ਰੱਬ ਦੇ ਭਾਣੇ ਵਿੱਚ ਸੇਵਾ ਜਾਰੀ ਰੱਖਣ ਦਾ ਉਪਦੇਸ਼ ਦੇ ਕੇ ਜੋਤੀ ਜੋਤ ਸਮਾ ਗਏ।*

*ਅਜੋਕੇ ਸਮੇਂ ਵੀ ਸਿੱਖ ਗੁਰੂ ਸਾਹਿਬਾਨ ਦੇ ਉਪਦੇਸ਼ ਅਨੁਸਾਰ ਸਿੱਖ ਸੰਗਤਾਂ ਸਮੇਂ ਸਮੇਂ ਮਨੁੱਖਤਾ 'ਤੇ ਆਉਂਦੀਆਂ ਮਹਾਂਮਾਰੀਆਂ ਸਮਾਜਿਕ ਹੋਣ ਜਾਂ ਕੁਦਰਤੀ ਜਿਵੇਂ ਬੱਦਲ ਦਾ ਫਟਣਾ, ਬਿਜਲੀ ਦਾ ਡਿੱਗਣਾ, ਧਰਤੀ ਦਾ ਪਹਾੜ ਦਾ ਖਿਸਕਣਾ, ਸੁਨਾਮੀ, ਭੂਚਾਲ,ਬਿਮਾਰੀ, ਅਗਜਨੀ, ਗੈਸ ਦਾ ਰਿਸਣਾ, ਹੜ੍ਹ ਆਦਿ ਸਮੇਂ ਸਿੱਖ ਸੰਗਤਾਂ ਅੱਗੇ ਹੋ ਕੇ ਸੇਵਾ ਲਈ ਪਹੁੰਚਦੀਆਂ ਹਨ। ਜਿੱਥੇ ਸਰਕਾਰਾਂ ਨਹੀਂ ਪਹੁੰਚਦੀਆਂ, ਉਥੇ ਸਿੱਖ ਸੰਗਤਾਂ ਸੇਵਾ ਵਿੱਚ ਹੁਮਹੁਮਾ ਕੇ ਜੁੱਟ ਜਾਂਦੀਆਂ ਹਨ, ਜਿਵੇਂ ਰਾਹਤ ਕੈਂਪ, ਲੰਗਰ, ਦਵਾਈਆਂ, ਪਾਣੀ ਆਦਿ ਜ਼ਰੂਰਤਾਂ ਪੂਰੀਆਂ ਕਰਦੀਆਂ ਹਨ।*

ਜੀਵਨ ਜਾਂਚ ਦੇ ਰਾਹ ਦਸੇਰੇ ਗੁਰੂਆਂ ਦਾ ਆਗਮਨ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦਾ ਹੈ। ਜਦ ਕਦੇ ਧਰਤੀ 'ਤੇ ਪਾਪ ਦੀ ਅਤਿ ਹੋ ਜਾਵੇ ਤਾਂ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ। ਜੋ ਤਪਦੇ ਸੰਸਾਰ ਵਿੱਚ ਠੰਡ ਵਰਤਾਉਂਦਾ ਹੈ। ਮਨੁੱਖੀ ਮਨਾਂ ਨੂੰ ਸ਼ਾਂਤ ਕਰਦਾ ਹੈ। ਸਿੱਖ ਗੁਰੂ ਕਾਲ ਵਿੱਚ ਦਸ ਗੁਰੂਆਂ ਦੀ ਇੱਕ ਜੋਤ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ ਉਤਸ਼ਾਹ ਵਿੱਚ ਦੀਨ ਦਯਾ ਹਿੱਤ ਬੀਰ ਰਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਸਾਹਿਬ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਉਹਨਾਂ ਦੀ ਸਿਆਣਪ ਨੂੰ ਵੇਖ ਕੇ ਬਾਲ ਗੁਰੂ ਜਾਂ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ। ਆਪ ਜੀ ਦਾ ਆਗਮਨ ਸਾਵਣ ਵਦੀ 10 ਸੰਮਤ 1713 ਅਰਥਾਤ 7 ਜੁਲਾਈ 1656 ਨੂੰ ਸੀਸ ਮਹੱਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿ ਰਾਏ ਸਾਹਿਬ ਜੀ ਦੇ ਗ੍ਰਹਿ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ ਹੋਇਆ। ਕੱਤਕ 6 ਸੰਮਤ 1718 ਅਨੁਸਾਰ 20 ਅਕਤੂਬਰ 1661 ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ। ਉਸ ਸਮੇਂ ਆਪ ਜੀ ਦੀ ਉਮਰ 5 ਸਾਲ 3 ਮਹੀਨੇ ਸੀ।

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਸ਼ਹਾਦਤ ਸਮੇਂ ਗੁਰੂ ਹਰਿਰਾਇ ਸਾਹਿਬ ਜੀ ਨੂੰ ਹਦਾਇਤ ਕੀਤੀ ਸੀ ਕਿ ਗੁਰਗੱਦੀ 'ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਤਦ ਗੁਰੂ ਹਰਿਰਾਏ ਸਾਹਿਬ ਜੀ ਨੇ ਕੌਮ ਨੂੰ ਬਕਾਇਦਾ ਤੇ ਜਥੇਬੰਦਕ ਹਥਿਆਰਬੰਦ ਬਣਾਇਆ। ਸੰਗਤਾਂ ਦੇ ਹੌਂਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿਥੇ ਜ਼ੁਲਮ ਨਾਲ ਜਬਰੀ ਲੋਕਾਂ ਨੂੰ ਇਸਲਾਮ ਵਿੱਚ ਲਿਆਉਣਾ ਚਾਹੁੰਦੀ ਸੀ, ਉਥੇ ਸਿੱਖ ਧਰਮ ਦੀ ਵਧਦੀ ਲੋਕਪ੍ਰਿਅਤਾ ਨੂੰ ਵੇਖ ਕੇ ਲੋਕ ਆਪਣੇ ਆਪ ਹੀ ਸਿੱਖ ਧਰਮ ਅਪਨਾਉਣ ਲੱਗੇ। ਮੁਗਲ ਬਾਦਸ਼ਾਹ ਔਰੰਗਜ਼ੇਬ ਬਹਾਨੇ ਨਾਲ ਸਿੱਖਾਂ ਦੀ ਤਾਕਤ ਨੂੰ ਪਰਖਣਾ ਚਾਹੁੰਦਾ ਸੀ। ਉਸਨੇ ਧਰਮ ਗਰੰਥ ਦੇ ਸ਼ੰਕਿਆਂ ਦੇ ਬਹਾਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ।

ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਏ ਜੀ ਨੂੰ ਹਿਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸਚੈ 'ਤੇ ਪੂਰਾ ਉੱਤਰਨਾ ਹੈ। ਬਾਦਸ਼ਾਹ ਨੇ ਸੁਆਲ ਕੀਤਾ ਕਿ ਤੁਹਾਡੇ ਗਰੰਥ ਵਿੱਚ 'ਮਿੱਟੀ ਮੁਸਲਮਾਨ ਦੀ ਪੇੜੇ ਪਈ ਕੁਮਿਆਰ ' ਸਿੱਧੀ ਇਸਲਾਮ ਦੀ ਹੱਤਕ ਨਹੀਂ ਹੈ? ਬਾਬਾ ਰਾਮ ਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਕਹਿ ਦਿੱਤਾ ਕਿ ਉਥੇ ਮਿੱਟੀ ਬੇਈਮਾਨ ਦੀ ਲਫ਼ਜ਼ ਹੈ। ਬਾਣੀਕਾਰ ਵੱਲੋਂ ਗਲਤੀ ਨਾਲ ਮੁਸਲਮਾਨ ਲਿਖਿਆ ਗਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ। ਉਸ ਨੇ ਉਸ ਨੂੰ ਜਾਗੀਰ ਵਜੋਂ ਪਿੰਡ ਦਿੱਤੇ: ਖੁਰਵੜਾ, ਧਮਵਾਲ, ਚਮਾਸਰੀ, ਰਾਜਪੁਰ, ਮੀਆਵਾਲਾ, ਪੰਡਿਤਵਾੜੀ, ਕਰਤਾਨਾਵਲੀ, ਜੋ ਜਗੀਰ ਦੂਨ ਦੇ ਸਨ ਪਰ ਗੁਰੂ ਹਰਿਰਾਇ ਸਾਹਿਬ ਨੇ ਆਪਣੇ ਦ੍ਰਿੜ ਇਰਾਦੇ ਨਾਲ ਫੈਸਲਾ ਕੀਤਾ ਕਿ ਬਾਬਾ ਰਾਮਰਾਇ ਜੀ ਗੁਰਗੱਦੀ ਦੇ ਯੋਗ ਨਹੀਂ ਹਨ। ਜਦ ਆਪ ਜੀ ਦੇ ਜੋਤੀ ਜੋਤਿ ਸਮਾਉਣ ਦਾ ਵੇਲਾ ਆਇਆ ਤਾਂ ਆਪ ਨੇ ਆਪਣੇ ਛੋਟੇ ਸਾਹਿਬਜ਼ਾਦਾ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ਲਈ ਨੀਅਤ ਕੀਤਾ। ਆਪ ਨੇ ਗੁਰਤਾ ਦਾ ਕੰਮ ਬੜੇ ਸੋਹਣੇ ਢੰਗ ਨਾਲ ਤੋਰੀ ਰੱਖਿਆ। ਆਪ ਸੰਗਤਾਂ ਨੂੰ ਗੁਰਮਤਿ ਬਾਰੇ ਉਪਦੇਸ਼ ਦਿੰਦੇ। ਸੰਗਤਾਂ ਦੇ ਸ਼ੰਕੇ ਦੂਰ ਕਰਦੇ, ਨਾਮ ਦਾਨ ਬਖ਼ਸ਼ ਕੇ ਨਿਹਾਲ ਕਰਦੇ। ਗੁਰਸਿੱਖੀ ਦੇ ਪ੍ਰਚਾਰ ਵਾਸਤੇ ਪ੍ਰਚਾਰਕ ਭੇਜੇ। ਧਰਮ ਪ੍ਰਤੀ ਦ੍ਰਿੜ੍ਹਤਾ ਦੀ ਉਹਨਾਂ ਦੇ ਸਮੇਂ ਕੋਈ ਕਮੀ ਨਾ ਆਈ।

ਉਸ ਵੇਲੇ ਰਾਮਰਾਇ ਦਿੱਲੀ ਬਾਦਸ਼ਾਹ ਦੇ ਦਰਬਾਰ ਵਿੱਚ ਸੀ। ਉਸ ਨੇ ਗੁਰੂ ਸਾਹਿਬ ਵਿਰੁੱਧ ਗੁਰਗੱਦੀ ਨੂੰ ਲੈ ਕੇ ਸਾਜ਼ਿਸ਼ਾਂ ਸ਼ੁਰੂ ਦਿੱਤੀਆਂ, ਆਪਣੇ ਤਾਏ ਧੀਰਮਲ ਨਾਲ ਰਲਕੇ ਕੁਝ ਮਸੰਦਾ ਨੂੰ ਵੀ ਆਪਣੇ ਨਾਲ ਰਲਾ ਲਿਆ। ਉਹ ਆਪਣੇ ਆਪ ਹੀ ਗੁਰੂ ਬਣ ਬੈਠਾ। ਉਸ ਨੇ ਮਸੰਦਾਂ ਨੂੰ ਦਸਵੰਧ ਦੀ ਉਗਰਾਹੀ ਲਈ ਵੀ ਭੇਜਣਾ ਸ਼ੁਰੂ ਕੀਤਾ ਪਰ ਸੰਗਤਾਂ ਨੇ ਉਸ ਨੂੰ ਪ੍ਰਵਾਨ ਨਾ ਕੀਤਾ। ਮੂੰਹ ਦੀ ਖਾਹ ਕੇ ਉਹ ਬਾਦਸ਼ਾਹ ਔਰੰਗਜ਼ੇਬ ਕੋਲ ਜਾ ਕੇ ਫਰਿਆਦੀ ਹੋਇਆ। ਸ਼ਿਕਾਇਤ ਕੀਤੀ ਕਿ ਮੈਂ ਵੱਡਾ ਪੁੱਤਰ ਹਾਂ ਤੇ ਗੁਰਆਈ 'ਤੇ ਮੇਰਾ ਹੱਕ ਹੈ। ਬਾਦਸ਼ਾਹ ਔਰੰਗਜ਼ੇਬ ਨੇ ਪਹਿਲਾਂ ਤਾਂ ਇਸ ਸ਼ਿਕਾਇਤ ਨੂੰ ਸੰਜੀਦੀ ਨਾਲ ਨਾ ਲਿਆ। ਫਿਰ ਉਸ ਨੂੰ ਸੁੱਝੀ ਕਿ ਜੇ ਕਰ ਰਾਮਰਾਇ ਗੁਰੂ ਬਣ ਕੇ ਸਰਕਾਰੀ ਨੀਤੀ ਨਾਲ ਚੱਲੇਗਾ ਤਾਂ ਹਕੂਮਤ ਸਿੱਖਾਂ ਵੱਲੋਂ ਬੇਫਿਕਰ ਹੋ ਜਾਵੇਗੀ। ਇਸ ਲਈ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਤਲਬ ਕਰ ਲਿਆ ਪਰ ਗੁਰੂ ਹਰਿਰਾਇ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ 'ਨਹਿ ਮਲੇਸ਼ ਕੋ ਦਰਸ਼ਨ ਦੇਹ ਹੈ' ਕਹਿ ਕੇ ਔਰੰਗਜ਼ੇਬ ਦੇ ਮੱਥੇ ਲੱਗਣ ਤੋਂ ਵਰਜ ਦਿੱਤਾ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਪਿਤਾ ਦਾ ਹੁਕਮ ਮੰਨਦਿਆਂ ਸਿੱਖੀ ਦੀ ਅਣਖ ਅਤੇ ਸ਼ੋਭਾ ਨੂੰ ਉੱਚਾ ਰੱਖਣ ਲਈ ਦਰਬਾਰ ਵਿੱਚ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਆਪਣਾ ਪ੍ਰਚਾਰ ਜਾਰੀ ਰੱਖਿਆ।

ਬਾਦਸ਼ਾਹ ਔਰੰਗਜ਼ੇਬ ਨੇ ਰਾਜਾ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਕਿਸੇ ਵੀ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਪ੍ਰੇਰਿਤ ਕੀਤਾ ਜਾਵੇ। ਰਾਜਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਨੂੰ ਪੰਜਾਹ ਘੌੜ ਸਵਾਰ ਦੇ ਕੇ ਹਿਦਾਇਤ ਕੀਤੀ ਕਿ ਕੀਰਤਪੁਰ ਜਾ ਕੇ ਮੇਰੇ ਵੱਲੋਂ ਸਤਿਗੁਰੂ ਜੀ ਨੂੰ ਦਿੱਲੀ ਆਉਣ ਦੀ ਬੇਨਤੀ ਕਰਨੀ ਤੇ ਬੜੇ ਸਤਿਕਾਰ ਨਾਲ ਪਾਲਕੀ 'ਚ ਲੈ ਕੇ ਆਉਣਾ। ਜਦੋਂ ਸੰਗਤਾਂ ਨੂੰ ਪਤਾ ਲੱਗਾ ਤਾਂ ਤੌਖਲਾ ਹੋ ਹੋਇਆ।

ਸਤਿਗੁਰੂ ਜੀ ਦੇ ਤੁਰਨ ਵੇਲੇ ਸੰਗਤਾਂ ਦਾ ਭਾਰੀ ਇਕੱਠ ਹੋਇਆ ਅਤੇ ਗੁਰੂ ਜੀ ਅੱਗੇ ਰੋਸ ਰੱਖਿਆ। ਗੁਰੂ ਸਾਹਿਬ ਜੀ ਨੇ ਸਭ ਨੂੰ ਹੌਂਸਲਾ ਦਿੱਤਾ। ਸੈਂਕੜੇ ਸਿੱਖ ਨਾਲ ਚੱਲ ਪਏ। ਅੰਬਾਲੇ ਪਾਸਲੇ ਪੰਜਖਹੇ ਪਿੰਡ ਜ਼ਿਲ੍ਹਾ ਅੰਬਾਲਾ ਪਹੁੰਚ ਕੇ ਗੁਰੂ ਸਾਹਿਬ ਜੀ ਨੇ ਕੁਝ ਉੱਘੇ ਸਿੱਖਾਂ ਤੋਂ ਬਿਨਾਂ ਬਾਕੀ ਸਭ ਨੂੰ ਵਾਪਸ ਮੋੜ ਦਿੱਤਾ। ਉਥੇ ਇੱਕ ਹੰਕਾਰੀ ਬ੍ਰਾਹਮਣ ਲਾਲ ਚੰਦ ਮਿਲਿਆ ਅਤੇ ਕਹਿਣ ਲੱਗਾ ਕਿ ਤੁਸੀਂ ਆਪਣੇ ਆਪ ਨੂੰ ਹਰਿ ਕ੍ਰਿਸ਼ਨ ਅਖਵਾਉਂਦੇ ਹੋ। ਇਸ ਤਰ੍ਹਾਂ ਆਪ ਕ੍ਰਿਸ਼ਨ ਤੋਂ ਵੀ ਵੱਡੇ ਬਣਦੇ ਹੋ। ਸ੍ਰੀ ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਤੁਸੀਂ ਉਸ ਦੇ ਅਰਥ ਕਰਕੇ ਸੁਣਾਓ। ਨਾਲੇ ਸ਼ਾਸਤਰਾਂ ਦੇ ਅਰਥ ਕਰਨ ਲਈ ਮੇਰੇ ਨਾਲ ਮੁਕਾਬਲਾ ਕਰ ਲਓ।

ਬ੍ਰਹਮ ਗਿਆਨ ਦੇ ਪੁੰਜ ਤੇ ਸਰਬ ਕਲਾ ਸਮਰੱਥ ਗੁਰੂ ਸਾਹਿਬ ਜੀ ਨੇ ਕਿਹਾ " ਅਸੀਂ ਤਾਂ ਰੱਬ ਦੇ ਸੇਵਕ ਹਾਂ। ਵੱਡੇ ਬਣ ਬਣ ਬਹਿਣਾ ਅਸੀਂ ਨਹੀਂ ਜਾਣਦੇ ਪਰ ਸਾਡੇ ਨਾਲ ਸ਼ਾਸਤਰਾਰਥ ਤੁਸੀਂ ਫੇਰ ਕਰਿਓ। ਪਹਿਲਾਂ ਤੁਸੀਂ ਆਪਣੀ ਮਰਜ਼ੀ ਨਾਲ ਚੁਣੇ ਹੋਏ ਕਿਸੇ ਸਿੱਖ ਨਾਲ ਟਾਕਰਾ ਵਿਚਾਰ ਕਰ ਵੇਖੋ। ਜਾਓ ਪਿੰਡ ਵਿਚੋਂ ਕੋਈ ਸ਼ਰਧਾਲੂ ਲੈ ਆਵੋ, ਉਹ ਹੀ ਤੁਹਾਨੂੰ ਉਤਰ ਦੇ ਕੇ ਤੁਹਾਡੀ ਨਿਸ਼ਾ ਕਰੇਗਾ। ਪੰਡਤ ਛੱਜੂ ਰਾਮ ਸੇਵਕ ਜੋ ਲੰਗਰਾਂ ਵਿੱਚ ਪਾਣੀ ਦੀ ਸੇਵਾ ਕਰਦਾ ਸੀ, ਗੁਰਬਾਣੀ ਸਰਵਣ ਕਰਦਾ ਸੀ। ਜਿਸ ਨੇ ਪੰਡਤ ਦੇ ਸੁਆਲਾਂ ਦੇ ਉਤਰ ਦੇ ਦਿੱਤੇ ਪੰਡਤ ਦਾ ਹੰਕਾਰ ਟੁੱਟ ਗਿਆ ਉਹ ਗੁਰੂ ਸਾਹਿਬ ਜੀ ਦਾ ਸਿੱਖ ਬਣ ਗਿਆ। ਗੁਰਾਂ ਨੇ ਫੁਰਮਾਇਆ ਕਿ ਗੁਰੂ ਦੀ ਸਮਰੱਥਾ ਅਰਥ ਕਰਨਾ ਹੀ ਨਹੀਂ, ਸਗੋਂ ਜੀਵਨ ਨੂੰ ਸਾਂਵੀਂ ਪੱਧਰੀ ਰਾਹ 'ਤੇ ਤੋਰਨਾ ਹੈ। ਮਨੁੱਖ ਵਿਚੋਂ ਅਗਿਆਨਤਾ ਦਾ ਨਾਸ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ। ਉਸ ਨੂੰ ਗਿਆਨ ਪ੍ਰਾਪਤ ਕਰਨ ਦੀ ਖੁੱਲ ਹੈ ਤਾਂ ਜੋ ਧਾਰਮਿਕ , ਰਾਜਨੀਤਿਕ, ਵਿਦਿਅਕ ਤੇ ਵਿਵਹਾਰਿਕ ਸੋਝੀ ਨਾਲ ਆਪਣਾ ਜੀਵਨ ਸੰਵਾਰ ਸਕੇ।

ਸਫ਼ਰ ਕਰਦਿਆਂ ਗੁਰੂ ਸਾਹਿਬ ਦਿੱਲੀ ਜਾ ਪਹੁੰਚੇ। ਮਿਰਜ਼ਾ ਰਾਜਾ ਜੈ ਸਿੰਘ ਨੇ ਆਪ ਦਾ ਉਤਾਰਾ ਰਾਏ ਸੀਨਾ ਵਿੱਚ ਆਪਣੇ ਬੰਗਲੇ ਵਿੱਚ ਕਰਵਾਇਆ। ਉਥੇ ਗੁਰਦੁਆਰਾ ਬੰਗਲਾ ਸਾਹਿਬ ਹੈ। ਸੰਗਤਾਂ ਉਥੇ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜ਼ੇਬ ਨੇ ਵੀ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ ਪਰ ਗੁਰੂ ਸਾਹਿਬ ਜੀ ਨੇ ਇਨਕਾਰ ਕਰ ਦਿੱਤਾ। ਔਰੰਗਜ਼ੇਬ ਨੇ ਆਪਣੇ ਸਾਹਿਬਜ਼ਾਦਾ ਮਆਜ਼ਮ ਨੂੰ ਭੇਜਿਆ। ਉਹ ਗੁਰੂ ਸਾਹਿਬ ਜੀ ਦਾ ਆਤਮਿਕ ਉਪਦੇਸ਼ ਸੁਣ ਕੇ ਨਿਹਾਲ ਹੋ ਗਿਆ। ਗੁਰੂ ਸਾਹਿਬ ਨੇ ਰਾਮ ਰਾਇ ਦੇ ਗੁਰਗੱਦੀ ਦੇ ਦਾਅਵੇ ਬਾਰੇ ਸਪਸ਼ਟ ਕਰਨ ਲਈ ਔਰੰਗਜ਼ੇਬ ਨੂੰ ਸੁਨੇਹਾ ਭੇਜਿਆ ਕਿ ਗੁਰਗੱਦੀ ਵਿਰਾਸਤ ਜਾਂ ਜੱਦੀ ਮਲਕੀਅਤ ਨਹੀਂ ਹੈ। ਰਾਮ ਰਾਇ ਨੇ ਗੁਰਬਾਣੀ ਦੀ ਤੁਕ ਉਲਟਾਈ ਹੈ। ਪਿਤਾ ਨੇ ਗੁਰਗੱਦੀ ਤੋਂ ਵਾਂਝਾ ਕਰ ਦਿੱਤਾ। ਇਸ ਵਿੱਚ ਕੋਈ ਬੇਇਨਸਾਫ਼ੀ ਨਹੀਂ ਹੋਈ। ਬਾਦਸ਼ਾਹ ਔਰੰਗਜ਼ੇਬ ਨੇ ਰਾਮ ਰਾਇ ਦੇ ਗੁਰਗੱਦੀ ਦੇ ਦਾਅਵੇ ਨੂੰ ਖਾਰਜ ਕਰ ਦਿੱਤਾ। ਉਹ ਆਪਣੀ ਜਗੀਰ ਦੂਨ ਨੂੰ ਚਲਾ ਗਿਆ ਅਤੇ ਵੱਖਰੀ ਸੰਪ੍ਰਦਾ ਚਲਾਈ।

ਰਾਜਾ ਜੈ ਸਿੰਘ ਦੀ ਰਾਣੀ ਤੌਖਲਾ ਹੋਇਆ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ? ਜੇਕਰ ਸਮਰੱਥ ਗੁਰੂ ਹੈ ਤਾਂ ਮੈਨੂੰ ਹੀ ਢੂੰਡ ਦੇ ਦਸ ਦੇਵੇ ਕਿ ਸਵਾਗਤ ਕਰਨ ਵਾਲੀਆਂ ਵਿੱਚ ਮੈਂ ਕਿਥੇ ਹਾਂ? ਗੁਰੂ ਪਾਤਸ਼ਾਹ ਨੇ ਸਾਰੀਆਂ ਗੋਲੀਆਂ ਸਹੇਲੀਆਂ ਦੀ ਡੀਲ ਡੋਲ ਵੇਖ ਕੇ ਗੋਲੀ ਬਣੀ ਰਾਣੀ ਨੂੰ ਪਛਾਣ ਲਿਆ । ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤਿ ਨੂੰ ਸਰੀਰ ਪੱਖੋਂ ਜਾਂ ਉਮਰ ਪੱਖੋਂ ਵੇਖ ਕੇ ਪਰਖਿਆ ਨਹੀਂ ਜਾ ਸਕਦਾ।

ਸੰਨ 1663 ਦੇ ਦੌਰਾਨ ਜਦੋਂ ਗੁਰੂ ਜੀ ਦਿੱਲੀ ਵਿਚ ਸਨ ਤਾਂ ਹੈਜਾ ਚੇਚਕ ਦੀ ਮਹਾਂਮਾਰੀ ਫੈਲ ਗਈ। ਗੁਰਦੇਵ ਆਪ ਲੋਕਾਂ ਦੇ ਘਰ ਘਰ ਜਾ ਕੇ ਸੇਵਾ ਕਰਨ ਲੱਗੇ। ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਕੰਮ ਲਈ ਗੁਰੂ ਜੀ ਨਾਲ ਆਣ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿੱਚ ਆਪਣੀ ਬਾਲ ਉਮਰ ਦੀ ਪ੍ਰਵਾਹ ਵੀ ਨਹੀਂ ਕੀਤੀ। ਆਖਿਰ ਗੁਰੂ ਜੀ ਵੀ ਇਸ ਮਹਾਂਮਾਰੀ ਦਾ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿੱਚ ਘਬਰਾਹਟ ਹੋ ਗਈ ਪਰ ਪਾਤਸ਼ਾਹ ਨੇ ਇਸ ਨੂੰ ਰੱਬੀ ਰਮਜ਼ ਦੱਸਿਆ । ਸੰਗਤਾਂ ਨੂੰ ਧੀਰਜ ਵਿੱਚ ਰਹਿਣ ਲਈ ਕਿਹਾ। ਆਪਣਾ ਸੱਚਖੰਡ ਜਾਣ ਦਾ ਸਮਾਂ ਵੇਖ ਕੇ ਹੁਕਮ ਸੁਣਾਇਆ ਕਿ ਅਗਲਾ ਗੁਰੂ ਬਾਬਾ ਬਕਾਲੇ ਭਾਵ ਸੀ ਕਿ ਗੁਰੂ ਬਾਬਾ ਬਕਾਲਾ ਰਹਿੰਦਾ ਹੈ। ਆਪ ਜੀ 3 ਵਿਸਾਖ ਸੰਮਤ 1721 ਮੁਤਾਬਿਕ 30 ਮਾਰਚ 1664 ਨੂੰ ਜੋਤੀ ਜੋਤ ਸਮਾ ਗਏ। ਯਮੁਨਾ ਨਦੀ ਦੇ ਕੰਢੇ ਭੋਗਲ ਪਿੰਡ ਦੇ ਨੇੜੇ ਆਪ ਜੀ ਦੀਆਂ ਅੰਤਿਮ ਰਸਮਾਂ ਹੋਈਆਂ। ਉਸ ਜਗ੍ਹਾ ਬਾਲਾ ਸਾਹਿਬ ਗੁਰਦੁਆਰਾ ਹੈ। ਜੋਤੀ ਜੋਤਿ ਸਮਾਉਣ ਵੇਲੇ ਆਪ ਜੀ ਦੀ ਉਮਰ ਪੌਣੇ 8 ਸਾਲ ਸੀ। ਆਪ ਜੀ ਦਾ ਗੁਰਆਈ ਸਮਾਂ ਢਾਈ ਕੁ ਸਾਲ ਰਿਹਾ।

ਅੰਤਿਕਾ : ਵਰਣਨਯੋਗ ਹੈ ਕਿ ਆਪ ਬਾਲ ਉਮਰੇ ਵੀ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾਅ ਕੇ ਦਰਸਾ ਦਿੱਤਾ ਕਿ ਗੁਰੂ ਸਰੀਰ ਨਹੀਂ ਜੋਤਿ ਹੈ। ਸਪਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ ਗੁਰੂ ਜੋਤਿ ਨਾਲ ਉਮਰ ਦਾ ਕੋਈ ਸਬੰਧ ਨਹੀਂ। ਢਾਈ ਸਾਲ ਦੀ ਗੁਰਤਾ ਵਿੱਚ ਗੁਰਦੇਵ ਨੇ ਬੜੀ ਸਿਆਣਪ , ਦ੍ਰਿੜ੍ਹਤਾ ਅਤ ਨਿਰਭੈਤਾ ਨਾਲ ਜਿੰਮੇਵਾਰੀ ਨਿਭਾਈ। ਉਹਨਾਂ ਨੇ ਧਰਮ ਪ੍ਰਚਾਰ ਵੀ ਪਹਿਲਾਂ ਦੀ ਤਰਾਂ ਜਾਰੀ ਰੱਖਿਆ। ਉਹਨਾਂ ਦੇ ਹੋਰ ਪਰ ਉਪਕਾਰਾਂ ਵਿੱਚ ਜਦ ਭਾਈ ਕਲਿਆਣ ਦੀ ਧਰਮਸ਼ਾਲਾ ਮਹੱਲਾ ਦਿਲਵਾਲੀ ਸਿੰਘਾਂ ਦਿੱਲੀ ਵਿਖੇ ਡੇਰੇ ਲਾਏ ਤਾਂ ਉਥੇ ਲੋਕ ਬੜੇ ਗਰੀਬ ਸਨ। ਪੀਣ ਲਈ ਸਾਫ਼ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿੱਚ ਘਿਰੇ ਹੋਏ ਸਨ। ਬੜਾ ਹੀ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ । ਥਾਂ ਥਾਂ ਸਾਫ਼ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫ਼ਕੀਰ ਵੀ ਗੁਰਾਂ ਦੇ ਉਪਾਸਕ ਬਣ ਗਏ। ਗੁਰੂ ਜੀ ਸੱਚੀ ਸੁੱਚੀ ਕ੍ਰਿਤ ਕਰਦਿਆਂ ਰੱਬ ਦੀ ਰਜ਼ਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। ਸਿੱਖ ਗੁਰੂਆਂ ਨੇ ਬੇਗਰਜ਼ ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ।






# ਬੱਚਿਆਂ ਨੂੰ ਬਚਪਨ 'ਚ ਹੀ ਸਿਖਾਓ ਅਨੁਸ਼ਾਸਨ

**ਸੁਖਮੰਦਰ ਸਿੰਘ ਤੂਰ**


ਜਦੋਂ ਬੱਚਾ ਛੋਟਾ ਹੁੰਦਾ ਹੈ ਤਾਂ ਉਸ ਨੂੰ ਸੌਣਾ ਤੇ ਜਾਗਣਾ ਪੈਂਦਾ ਹੈ ਕਿਉਂਕਿ ਇਹ ਉਸ ਦੀ ਜ਼ਰੂਰਤ ਹੁੰਦੀ ਹੈ। ਜਿਉਂ-ਜਿਉਂ ਉਹ ਵੱਡਾ ਹੋਣ ਲੱਗਦਾ ਹੈ, ਉਹ ਆਪਣੇ ਮਾਂ-ਪਿਓ ਤੇ ਦੂਜੇ ਸਕੇ-ਸਬੰਧੀਆਂ ਦੇ ਵਿਹਾਰ ਨੂੰ ਮਨ ਹੀ ਮਨ ਨਾਪਣ-ਤੋਲਣ ਲੱਗਦਾ ਹੈ। ਉਸ ਨੂੰ ਇਹ ਅਹਿਸਾਸ ਹੋਣ ਲੱਗ ਪੈਂਦਾ ਹੈ ਕਿ ਪਰਿਵਾਰ 'ਚ ਉਸ ਦੀ ਕੋਈ ਥਾਂ ਹੈ ਜਾਂ ਉਸ ਦੀਆਂ ਲੋੜਾਂ ਨੂੰ ਕਿਸ ਤਰ੍ਹਾਂ ਪੂਰਾ ਕੀਤਾ ਜਾਵੇਗਾ? ਦੂਸਰੇ ਪਾਸੇ ਜ਼ਰਾ ਜਿਹਾ ਬੱਚਾ ਰੋਇਆ ਨਹੀਂ ਕਿ ਮਾਂ-ਬਾਪ ਪਿਘਲ ਜਾਂਦੇ ਹਨ ਤੇ ਉਸ ਦੀਆਂ ਜਾਇਜ਼ -ਨਜਾਇਜ਼ ਸਾਰੀਆਂ ਮੰਗਾਂ ਪੂਰੀਆਂ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਇਹ ਕਹਿ ਕੇ ਛੱਡ ਦਿੱਤਾ ਜਾਂਦਾ ਹੈ ਕਿ ਚਲੋ ਵੱਡਾ ਹੋ ਕੇ ਸਭ ਸਮਝ ਜਾਵੇਗਾ ਪਰ ਇਹ ਸੋਚਣਾ ਸਹੀ ਨਹੀਂ ਹੈ। ਹੱਦਾਂ ਅੰਦਰ ਰਹਿ ਕੇ ਹੀ ਬੱਚੇ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਬੱਚਾ ਛੋਟਾ ਹੁੰਦਾ ਹੈ ਤਾਂ ਉਹ ਵੀ ਉਸ ਸਮੇਂ ਪ੍ਰੇਸ਼ਾਨੀਆਂ 'ਚ ਘਿਰਿਆ ਹੁੰਦਾ ਹੈ ਪਰ ਅਸੀਂ ਬੱਚੇ ਨੂੰ ਹਰ ਕੀਮਤ 'ਤੇ ਸਫਲਤਾ ਬੁੱਕ ਵਿੱਚ ਪਾ ਕੇ ਦਿੰਦੇ ਹਾਂ। ਕਦੇ ਧਨ/ਦੌਲਤ ਨਾਲ, ਕਦੇ ਸਿਫਾਰਸ਼ ਨਾਲ, ਯਾਨੀ ਬੱਚੇ ਨੂੰ ਨਿਰਾਸ਼ ਨਹੀਂ ਹੋਣ ਦਿੰਦੇ। ਨਿੱਕੇ ਹੁੰਦੇ ਤੋਂ ਹੀ ਅਸੀਂ ਬੱਚੇ ਦਾ ਕੁਮਲਾਇਆ ਹੋਇਆ ਚਿਹਰਾ ਵੇਖ ਕੇ ਸਭ ਕੁਝ ਕਰਨ ਲਈ ਤਿਆਰ ਹੋ ਜਾਂਦੇ ਹਾਂ ਪਰ ਜਦੋਂ ਉਹ ਵੱਡਾ ਹੁੰਦਾ ਹੈ ਤਾਂ ਉਸ ਦੇ ਸਨਮੁੱਖ ਜੋ ਦਿੱਕਤਾਂ ਆਉਂਦੀਆਂ ਹਨ, ਉਨ੍ਹਾਂ ਨੂੰ ਦੂਰ ਕਰਨਾ ਸਾਡੇ ਵੱਸ ਤੋਂ ਬਾਹਰ ਦੀ ਗੱਲ ਹੋ ਜਾਂਦੀ ਹੈ। ਜ਼ਿੰਦਗੀ ਕੋਈ ਫੁੱਲਾਂ ਦੀ ਸੇਜ ਤਾਂ ਨਹੀਂ ਹੈ, ਆਪਣੇ ਹਿੱਸੇ ਦੀ ਪੀੜ ਤਾਂ ਸਭ ਨੂੰ ਸਹਾਰਨੀ ਪਵੇਗੀ, ਇਸ ਕਰਕੇ ਅਨੁਸ਼ਾਸਨ ਤਾਂ ਬੱਚੇ ਦਾ ਪਹਿਲਾ ਪਾਠ ਹੈ। ਇਹੀ ਸਬਕ ਉਸ ਨੂੰ ਅੱਗੇ ਜਾ ਕੇ ਦੇਸ਼ ਤੇ ਸਮਾਜ ਵਿੱਚ ਅਨੁਸ਼ਾਸਨ ਪਾਲਣ ਦਾ ਰਾਹ ਵਿਖਾਏਗਾ।

ਕਈ ਵਾਰੀ ਮਾਂ-ਪਿਓ ਅਣਬੁੱਝੇ ਹੀ ਅਜਿਹਾ ਵਿਹਾਰ ਕਰ ਬੈਠਦੇ ਹਨ ਕਿ ਬੱਚਿਆਂ ਦੇ ਕੱਚੇ-ਪੱਕੇ ਮਨ 'ਤੇ ਮਾੜਾ ਅਸਰ ਪੈਂਦਾ ਹੈ, ਜਿਸ ਨਾਲ ਬੱਚੇ ਆਪਣੇ ਆਪ ਨੂੰ ਨਲਾਇਕ ਸਮਝਣ ਲੱਗਦੇ ਹਨ। ਮਾਂ-ਪਿਓ ਇਸ ਗੱਲ ਨੂੰ ਹਮੇਸ਼ਾ ਧਿਆਨ ਵਿੱਚ ਰੱਖਣ ਕਿ ਉਨ੍ਹਾਂ ਦਾ ਵਿਹਾਰ ਬੱਚਿਆਂ ਲਈ ਇਸ ਤਰ੍ਹਾਂ ਦਾ ਹੋਵੇ ਕਿ ਬੱਚੇ ਦੇ ਮਨ ਵਿੱਚ ਇਸ ਤਰ੍ਹਾਂ ਦੀ ਧਾਰਨਾ ਜਨਮ ਹੀ ਨਾ ਲਵੇ।

ਅੱਜ-ਕੱਲ੍ਹ ਦੇ ਇਕਹਿਰੇ ਪਰਿਵਾਰਾਂ 'ਚ ਪਤੀ-ਪਤਨੀ ਦੋਵੇਂ ਹੀ ਨੌਕਰੀ ਜਾਂ ਬਿਜ਼ਨੈੱਸ ਦੇ ਸਿਲਸਲੇ ਵਿੱਚ ਸਾਰਾ-ਸਾਰਾ ਦਿਨ ਘਰ ਤੋਂ ਬਾਹਰ ਰਹਿੰਦੇ ਹਨ ਤੇ ਫਿਰ ਉਨ੍ਹਾਂ ਦੇ ਬੱਚੇ ਨੌਕਰਾਂ ਆਦਿ ਦੇ ਆਸਰੇ ਪਲਦੇ ਹਨ ਤੇ ਨੌਕਰਾਂ ਕੋਲ ਪਲੇ ਬੱਚੇ ਦੇ ਸੰਸਕਾਰ ਕੀ ਹੋਣਗੇ? ਇਹ ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ। ਇਸ ਲਈ ਨੌਕਰੀਪੇਸ਼ਾ ਮਾਂ-ਪਿਓ ਨੂੰ ਸਮੇਂ-ਸਮੇਂ ਆਪਣੇ ਬੱਚਿਆਂ ਵੱਲ ਉਚੇਚਾ ਧਿਆਨ ਦਿੰਦੇ ਰਹਿਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਬੱਚੇ ਕਿੰਨੇ ਕੁ ਅਨੁਸ਼ਾਸਨ ਦੇ ਪਾਬੰਦ ਹਨ। ਉਨ੍ਹਾਂ ਆਸਰੇ ਪਲੇ ਬੱਚੇ ਅਨੁਸ਼ਾਸਨਹੀਣ ਹੋ ਜਾਂਦੇ ਹਨ, ਜੋ ਬਾਅਦ ਵਿੱਚ ਪਰਿਵਾਰ ਅਤੇ ਸਮਾਜ ਲਈ ਖ਼ਤਰਾ ਬਣਦੇ ਹਨ।

ਬੱਚਿਆਂ 'ਚ ਅਨੁਸ਼ਾਸਨਹੀਣਤਾ ਦਾ ਮੁੱਖ ਕਾਰਨ ਅੱਜ ਦੀ ਸਿੱਖਿਆ ਪ੍ਰਣਾਲੀ ਵੀ ਹੈ, ਜਿਸ ਵਿੱਚ ਅਧਿਆਤਮਿਕਤਾ ਤੇ ਐਥਿਕਸ ਲਈ ਕੋਈ ਥਾਂ ਨਹੀਂ ਹੈ। ਅਧਿਆਪਕ ਤੇ ਵਿਦਿਆਰਥੀਆਂ ਦੇ ਸਬੰਧ ਵੀ ਹੁਣ ਪਹਿਲਾਂ ਵਰਗੇ ਨਹੀਂ ਰਹੇ। ਅੱਜ ਸਕੂਲਾਂ 'ਚ ਸਹੀ ਤੇ ਸਖ਼ਤ ਪ੍ਰਬੰਧ ਨਾ ਹੋ ਸਕਣਾ ਵੀ ਬੱਚਿਆਂ ਨੂੰ ਅਨੁਸ਼ਾਸਨ ਤੋਂ ਵੰਚਿਤ ਰੱਖਦਾ ਹੈ। ਇੱਕ-ਇੱਕ ਜਮਾਤ 'ਚ 60-60/70-70 ਬੱਚੇ ਹੁੰਦੇ ਹਨ। ਇਸ ਤਰ੍ਹਾਂ ਅਧਿਆਪਕ ਕਿਸ - ਕਿਸ 'ਤੇ ਨਜ਼ਰ ਰੱਖੇ। ਇਸ ਤਰ੍ਹਾਂ ਨਾ ਤਾਂ ਵਿਦਿਆਰਥੀ ਪੜ੍ਹ ਸਕਦਾ ਹੈ ਅਤੇ ਨਾ ਹੀ ਅਧਿਆਪਕ ਚੰਗੀ ਤਰ੍ਹਾਂ ਪੜ੍ਹਾ ਸਕਦਾ ਹੈ। ਇਸ ਕਰਕੇ ਵਿਦਿਆਰਥੀ ਅਧਿਆਪਕ ਤੋਂ ਕੱਟਿਆ ਜਿਹਾ ਰਹਿੰਦਾ ਹੈ, ਫਿਰ ਵੱਡੀਆਂ-ਵੱਡੀਆਂ ਫ਼ੀਸਾਂ ਆਦਿ ਦੇ ਕੇ ਵੀ ਜਦੋਂ ਸਹੂਲਤਾਂ ਨਹੀਂ ਮਿਲਦੀਆਂ ਤਾਂ ਉਹ ਵਿਰੋਧ ਕਰਦਾ ਹੈ। ਇਹੀ ਅਨੁਸ਼ਾਸਨ ਨੂੰ ਭੰਗ ਕਰਨਾ ਹੈ। ਕਲਾਸ ਰੂਮ 'ਚ ਖਾਣਾ, ਕਾਰਟੂਨ ਬਣਾਉਣਾ, ਚਿੱਟ 'ਤੇ ਲਿਖ ਕੇ ਇਕ-ਦੂਜੇ ਵੱਲ ਸੁੱਟਣਾ ਵੇਖਣ 'ਚ ਇਹ ਭਾਵੇਂ ਗੱਲਾਂ ਛੋਟੀਆਂ ਲੱਗਣ ਪਰ ਇਹ ਅਨੁਸ਼ਾਸਨ ਤੋੜਨ ਦੀ ਪਹਿਲੀ ਪੌੜੀ ਹੁੰਦੀਆਂ ਹਨ। ਇਹ ਸ਼ਰਾਰਤਾਂ ਬੱਚੇ ਅਕਸਰ ਕਰਦੇ ਰਹਿੰਦੇ ਹਨ, ਜੋ ਪੜ੍ਹਾਈ ਤੋਂ ਮਨ ਨੂੰ ਹਟਾਉਂਦੀਆਂ ਹਨ।



ਘਰ ਵਿੱਚ ਵੀ ਬੱਚੇ ਅਨੁਸ਼ਾਸਨ ਵਿਚ ਬੱਝੇ ਜ਼ਰੂਰ ਹੋਣੇ ਚਾਹੀਦੇ ਹਨ। ਇਹ ਨਹੀਂ ਕਿ ਬਾਹਰੋਂ ਆਏ ਮਹਿਮਾਨਾਂ ਦੀ ਹਜ਼ੂਰੀ ਵਿਚ ਸ਼ਰਾਰਤਾਂ ਹੀ ਕਰਦੇ ਰਹਿਣ, ਉੱਚੀ ਆਵਾਜ਼ ਵਿੱਚ ਬੋਲਣ, ਜ਼ਿੱਦ ਕਰਨ। ਕਈ ਬੱਚੇ ਤਾਂ ਸੋਫਿਆਂ 'ਤੇ ਚੜ੍ਹ ਕੇ ਟੱਪਦੇ, ਚੀਜ਼ਾਂ ਦੀ ਤੋੜ-ਭੰਨ ਕਰ ਦਿੰਦੇ ਹਨ, ਜੋ ਵੇਖਣ ਵਾਲੇ ਨੂੰ ਬੁਰਾ ਲੱਗਦਾ ਹੈ ਤੇ ਇਹ ਤਮੀਜ਼ ਵੀ ਨਹੀਂ ਹੈ। ਸਕੂਲੋਂ ਘਰ ਆਏ ਵੀ ਬੱਚੇ ਬਸਤਾ ਕਿਤੇ ਸੁੱਟ, ਜੁਰਾਬਾਂ ਕਿਤੇ, ਬੂਟ ਕਿਤੇ। ਇਹ ਆਦਤਾਂ ਚੰਗੀਆਂ ਨਹੀਂ ਹਨ। ਟਿਕਾਣੇ 'ਤੇ ਚੀਜ਼ ਰੱਖਣਾ, ਘੱਟ ਬੋਲਣਾ, ਆਏ-ਗਏ ਦੀ ਇੱਜ਼ਤ ਰੱਖਣਾ, ਉੱਠਣ-ਬੈਠਣ ਦਾ ਢੰਗ ਅਤੇ ਖਾਣ-ਪੀਣ ਦਾ ਤਰੀਕਾ ਇਹ ਸਭ ਕੁਝ ਬੱਚੇ ਨੂੰ ਆਉਣਾ ਚਾਹੀਦਾ ਹੈ। ਜ਼ਿੰਦਗੀ 'ਚ ਕਦਮ-ਕਦਮ 'ਤੇ ਚੁਣੌਤੀਆਂ ਆਉਂਦੀਆਂ ਹਨ, ਕਾਮਯਾਬੀ-ਨਾਕਾਮਯਾਬੀ ਦੇ ਦੌਰ ਆਸ-ਬੇਆਸ ਦੇ ਰਸਤੇ ਤੁਰਦੀ ਜ਼ਿੰਦਗੀ ਅਗਾਂਹ ਵੱਧਦੀ ਹੈ। ਸਾਨੂੰ ਬੱਚਿਆਂ 'ਚ ਇਹ ਸਮਰੱਥਾ ਪੈਦਾ ਕਰਨੀ ਹੋਵੇਗੀ ਕਿ ਉਹ ਇਨ੍ਹਾਂ ਹਾਲਤਾਂ ਨਾਲ ਜੂਝ ਸਕਣ। ਇਸ ਤਰ੍ਹਾਂ ਨਾ ਹੋਵੇ ਕਿ ਉਲਟ ਹਾਲਤ ਵਿੱਚ ਉਨ੍ਹਾਂ ਦੀ ਜ਼ਿੰਦਗੀ ਤਾਰ-ਤਾਰ ਹੋ ਕੇ ਬਿਖਰ ਜਾਵੇ।

# ਸਿੱਖਣ ਪ੍ਰਕਿਰਿਆ, ਨਿੱਜੀ ਵਿਕਾਸ ਤੇ ਭਵਿੱਖ ਦੇ ਮੌਕਿਆਂ 'ਤੇ ਸਿੱਧਾ ਅਸਰ ਪਾਉਂਦੀ ਹੈ ਸਕੂਲ 'ਚ ਲਗਾਤਾਰ ਹਾਜ਼ਰੀ

**ਹਰਪਿੰਦਰ ਰਾਣਾ**



ਸਫਲਤਾ ਦਾ ਰਾਹ ਨਿਯਮਿਤ ਹਾਜ਼ਰੀ ਤੇ ਸਮਰਪਣ ਨਾਲ ਤਿਆਰ ਕੀਤਾ ਜਾਂਦਾ ਹੈ। ਸਕੂਲ 'ਚ ਮੌਜੂਦਗੀ ਭਾਵ ਲਗਾਤਾਰ ਹਾਜ਼ਰੀ ਵਿਦਿਆਰਥੀ ਦੀ ਸਿੱਖਣ ਪ੍ਰਕਿਰਿਆ, ਨਿੱਜੀ ਵਿਕਾਸ ਤੇ ਭਵਿੱਖ ਦੇ ਮੌਕਿਆਂ 'ਤੇ ਸਿੱਧਾ ਅਸਰ ਪਾਉਂਦੀ ਹੈ। ਨਿਯਮਿਤ ਹਾਜ਼ਰੀ ਦਾ ਹੋਣਾ ਵਿਦਿਆਰਥੀ ਦੀ ਸਿੱਖਣ ਪ੍ਰਤੀ ਸਮਰਪਣ ਭਾਵਨਾ 'ਤੇ ਨਿਰਭਰ ਕਰਦਾ ਹੈ। ਸੋ ਵਿਦਿਆਰਥੀ ਨੂੰ ਸਿੱਖਣ ਪ੍ਰਤੀ ਤੇ ਸਕੂਲ ਵਿੱਚ ਲਗਾਤਾਰ ਹਾਜ਼ਰੀ ਯਕੀਨੀ ਬਣਾਉਣ ਨੂੰ ਸਮਰਪਿਤ ਹੋਣ ਲਈ ਪ੍ਰੇਰਿਤ ਕਰਨਾ ਜ਼ਰੂਰੀ ਹੈ। ਨਿਯਮਿਤ ਹਾਜ਼ਰੀ ਵਿਦਿਆਰਥੀ ਨੂੰ ਸਬੰਧਿਤ ਪਾਠਕ੍ਰਮ ਅਤੇ ਅਸਾਈਨਮੈਂਟ ਪ੍ਰਤੀ ਜਾਗਰੂਕ ਕਰਦੀ ਹੈ। ਸਬੰਧਿਤ ਪਾਠਕ੍ਰਮ ਨੂੰ ਸਮਝਣ ਵਿੱਚ ਆਈਆਂ ਮੁਸ਼ਕਿਲਾਂ ਮੌਜੂਦ ਅਧਿਆਪਕ ਵੱਲੋਂ ਮੌਕੇ 'ਤੇ ਦੂਰ ਕੀਤੀਆਂ ਜਾਂਦੀਆਂ ਹਨ ਅਤੇ ਵਿਦਿਆਰਥੀ ਨੂੰ ਹਰ ਸੰਭਵ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਨਾਲ ਵਿਦਿਆਰਥੀ ਅਕਾਦਮਿਕ ਪ੍ਰਾਪਤੀ ਕਰਦਾ ਹੈ। ਉਸ ਦਾ ਵਿਸ਼ੇ ਪ੍ਰਤੀ ਗਿਆਨ ਵੀ ਵਿਸ਼ਾਲ ਹੁੰਦਾ ਹੈ ਅਤੇ ਉਹ ਪ੍ਰੀਖਿਆ ਵਿੱਚ ਨਾ ਸਿਰਫ਼ ਚੰਗੇ ਅੰਕ ਹੀ ਪ੍ਰਾਪਤ ਕਰਦਾ ਹੈ ਸਗੋਂ ਸਬੰਧਿਤ ਪਾਠਕ੍ਰਮ ਕਿਰਿਆਵਾਂ ਨੂੰ ਹੱਥੀਂ ਕਰਦਾ ਹੋਇਆ ਆਪਣਾ ਅਰਜਿਤ ਕੀਤਾ ਹੋਇਆ ਗਿਆਨ ਸਦੀਵੀ ਵੀ ਬਣਾਉਂਦਾ ਹੈ।

ਲਗਾਤਾਰ ਹਾਜ਼ਰੀ ਵਿਦਿਆਰਥੀ ਵਿੱਚ ਕੋਮਲ ਹੁਨਰ, ਜਿਵੇਂ ਆਪਸੀ ਗੱਲਬਾਤ ਦਾ ਸੰਚਾਰ, ਸਮਾਂ ਪ੍ਰਬੰਧਨ ਭਾਵ ਸਮੇਂ ਦੀ ਸਹੀ ਅਤੇ ਸੁਚੱਜੀ ਵਰਤੋਂ ਅਤੇ ਸਮੱਸਿਆ ਦਾ ਹੱਲ ਯਾਨੀ ਛੋਟੀਆਂ-ਮੋਟੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਵਲ ਸਿਖਾਉਂਦੀਹੈ। ਇਹ ਸਭ ਹੁਨਰ ਅੱਗੇ ਜਾ ਕੇ ਵਿਦਿਆਰਥੀ ਦੀ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਸਕੂਲ ਵਿੱਚ ਮੌਜੂਦ ਹੋਣਾ ਅਨੁਸ਼ਾਸਨ, ਸਮੇਂ ਦੀ ਪਾਬੰਦਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦਾ ਹੈ। ਸਵੇਰ ਦੀ ਸਭਾ ਤੋਂ ਹੀ ਅਨੁਸ਼ਾਸਨ ਅਤੇ ਸਮੇਂ ਦੀ ਪਾਬੰਦੀ ਅਨੁਸਾਰ ਪੀਰੀਅਡ ਲਗਾਉਣ ਦਾ ਲਗਾਤਾਰ ਅਭਿਆਸ ਵਿਦਿਆਰਥੀ ਨੂੰ ਜ਼ਿੰਮੇਵਾਰ ਬਣਾਉਂਦਾ ਹੈ। ਸਕੂਲ ਵਿੱਚ ਵਿਦਿਆਰਥੀਆਂ ਦਾ ਸਭ ਕੁਝ ਯਾਨੀ ਵਰਦੀ, ਕੰਮ ਅਤੇ ਪਾਠਕ੍ਰਮ ਦੀ ਇਕਸਾਰਤਾ ਆਪ-ਮੁਹਾਰੇ ਹੀ ਉਸ ਅੰਦਰ ਉਹ ਸਾਰੇ ਗੁਣ ਪੈਦਾ ਕਰ ਦਿੰਦੀ ਹੈ, ਜੋ ਜੀਵਨ ਦੀ ਸਫਲਤਾ ਲਈ ਬੇਹੱਦ ਜ਼ਰੂਰੀ ਹੁੰਦੇ ਹਨ।

ਸਕੂਲ ਵਿੱਚ ਹੀ ਵਿਦਿਆਰਥੀ ਹਾਣੀਆਂ ਨਾਲ ਗੱਲਬਾਤ ਕਰਨ, ਦੋਸਤ ਬਣਾਉਣ ਅਤੇ ਟੀਮ ਵਰਕ ਆਦਿ ਸਿੱਖਦਾ ਹੈ। ਉਹ ਆਪਸੀ ਟਕਰਾਅ ਦੇ ਹੱਲ ਵਰਗੇ ਸਮਾਜਿਕ ਗੁਣ ਵੀ ਸਿੱਖਦਾ ਹੈ। ਉਹ ਪ੍ਰਤੀਬੰਧ ਰਹਿਣਾ ਸਿੱਖਦਾ ਹੈ ਅਤੇ ਖ਼ੁਦ ਨੂੰ ਮਾਹੌਲ ਅਨੁਸਾਰ ਢਾਲਣਾ ਵੀ ਸਿੱਖਦਾ ਹੈ।

ਸਕੂਲ ਵਿਦਿਆਰਥੀ ਲਈ ਉਹ ਸਹਾਇਕ ਢਾਂਚਾ ਪੇਸ਼ ਕਰਦਾ ਹੈ, ਜਿੱਥੇ ਉਹ ਚੁਣੌਤੀਆਂ ਦਾ ਸਾਹਮਣਾ ਕਰਦਾ ਹੋਇਆ ਭਾਵਨਾਤਮਿਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਬਣਦਾ ਹੈ। ਇੱਥੇ ਉਹ ਆਪਣੇ ਅਧਿਆਪਕਾਂ ਤੋਂ ਸਲਾਹਾ ਤੇ ਮਦਦ ਲੈ ਕੇ ਖ਼ੁਦ ਨੂੰ ਮਜ਼ਬੂਤ ਬਣਾ ਸਕਦਾ ਹੈ ਅਤੇ ਅਧਿਆਪਕਾਂ ਦੀ ਪੂਰੀ ਕੋਸ਼ਿਸ਼ ਅਤੇ ਮਿਹਨਤ ਇਸ ਗੱਲ 'ਤੇ ਲੱਗਦੀ ਹੈ ਕਿ ਉਹ ਵਿਦਿਆਰਥੀ ਨੂੰ ਹਰ ਮਾਨਸਿਕ ਗੁੰਝਲ 'ਚੋਂ ਕੱਢ ਕੇ ਉਸ ਨੂੰ ਸਮਰੱਥ ਬਣਾਉਣ। (ਬਾਕੀ ਸਫ਼ਾ 27 'ਤੇ)

# ਬੱਚਿਆਂ ਲਈ ਹਊਆ ਨਾ ਬਣਨ ਦਿਓ ਪ੍ਰੀਖਿਆਵਾਂ ਨੂੰ

**ਹਰਜਸਪ੍ਰੀਤ ਕੌਰ**

ਬੱਚੇ ਹਰ ਘਰ ਦੀ ਰੌਣਕ ਹੁੰਦੇ ਹਨ। ਉਨ੍ਹਾਂ ਦੀ ਮੁਸਕਰਾਟ ਤੇ ਖੇਡਾਂ ਮਾਪਿਆਂ ਲਈ ਜੀਵਨ ਦੀ ਸਭ ਤੋਂ ਵੱਡੀ ਦੌਲਤ ਹੁੰਦੀਆਂ ਹਨ ਪਰ ਜਦੋਂ ਇਮਤਿਹਾਨਾਂ ਦਾ ਮੌਸਮ ਆਉਂਦਾ ਹੈ ਤਾਂ ਇਹ ਖ਼ੁਸ਼ੀਆਂ ਡਰ 'ਚ ਤਬਦੀਲ ਹੋ ਜਾਂਦੀਆਂ ਹਨ। ਇਮਤਿਹਾਨ ਦਾ ਨਾਂ ਸੁਣਦਿਆਂ ਹੀ ਬੱਚਿਆਂ ਦੇ ਮਨ 'ਚ ਅਜਿਹਾ ਦਬਾਅ ਬਣ ਜਾਂਦਾ ਹੈ ਕਿ ਪੜ੍ਹਾਈ ਤੋਂ ਰੁਚੀ ਘਟਣ ਲੱਗਦੀ ਹੈ। ਜਿਹੜਾ ਕੰਮ ਡਰ ਨਾਲ ਕੀਤਾ ਜਾਵੇ, ਉਹ ਨਾ ਦਿਲੋਂ ਕੀਤਾ ਜਾਂਦਾ ਹੈ ਤੇ ਨਾ ਹੀ ਉਸ ਦਾ ਕੋਈ ਲੰਬੇ ਸਮੇਂ ਤਕ ਲਾਭ ਮਿਲਦਾ ਹੈ।

ਪ੍ਰੀਖਿਆਵਾਂ ਨੂੰ ਬੱਚਿਆਂ ਦੀ ਯੋਗਤਾ ਮਾਪਣ ਦਾ ਇੱਕ ਸਾਧਨ ਮੰਨਿਆ ਜਾਂਦਾ ਹੈ ਪਰ ਇਹ ਸੋਚ ਗ਼ਲਤ ਹੈ। ਅਸਲ ਵਿੱਚ ਇਮਤਿਹਾਨ ਸਿਰਫ਼ ਇਹ ਵੇਖਣ ਲਈ ਹੁੰਦੇ ਹਨ ਕਿ ਨਿਰਧਾਰਿਤ ਸਮੇਂ 'ਚ ਬੱਚੇ ਨੇ ਕੀ ਸਿੱਖਿਆ ਹੈ ਪਰ ਸਮਾਜ ਨੇ ਇਸ ਨੂੰ ਜੀਵਨ ਦੀ ਅੰਤਿਮ ਕਸੌਟੀ ਬਣਾਇਆ ਹੋਇਆ ਹੈ। ਚੰਗੇ ਅੰਕਾਂ ਨੂੰ ਭਵਿੱਖ ਦੀ ਸਫਲਤਾ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਇਸ ਦਬਾਅ ਕਾਰਨ ਬੱਚਿਆਂ ਦੀ ਮਾਨਸਿਕ ਸਿਹਤ ਪ੍ਰਭਾਵਿਤ ਹੁੰਦੀ ਹੈ।

ਅਸਲ ਸੱਚ ਇਹ ਹੈ ਕਿ ਅੱਜ ਦੇ ਯੁੱਗ 'ਚ ਸਿਰਫ਼ ਸਿਧਾਂਤਕ ਗਿਆਨ ਕਾਫ਼ੀ ਨਹੀਂ। ਵਿਹਾਰਕ ਗਿਆਨ ਤੇ ਅਨੁਭਵ ਹੀ ਕਿਸੇ ਵਿਅਕਤੀ ਨੂੰ ਅੱਗੇ ਵਧਾਉਂਦੇ ਹਨ। ਬਹੁਤ ਵਾਰ ਮਾਪੇ ਆਪਣੀਆਂ ਅਧੂਰੀਆਂ ਖ਼ਾਹਿਸ਼ਾਂ ਬੱਚਿਆਂ ਉੱਤੇ ਲੱਧ ਦਿੰਦੇ ਹਨ। ਜਿਹੜੇ ਖੇਤਰ 'ਚ ਉਹ ਆਪ ਨਹੀਂ ਚਮਕ ਸਕੇ, ਉਸੇ ਵਿੱਚ ਬੱਚਿਆਂ ਨੂੰ ਧੱਕਣ ਦੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਬੱਚਾ ਸਕੂਲ ਦੇ ਦਬਾਅ ਦੇ ਨਾਲ-ਨਾਲ ਘਰ ਦੇ ਦਬਾਅ ਹੇਠ ਵੀ ਆ ਜਾਂਦਾ ਹੈ। ਨਤੀਜੇ ਵਜੋਂ ਉਹ ਆਪਣਾ ਆਤਮ-ਵਿਸ਼ਵਾਸ ਖੋਹ ਬੈਠਦਾ ਹੈ।



ਬੱਚਿਆਂ ਦੀ ਸਫਲਤਾ ਨੂੰ ਸਿਰਫ਼ ਅੰਕਾਂ ਨਾਲ ਜੋੜਨਾ ਬਹੁਤ ਵੱਡੀ ਗ਼ਲਤੀ ਹੈ। ਇਤਿਹਾਸ ਗਵਾਹ ਹੈ ਕਿ ਅਨੇਕਾਂ ਮਹਾਨ ਵਿਗਿਆਨੀ, ਲੇਖਕ ਤੇ ਕਲਾਕਾਰ ਸਕੂਲੀ ਇਮਤਿਹਾਨਾਂ ਵਿੱਚ ਕਦੇ ਵੀ ਉੱਤਮ ਵਿਦਿਆਰਥੀ ਨਹੀਂ ਸਨ ਪਰ ਆਪਣੇ ਹੁਨਰ ਤੇ ਮਿਹਨਤ ਨਾਲ ਦੁਨੀਆ ਨੂੰ ਨਵੀਂ ਦਿਸ਼ਾ ਦਿੱਤੀ। ਇਸ ਲਈ ਜੇ ਕੋਈ ਬੱਚਾ ਵਧੀਆ ਅੰਕ ਨਹੀਂ ਲਿਆਉਂਦਾ ਤਾਂ ਇਹ ਮੰਨ ਲੈਣਾ ਕਿ ਉਹ ਅਸਫਲ ਹੈ, ਇਹ ਇੱਕ ਤੰਗ-ਸੋਚ ਹੈ। ਸਿੱਖਿਆ ਦਾ ਅਸਲ ਮਕਸਦ ਬੱਚਿਆਂ ਵਿੱਚ ਜਗਿਆਸਾ ਜਗਾਉਣਾ ਅਤੇ ਉਨ੍ਹਾਂ ਨੂੰ ਜੀਵਨ ਦੀਆਂ ਚੁਣੌਤੀਆਂ ਲਈ ਤਿਆਰ ਕਰਨਾ ਹੋਣਾ ਚਾਹੀਦਾ ਹੈ ਪਰ ਜਦੋਂ ਇਸ ਨੂੰ ਸਿਰਫ਼ ਅੰਕਾਂ ਦੀ ਦੌੜ ਤਕ ਸੀਮਤ ਕਰ ਦਿੱਤਾ ਜਾਂਦਾ ਹੈ, ਤਾਂ ਸਿੱਖਣ ਦੀ ਅਸਲੀ ਖ਼ੁਸ਼ੀ ਖ਼ਤਮ ਹੋ ਜਾਂਦੀ ਹੈ। ਇਸ ਲਈ ਸਾਨੂੰ ਅਜਿਹੀ ਸਿੱਖਿਆ ਪ੍ਰਣਾਲੀ ਦੀ ਲੋੜ ਹੈ, ਜਿੱਥੇ ਬੱਚੇ ਆਪਣੀ ਯੋਗਤਾ ਪਛਾਣ ਸਕਣ ਤੇ ਰੁਚੀ ਅਨੁਸਾਰ ਅੱਗੇ ਵੱਧ ਸਕਣ।

ਮਾਪਿਆਂ ਨੂੰ ਵੀ ਆਪਣਾ ਨਜ਼ਰੀਆ ਬਦਲਣ ਦੀ ਲੋੜ ਹੈ। ਬੱਚਿਆਂ 'ਤੇ ਦਬਾਅ ਪਾਉਣ ਦੀ ਬਜਾਏ ਉਨ੍ਹਾਂ ਨੂੰ ਹੌਸਲਾ ਦੇਣਾ ਸਭ ਤੋਂ ਮਹੱਤਵਪੂਰਨ ਹੈ। ਜੇ ਘਰ ਦਾ ਮਾਹੌਲ ਸੁਰੱਖਿਅਤ ਤੇ ਸ਼ਾਂਤ ਹੋਵੇ ਤਾਂ ਬੱਚੇ ਡਰ ਦੀ ਥਾਂ ਵਿਸ਼ਵਾਸ ਨਾਲ ਪੜ੍ਹਦੇ ਹਨ। ਜੇ ਮਾਪੇ ਇਹ ਸਮਝਾ ਦੇਣ ਕਿ ਗ਼ਲਤੀ ਕਰਨਾ ਵੀ ਸਿੱਖਣ ਦਾ ਹਿੱਸਾ ਹੈ, ਤਾਂ ਬੱਚਿਆਂ ਦਾ ਮਨੋਬਲ ਕਈ ਗੁਣਾਂ ਵੱਧਦਾ ਹੈ।

ਇਮਤਿਹਾਨਾਂ ਦੇ ਸਮੇਂ ਬੱਚਿਆਂ ਦੀਆਂ ਮਨੋਵਿਗਿਆਨਕ ਜ਼ਰੂਰਤਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

(ਬਾਕੀ ਸਫ਼ਾ 27 'ਤੇ)

# ਧੀਆਂ ਅਤੇ ਧਰੇਕਾਂ ਹੁੰਦੀਆਂ ਰੌਣਕ ਵਿਹੜੇ ਦੀ...



ਧੀਆਂ ਨਾਲ ਸੰਸਾਰ ਅਗਾੜੀ ਲੈਂਦੈ। ਉਮਰਾਂ ਭਰ ਦੇ ਰਿਸ਼ਤੇ ਜੋੜਦੀਆਂ ਨੇ ਇਹ ਚਿੜੀਆਂ। ਰਿਸ਼ੀ ਮੁਨੀ, ਅਵਤਾਰ ਔਲੀਏ, ਪੀਰ ਪੈਗ਼ੰਬਰਾਂ ਦੀਆਂ ਜਾਈਆਂ ਨੇ।

ਜੁਗਾਂ ਜੁਗਾਤਰਾਂ ਤੋਂ ਦੇਵੀਆਂ ਨੂੰ ਪੂਜਦੇ ਆਏ ਹਾਂ। ਮਨੌਤੀ ਹੈ ਕਿ ਸ੍ਰਿਸ਼ਟੀ ਦੇ ਕਣ ਕਣ ਵਿੱਚ ਪਵਿੱਤਰ ਰੂਹਾਂ ਦਾ ਵਾਸਾ ਹੈ। ਸੰਗੀਤ ਤੋਂ ਲੈ ਕੇ ਤਲਵਾਰ ਵਾਲੀ ਬਾਂਹ ਤੱਕ। ਆਸਰਾ, ਅਸ਼ੀਰਵਾਦ ਓਟਦੇ ਹਾਂ। ਰਹਿਬਰਾਂ ਨੇ ਇਸ ਨੂੰ ਉੱਚਾ ਸੁੱਚਾ ਦਰਜਾ ਦਿੱਤਾ ਹੈ। ਵੈਦਿਕ ਕਾਲ ਵਿੱਚ ਇਹ ਪੂਜਣ ਯੋਗ ਸੀ, ਪਰ ਮੰਨੂ ਦੇ ਸਮੇਂ ਗਿਰਾਵਟ ਆਈ। 'ਦਾਸੀ', 'ਪੈਰ ਦੀ ਜੁੱਤੀ' ਕਹਿ ਕੇ ਦੁਰਕਾਰਿਆ ਗਿਆ। ਖ਼ਾਲਸੇ ਦੀ ਸਿਰਜਣਾ ਨੇ ਔਰਤ ਨੂੰ ਸਨਮਾਨਯੋਗ ਸਥਾਨ ਦਿੱਤਾ। ਕੌਰ (ਭਾਵ ਸ਼ੇਰਨੀ) ਦੀ ਉਪਾਧੀ ਬਖ਼ਸ਼ੀ। ਭਗਤ ਨਾਮਦੇਵ ਆਪਣੀ ਪਤਨੀ ਨੂੰ ਘਰ ਗੀਹਿਨ ਕਹਿੰਦੇ ਸਨ। ਸਿਆਣੇ ਆਖਦੇ ਨੇ, ਘਰ ਧੀ ਜੰਮਦੀ ਐ ਤਾਂ ਕੁੱਖ ਸੁਲੱਖਣੀ ਅਖਵਾਉਂਦੀ ਹੈ...ਧੀ ਦੇ ਜਨਮ ਨਾਲ ਦਹਿਲੀਜ਼ ਸੁੱਚੀ ਹੋ ਜਾਂਦੀ ਹੈ। ਇਨ੍ਹਾਂ ਕੋਮਲ ਕਲੀਆਂ ਦਾ ਆਗਮਨ ਚੰਗੇ ਭਾਗਾਂ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਕੁਦਰਤ ਦੀ ਸਵੱਲੀ ਨਜ਼ਰ ਦਾ ਸੂਚਕ ਸਮਝਿਆ ਜਾਂਦਾ ਹੈ।

ਬਾਬਲ ਦੀ ਪਗੜੀ, ਵੀਰਾਂ ਦੀ ਰੱਖੜੀ, ਮਾਵਾਂ ਦੀਆਂ ਅੱਖਾਂ ਦਾ ਨੂਰ ਅਖਵਾਉਂਦੀਆਂ ਨੇ ਕੁੜੀਆਂ। ਜੇ ਪੁੱਤਰ ਮਿੱਠੜੇ ਮੇਵੇ ਹੁੰਦੇ ਨੇ, ਤਾਂ ਧੀਆਂ ਨੂੰ ਵੀ ਮਿਸ਼ਰੀ ਡਲੀਆਂ ਦਾ ਰੁਤਬਾ ਮਿਲਿਆ ਹੋਇਐ! ਮਜ਼੍ਹਬਾਂ ਵਿੱਚ ਇੰਨਾ ਉੱਚਾ ਅਹੁਦਾ ਕਿਆਸੇ ਜਾਣ 'ਤੇ ਵੀ ਧੀਆਂ ਅਬਲਾ ਕਿਉਂ ਨੇ? ਕਿਉਂ ਭਰੀ ਸਭਾ ਵਿੱਚ ਦਰੋਪਦੀ ਦਾ ਚੀਰ ਹਰਨ ਹੁੰਦੈ? ਕਿਉਂ ਸੀਤਾ ਮਾਤਾ ਨੂੰ ਕਿਸੇ ਦੇ ਬੋਲ ਮਾਰਨ 'ਤੇ ਅਗਨੀ ਪ੍ਰੀਖਿਆ ਦੇਣੀ ਪੈਂਦੀ ਐ? ਇਤਿਹਾਸ ਗਵਾਹ ਹੈ ਕਿ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਨਿਚਲਾ ਪਾਏਦਾਨ ਹੀ ਦਿੱਤਾ ਗਿਐ। ਲੂਣਾ ਦੀ ਚਾਹਤ ਹੀ ਉਸ ਲਈ ਕਲੰਕ ਬਣ ਗਈ। ਉਸ ਦੀ ਜਵਾਨੀ ਦੇ ਅਰਮਾਨਾਂ ਨੂੰ ਕਾਮੁਕਤਾ ਦਾ ਚਿੰਨ੍ਹ ਬਣਾ ਦਿੱਤਾ ਗਿਆ। ਸੱਸੀ ਲਈ ਤਪਦੇ ਮਾਰੂਥਲ ਉਸ ਦੀ ਹੋਣੀ ਦੇ ਸਿਤਾਰੇ ਬਣੇ। ਮੋਹ ਭਿੱਜੀ ਸਾਹਿਬਾਂ ਵੱਲੋਂ ਤੀਰ ਤੋੜਨ ਦਾ ਸਿਲ਼ਾ ਉਸ ਨੂੰ 'ਬੇਵਫ਼ਾ' ਗਰਦਾਨ ਕੇ ਦਿੱਤਾ ਗਿਆ। ਔਰਤ ਦੀ ਜ਼ਿੰਦਗੀ ਦੇ ਫ਼ੈਸਲੇ ਲੈਣੇ ਸਿਰਫ਼ ਤੇ ਸਿਰਫ਼ ਮਰਦਾਂ ਦੇ ਹਿੱਸੇ ਆਏ ਨੇ। ਮਰਜ਼ੀ ਦੇ ਖ਼ਿਲਾਫ਼ 'ਸਿਆਲਾਂ ਦੀ ਨੱਢੀ' ਨੂੰ ਖੇੜਿਆਂ ਦੀ ਡੋਲੀ ਪਾਉਣ ਦਾ ਫ਼ਤਵਾ ਸੁਣਾਇਆ ਗਿਆ ਤਾਂ ਹੀਰ ਮੌਲਵੀ ਨੂੰ ਰੱਬ ਦਾ ਵਾਸਤਾ ਪਾਉਂਦੀ ਐ। ਸੁਣੋ, ਦਮੋਦਰ ਦੀ ਜ਼ੁਬਾਨੀ;

ਤੂੰ ਕਿਉਂ ਜ਼ੋਰੀਂ ਕਰਨੈ ਕਾਜ਼ੀ, ਡਰੇਂ ਖ਼ੁਦਾ ਤੋਂ ਨਾਹੀਂ।

ਨੈਨਾ ਸਾਹਨੀ ਤੰਦੂਰ ਕਾਂਡ ਹੁਣ ਵੀ ਚੇਤਿਆਂ 'ਚ ਗੂੰਜਦੈ। ਕਿਰਨਜੀਤ ਮਹਿਲ ਕਲਾਂ ਨੇ ਦਰਿੰਦਗੀ ਦਾ ਸ਼ਿਕਾਰ ਹੋਣ ਤੋਂ ਬਾਅਦ ਤਣੇ ਹੋਏ ਮੁੱਕਿਆਂ ਦੀ ਕਤਾਰ ਬਣਾਈ ਐ। ਧੀਆਂ ਅੱਜ ਵੀ ਇਨਸਾਫ਼ ਲਈ ਸਹਿਕਦੀਆਂ ਨੇ।

ਇਤਿਹਾਸ ਵਾਚੀਏ ਤਾਂ ਲੱਗਦੈ ਕਿ ਨਾਰੀ ਉੱਤੇ ਸਮੇਂ ਦੀ ਸਵੱਲੀ ਨਜ਼ਰ ਕਦੇ ਨਹੀਂ ਪਈ। ਅਨਿਆਂ ਅਤੇ ਠੋਕਰਾਂ ਅੰਗ ਸੰਗ ਰਹੇ ਨੇ। 'ਸਤੀ' ਪ੍ਰਥਾ ਨੂੰ ਸਾਡੇ 'ਪਵਿੱਤਰ' ਗ੍ਰੰਥ ਵਡਿਆਉਂਦੇ ਰਹੇ ਨੇ। ਪਰਦਾ ਅਤੇ ਦਹੇਜ ਨੂੰ ਅੱਜ ਵੀ ਔਰਤ ਦਾ 'ਗਹਿਣਾ' ਮੰਨਿਆ ਜਾਂਦੈ। ਭਰੂਣ ਹੱਤਿਆ ਕੌੜੀ ਸੱਚਾਈ ਹੈ। ਕਿੱਥੇ ਹੈ ਧੀਆਂ ਦਾ ਟਿਕਾਣਾ? ਔਰਤ ਹੀ ਔਰਤ ਦੀ ਨਾਬਰੀ ਕਰਦੀ ਹੈ। ਸਾਇੰਸ ਨੇ ਵਾਕਿਆ ਈ ਬਹੁਤ ਤਰੱਕੀ ਕੀਤੀ ਹੈ।

ਗਾਣਿਆਂ, ਫਿਲਮਾਂ ਅਤੇ ਫੈਸ਼ਨ ਸ਼ੋਆਂ ਨੇ ਡਾਢਾ ਅਕਸ ਵਿਗਾੜਿਆ ਹੈ। ਪਵਿੱਤਰ ਰਿਸ਼ਤਿਆਂ ਨੂੰ ਕਲੰਕਿਤ ਕੀਤਾ ਹੈ। ਫ਼ੁਕਰੇ ਗਾਇਕਾਂ ਨੇ ਸ਼ਰਮ ਵਾਲਾ ਪੱਲਾ ਸਰਕਾ ਦਿੱਤਾ ਹੈ। 'ਅੱਗ', 'ਪੁਰਜ਼ਾ', 'ਟੋਟਾ' ਦੱਸਣ ਵੇਲੇ ਭੁੱਲ ਜਾਂਦੇ ਨੇ ਕਿ ਰੱਖੜੀ ਬਨ੍ਹਾਉਣ ਵੇਲੇ ਕਿਹੜਾ ਵਚਨ ਦਿੱਤਾ ਸੀ। ਪਾਕ ਰਿਸ਼ਤਿਆਂ ਨੂੰ ਇਨ੍ਹਾਂ ਨਾਵਾਂ ਨਾਲ ਨਹੀਂ ਪੁਕਾਰੀਦਾ। ਯਾਦ ਰੱਖੋ, ਤੁਸੀਂ ਮਾਪਿਆਂ ਤੋਂ ਜ਼ਮੀਨਾਂ ਵੰਡਾਉਂਦੇਓ ਅਤੇ ਧੀਆਂ ਦੁੱਖ। ਜ਼ਮਾਨਾ ਧੀਆਂ ਨੂੰ ਸਿੱਖਿਆ ਦੇਣ ਦੀਆਂ ਨਸੀਹਤਾਂ ਤਾਂ ਦਿੰਦੈ, ਪਰ ਪੁੱਤਾਂ ਨੂੰ ਨਹੀਂ। ਤ੍ਰਾਸਦੀ ਇੱਥੋਂ ਹੀ ਜਨਮਦੀ ਹੈ।


ਧੀਆਂ ਨੇ ਨਵੇਂ ਮੀਲ ਪੱਥਰ ਗੱਡੇ ਨੇ। ਖਿਦਰਾਣੇ ਦੀ ਢਾਬ ਯਾਦ ਹੈ ਨਾ? ਮਾਈ ਭਾਗੋ ਦੀ ਵੰਗਾਰ ਨੇ ਹੀ ਨਵਾਂ ਇਤਿਹਾਸ ਸਿਰਜਿਆ ਸੀ, ਨਹੀਂ ਤਾਂ 'ਬੇਦਾਵੇ' ਦਾ ਦਾਗ ਕਾਲੇ ਅੱਖਰਾਂ ਦਾ ਹਿੱਸਾ ਹੋਣਾ ਸੀ।

ਚਿੜੀਆਂ ਫਿਰ ਤੋਂ ਉਡਾਰੀ ਮਾਰਨ ਲੱਗੀਆਂ ਨੇ। ਸੋਨੇ ਦੇ ਪਿੰਜਰੇ ਨੂੰ ਠੋਕਰ ਮਾਰਨ ਦੇ ਰਾਹ ਪਈਆਂ ਨੇ। ਸ਼ਾਹੀਨ ਬਾਗ਼ ਦੀਆਂ ਦਾਦੀਆਂ, ਨਾਨੀਆਂ ਨੇ ਦਰਸਾ ਦਿੱਤਾ ਹੈ ਕਿ ਉਨ੍ਹਾਂ ਉੱਤੇ ਜ਼ਾਲਮਾਨਾ ਸਰਕਾਰੀ ਫ਼ੁਰਮਾਨ ਲਾਗੂ ਨਹੀਂ ਹੁੰਦੇ। ਸਥਾਪਤੀ ਨਾਲ ਸਿੱਧੀ ਟੱਕਰ ਦੀ ਐਸੀ ਮਿਸਾਲ ਘੱਟ ਹੀ ਮਿਲਦੀ ਹੈ। ਗੌਰੀ ਲੰਕੇਸ਼ ਦੀ ਵੰਗਾਰ ਮੂਹਰੇ ਗੁੰਡੇ ਬੇਵੱਸ ਨਜ਼ਰ ਆਏ। ਆਇਸ਼ੀ ਘੋਸ਼, ਅਨੁਪ੍ਰਿਆ ਅਤੇ ਗੁਰਕੀਰਤ ਜਦ ਗਰਜਦੀਆਂ ਹਨ, ਜ਼ਮਾਨਾ ਸਾਹ ਰੋਕ ਕੇ ਸੁਣਦੈ। ਜਾਮੀਆ ਮਿਲੀਆ ਯੂਨੀਵਰਸਿਟੀ ਦੇ ਤੁਗਲਕੀ ਫੁਰਮਾਨ ਕਿ ਕੁੜੀਆਂ ਸ਼ਾਮ ਅੱਠ ਵਜੇ ਤੋਂ ਪਹਿਲਾਂ ਹੋਸਟਲਾਂ ਵਿੱਚ ਵਾਪਸ ਪਰਤਣੀਆਂ ਜ਼ਰੂਰੀ ਹਨ, ਨੂੰ 'ਪਿੰਜਰਾ ਤੋੜ ਗਰੁੱਪ' ਨੇ ਤੋੜਿਐ। ਨਤਾਸ਼ਾ ਨਰਵਾਲ, ਦੇਵਾਂਗਨਾ ਕਾਲਿਤਾ ਅਤੇ ਸਫ਼ੂਰਾ ਜ਼ਰਗਰ ਨੇ ਇਸ ਢਾਂਚੇ ਨੂੰ ਤਾਰ ਤਾਰ ਕੀਤੈ। ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ 'ਤੇ ਪੁਲਿਸ ਨੇ ਯੂ.ਏ.ਪੀ.ਏ. ਤਹਿਤ ਕੇਸ ਦਰਜ ਕਰਕੇ ਜੇਲ੍ਹੀਂ ਡੱਕਿਆ। ਸਾਕਸ਼ੀ ਮਲਿਕ, ਵਿਨੇਸ਼ ਫੋਗਾਟ ਨੇ ਸੱਤਾ ਵਿੱਚ ਬੈਠੇ ਦਰਿੰਦਿਆਂ ਨੂੰ ਲਲਕਾਰਿਆ, ਪਰ ਦਰਿਆਵਾਂ ਦੇ ਵਹਿਣ ਨੂੰ ਕੋਈ ਰੋਕ ਸਕਿਐ?

ਕੁੜੀਆਂ ਸੱਚੀਂ ਮੁੱਚੀਂ ਕਿਸਮਤ ਦੀਆਂ ਪੁੜੀਆਂ ਹੁੰਦੀਆਂ ਨੇ। ਜਿਸ ਘਰ ਦੀ ਡਿਉੜੀ ਨੂੰ ਭਾਗ ਲਾ ਦੇਣ, ਅਮੁੱਲੀਆਂ ਦਾਤਾਂ ਦੀ ਬਰਸਾਤ ਹੁੰਦੀ ਐ। ਮੁੱਢ-ਕਦੀਮੋਂ ਸ੍ਰਿਸ਼ਟੀ ਦੀਆਂ ਸਫ਼ੀਰ ਨੇ...ਕੁਦਰਤ ਦੀਆਂ ਕਰਾਮਾਤਾਂ!

# ਮੌਸਮ ਵਾਂਗ ਹੀ ਬਦਲ ਰਹੇ ਨੇ ਰਿਸ਼ਤੇ

**ਮਨਜੀਤ ਕੌਰ ਅੰਬਾਲਵੀਂ**





ਅੱਜ ਕੱਲ੍ਹ ਆਈਆਂ ਤਬਦੀਲੀਆਂ ਸਭ ਦੇ ਸਾਹਮਣੇ ਹਨ। ਆਧੁਨਿਕ ਦੌਰ ਵਿੱਚ ਸਭ ਕੁਝ ਬਦਲ ਗਿਆ ਹੈ। ਅਸੀਂ ਜੇ ਨਵੇਂ ਪੁਰਾਣੇ ਦੇ ਫ਼ਰਕ ਨੂੰ ਲੈ ਕੇ ਚੱਲੀਏ, ਤਾਂ ਅੱਜ ਪੁਰਾਣਾ ਸਭ ਕੁਝ ਵਿਸਰ ਗਿਆ ਹੈ ਤੇ ਅਸੀਂ ਨਵੀਆਂ ਕਦਰਾਂ-ਕੀਮਤਾਂ ਵਿੱਚ ਉਲਝ ਕੇ ਰਹਿ ਗਏ ਹਾਂ। ਦਿਲੀ ਸਾਂਝ, ਪਿਆਰ, ਦਇਆ, ਹਲੀਮੀ, ਤਿਆਗ, ਮਿਲਵਰਤਣ ਦੀਆਂ ਦਿਲੀ ਭਾਵਨਾਵਾਂ ਕੋਹਾਂ ਦੂਰ ਚਲੀਆਂ ਗਈਆਂ ਹਨ। ਹੁਣ ਆਪੋ ਧਾਪੀ ਪਈ ਹੋਈ ਹੈ। ਸਵਾਰਥ ਹਰ ਪਾਸੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਹਰ ਕੋਈ ਚਾਹੁੰਦਾ ਹੈ ਵੱਡਾ ਬਣਨਾ, ਵੱਡੇ-ਵੱਡੇ ਮਹਿਲ, ਕੋਠੀਆਂ ਵਿੱਚ ਰਹਿਣਾ। ਵੱਡੀਆਂ ਗੱਡੀਆਂ ਵਿੱਚ ਘੁੰਮਣਾ। ਕਲੱਬਾਂ, ਪਾਰਟੀਆਂ ਵਿੱਚ ਸ਼ਮੂਲੀਅਤ ਕਰ ਕੇ ਆਪਣਾ ਰੁਤਬਾ ਬਣਾਉਣਾ।

ਯਾਦ ਆ ਰਹੀ ਹੈ ਉਨ੍ਹਾਂ ਦਿਨਾਂ ਦੀ ਜਦੋਂ ਵਿਹੜਿਆਂ ਵਿੱਚ ਨਿੰਮ ਦੇ ਰੁੱਖ ਦੀ ਛਾਂ ਵਿੱਚ ਮੰਜੇ ਡਾਹ ਕੇ ਬੈਠ ਕੇ ਰੌਣਕਾਂ ਲਾਉਂਦੇ ਸਨ। ਸਭ ਨੇ ਇਕੱਠੇ ਬੈਠ ਕੇ ਖਾਣਾ ਪੀਣਾ। ਉਨ੍ਹਾਂ ਹੀ ਮੰਜਿਆਂ 'ਤੇ ਪਏ ਦੋ ਘੜੀ ਸੁਸਤਾ ਲੈਣਾ, ਫਿਰ ਆਪਣੇ ਕੰਮਕਾਰ ਵਿੱਚ ਜੁਟ ਜਾਣਾ। ਮਰਦ ਸਣ ਦੀਆਂ ਰੱਸੀਆਂ ਵੱਟਦੇ ਜਾਂ ਬਾਣ ਦੇ ਮੰਜੇ ਬੁਣਦੇ। ਸੁਆਣੀਆਂ ਚਰਖ਼ੇ ਕੱਤਦੀਆਂ, ਅੱਡਿਆਂ 'ਤੇ ਨਾੜੇ, ਦਰੀਆਂ ਬੁਣਦੀਆਂ। ਕੋਈ ਧੀ ਰਾਣੀ ਬਹਿ ਖੱਦਰ, ਕੇਸਮਿੰਟ 'ਤੇ ਕਢਾਈ ਕਰਦੀ। ਖਿੜ-ਖਿੜ ਹਾਸੇ ਹੱਸਦੀਆਂ ਧੀਆਂ ਦੀ ਆਪਣੀ ਹੀ ਸ਼ਾਨ ਹੁੰਦੀ ਸੀ।

ਇਕੱਠਿਆਂ ਬਹਿ ਕੇ ਉੱਥੇ ਹੀ ਸਭ ਨੇ ਮਿਲਜੁਲ ਕੇ ਖਾ ਪੀ ਲੈਣਾ। ਭੋਰਾ ਵੀ ਫ਼ਰਕ ਨਹੀਂ ਹੁੰਦਾ ਸੀ, ਕਿਸੇ ਦੇ ਦਿਲ ਵਿੱਚ ਕੋਈ ਹੇਰ ਫੇਰ ਨਹੀਂ ਸੀ। ਪਾਕਿ ਪਾਣੀਆਂ ਵਾਂਗ ਪਵਿੱਤਰ ਹੁੰਦੇ ਸਨ ਦਿਲ... ਸੱਚੀਆਂ ਮੁਹੱਬਤਾਂ ਦੀਆਂ ਡੋਰਾਂ ਨਾਲ ਬੰਨ੍ਹੇ ਹੋਏ। ਜਦੋਂ ਬਰਸਾਤੀ ਮੌਸਮ ਹੋਣਾ ਤਾਂ ਘਰੀਂ ਗੁਲਗਲੇ, ਕਚੌਰੀਆਂ ਬਣਨੀਆਂ। ਛਮ-ਛਮ ਵਰ੍ਹਦੇ ਮੀਂਹ ਵਿੱਚ ਵਿਹੜਿਆਂ ਵਿੱਚ ਨੱਚਣ ਲੱਗ ਜਾਣਾ। ਕੱਚੇ ਵਿਹੜੇ ਮਾਂ ਨੇ ਰੌਲਾ ਪਾਉਣਾ, 'ਨੀਂ ਕੁੜੀਓ! ਲੱਤ, ਗੋਡੇ ਨਾ ਤੁੜਵਾ ਲਿਓ। ਬਹਿ ਜੋ ਟਿਕ ਕੇ...।"

ਬਾਪੂ ਜੀ ਨੇ ਕਹਿਣਾ, "ਇਹ ਮੀਂਹ ਦਾ ਪਾਣੀ ਤਾਂ ਪੁੱਤ ਅੰਮ੍ਰਿਤ ਹੈ। ਫ਼ਸਲਾਂ ਲਈ ਨਿਰ੍ਹਾ ਰੇਹ ਆ।"

ਤੀਆਂ ਲਾਉਣੀਆਂ, ਪੀਂਘਾਂ ਚੜ੍ਹਾਉਣੀਆਂ। ਗਿੱਧੇ ਪਾਉਣੇ, ਬਿਰਹੇ ਗਾਉਣੇ ...ਕਿੰਨੇ ਸੋਹਣੇ ਦਿਨ ਸਨ ਬਹਾਰਾਂ ਵਰਗੇ। ਭੋਲੇ ਭਾਲੇ ਦਿਲਾਂ ਵਾਲੇ ਸ਼ਰੀਫ਼ ਲੋਕ ਵਿਤਕਰਿਆਂ, ਨਫ਼ਰਤਾਂ ਤੋਂ ਕੋਹਾਂ ਦੂਰ ਰਹਿਣ ਵਾਲੇ ਸਾਂਝ ਪਿਆਰ ਦੇ ਝਰ ਝਰ ਵਗਦੇ ਨਿਰਮਲ-ਨਿਰਛਲ ਝਰਨਿਆਂ ਵਰਗੇ। ਬਾਣੀਏ ਦਾ ਕਥਨ ਵੀ ਹੈ ਕਿ ...ਜਿਹੋ ਜਿਹਾ ਵਿਹਾਰ ਓਹੋ ਜਿਹਾ ਪਿਆਰ। ਉਨ੍ਹਾਂ ਦਾ ਕਹਿਣਾ ਏਂ, ਬਈ ਜੇ ਵਰਤੋਂ ਵਿਹਾਰ ਚੰਗਾ ਹੈ ਤਾਂ ਹੀ ਪਿਆਰ ਉਪਜਦਾ ਹੈ। ਚੰਗੇ ਵਿਹਾਰ ਵਿੱਚੋਂ ਪੁੰਗਰਿਆ ਪਿਆਰ ਹੀ ਸਭ ਨੂੰ ਰਿਸ਼ਤਿਆਂ ਦੀ ਡੋਰ ਨਾਲ ਬੰਨ੍ਹ ਕੇ ਰੱਖਦਾ ਹੈ। ਬੰਦੇ ਦਾ ਸੱਚਾ-ਸੁੱਚਾ ਕਿਰਦਾਰ ਹੀ ਉਸ ਦੇ ਵਿਹਾਰ ਦੀ ਹਾਮੀ ਭਰਦਾ ਹੈ, ਪਰ ਹੁਣ ਸਭ ਕੁਝ ਬਦਲ ਤੇ ਵਿਸਰ ਗਿਆ। ਸਾਂਝੇ ਚੁੱਲ੍ਹੇ ਇੱਕ ਚੁੱਲ੍ਹੇ ਵਿੱਚ ਬਦਲ ਗਏ। ਹੁਣ ਤਾਂ ਮਾਪੇ ਹੀ ਚਾਹੁੰਦੇ ਨੇ ਧੀ ਦੇ ਪਰਿਵਾਰ ਵਿੱਚ ਬਸ ਇਕੱਲਾ ਲੜਕਾ ਹੀ ਹੋਵੇ। ਉਹ ਨਹੀਂ ਚਾਹੁੰਦੇ ਧੀਆਂ ਨੂੰ ਕੰਮ ਕਰਨੇ ਪੈਣ। ਪਹਿਲਾਂ ਸਮੇਂ ਹੋਰ ਸਨ, ਹੱਥੀਂ ਕਿਰਤ ਕਰਕੇ ਜੋ ਸੰਤੁਸ਼ਟੀ ਮਿਲਦੀ ਸੀ, ਉਹ ਅਸੀਮ ਸੀ। ਪਿੰਡਾਂ ਦੀ ਆਬੋ ਹਵਾ ਦਾ ਆਪਣਾ ਹੀ ਇੱਕ ਸੁਖ਼ਦ ਅਹਿਸਾਸ ਸੀ। ਸਾਫ਼ ਸੁਥਰਾ ਵਾਤਾਵਰਨ...ਹੁਣ ਸ਼ਹਿਰਾਂ ਦੀ ਭੀੜ ਵਿੱਚ ਪ੍ਰਦੂਸ਼ਣ ਕਾਰਨ ਸਾਹ ਲੈਣਾ ਵੀ ਔਖਾ।

ਬੜੀ ਯਾਦ ਆਉਂਦੀ ਹੈ ਪਿੰਡਾਂ ਦੀ ਰੌਣਕ....ਕਦੇ ਗਾਉਂਦੇ ਹੁੰਦੇ ਸਾਂ;

ਆਜਾ ਮੇਰੇ ਪਿੰਡ ਦੀ ਨੁਹਾਰ ਵੇਖ ਲੈ।<br>
ਖੇਤਾਂ ਵਿੱਚ ਨੱਚਦੀ ਬਹਾਰ ਵੇਖ ਲੈ।

ਸੱਚਮੁੱਚ, ਕਿੰਨੇ ਖੁਸ਼ਹਾਲੀ ਭਰੇ ਦਿਨ ਹੁੰਦੇ ਸਨ। ਹਰ ਪਾਸੇ ਸੁੱਖ ਸ਼ਾਂਤੀ, ਸਬਰ-ਸੰਤੋਖ, ਪਿਆਰ-ਦੁਲਾਰ, ਖ਼ੁਸ਼ੀਆਂ-ਖੇੜਿਆਂ ਦਾ ਜਿਵੇਂ ਮੀਂਹ ਵਰ੍ਹਦਾ ਸੀ। ਰੁੱਖੀ ਸੁੱਕੀ ਖਾ ਕੇ ਵੀ ਸਭ ਖ਼ੁਸ਼ ਸਨ। ਪ੍ਰਾਹੁਣੇ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਸੀ। ਦਿਲ ਜਾਨ ਤੋਂ ਸੇਵਾ ਕੀਤੀ ਜਾਂਦੀ ਸੀ। ਤੀਆਂ ਵਰਗੇ ਦਿਨ ਹੁੰਦੇ ਸਨ। ਹੁਣ ਪ੍ਰਾਹੁਣੇ ਨੂੰ ਵੇਖ ਮੱਥੇ ਵੱਟ ਪੈ ਜਾਂਦੇ ਨੇ। ਹੁਣ ਸੇਵਾ ਕੌਣ ਕਰਨੀ ਚਾਹੁੰਦਾ ਹੈ, ਜਦੋਂ ਆਪ ਹੀ ਬਾਹਰੋਂ ਮੰਗਵਾ ਕੇ ਖਾਂਦੇ ਨੇ। ਹੁਣ ਘਰਦੀਆਂ ਦਾਲਾਂ ਰੋਟੀਆਂ ਕਿਸੇ ਨੂੰ ਚੰਗੀਆਂ ਹੀ ਨਹੀਂ ਲੱਗਦੀਆਂ। ਸਮੇਂ ਦਾ ਰੁਖ਼ ਹੀ ਬਦਲ ਗਿਆ ਹੈ। ਹੁਣ ਘਰਾਂ ਦੀ ਸਾਂਭ-ਸੰਭਾਲ ਕਰਨ ਦੀ ਬਜਾਏ ਔਰਤਾਂ ਕਿੱਟੀ ਪਾਰਟੀਆਂ, ਪੱਬਾਂ ਅਤੇ ਕਲੱਬਾਂ ਵਿੱਚ ਜਾਣ ਨੂੰ ਤਰਜੀਹ ਦਿੰਦੀਆਂ ਹਨ। ਜੀਵਨ ਦੇ ਹਰ ਰੰਗ ਵਿੱਚ ਹੀ ਫ਼ਰਕ ਪੈ ਗਿਆ ਹੈ।

ਜੇ ਹੁਣ ਦੇ ਸਮੇਂ ਨੂੰ ਦੇਖੀਏ ਤਾਂ ਸੋਸ਼ਲ ਮੀਡੀਆ ਦੇ ਚੱਕਰਵਿਊ ਵਿੱਚ ਹੀ ਸਾਰੇ ਫਸ ਕੇ ਰਹਿ ਗਏ ਹਨ। ਇਸ ਚਕਾਚੌਂਧ ਨੇ ਨਵੀਂ ਪੀੜ੍ਹੀ ਦੀਆਂ ਰਾਹਾਂ ਬਿਲਕੁਲ ਬਦਲ ਦਿੱਤੀਆਂ ਹਨ। ਸਾਰਾ ਦਿਨ ਮੋਬਾਈਲ 'ਤੇ ਰੀਲਾਂ ਚਲਦੀਆਂ ਹਨ। ਨੈੱਟ ਫਲਿਕਸ 'ਤੇ ਫਿਲਮਾਂ ਚੱਲਦੀਆਂ ਹਨ। ਲੋਕ ਸੈਲਫੀਆਂ ਖਿੱਚਦੇ ਖਿੱਚਦੇ ਜਾਨਾਂ ਵੀ ਗੁਆ ਬੈਠਦੇ ਹਨ। ਰਿਸ਼ਤੇ ਟੁੱਟ ਰਹੇ ਹਨ, ਘਰ ਟੁੱਟ ਰਹੇ ਹਨ। ਹਰ ਬੰਦਾ ਆਪਣੇ ਕਮਰੇ ਵਿੱਚ ਮੋਬਾਈਲ ਲੈ ਕੇ ਬੈਠਾ ਹੈ। ਕਿਸੇ ਨਾਲ ਕੋਈ ਗੱਲਬਾਤ ਨਹੀਂ... ਹੱਥੀਂ ਮੋਬਾਈਲ ਤੇ ਪੂਰੇ ਘਰ ਵਿੱਚ ਖਾਮੋਸ਼ੀ। ਅਸੀਂ ਕਿੱਧਰ ਤੁਰ ਪਏ ਹਾਂ। ਪਿਛਲੇ ਦਿਨੀਂ ਕਲਕੱਤੇ ਤੇ ਦਿੱਲੀ ਜਿਹੇ ਸ਼ਹਿਰਾਂ ਵਿੱਚ ਰੀਲਾਂ ਬਣਾਉਣ ਵਾਲੀਆਂ ਦੋ ਪਤਨੀਆਂ ਦੇ ਪਤੀਆਂ ਨੇ ਉਨ੍ਹਾਂ ਦੇ ਕਤਲ ਕਰ ਦਿੱਤੇ। ਅਸੀਂ ਕਿਉਂ ਅਜਿਹੀਆਂ ਗ਼ਲਤ ਗੱਲਾਂ ਅਪਣਾ ਲਈਆਂ। ਹੁਣ ਇਹ ਆਖਣ ਨੂੰ ਦਿਲ ਕਰਦਾ ਹੈ;

ਪੁਰਾਣਾ ਪੰਜਾਬ ਹੁਣ ਕਿੱਥੇ<br>
ਮਿੱਠੀ ਆਵਾਜ਼ ਹੁਣ ਕਿੱਥੇ<br>
ਉਹ ਸੇਵਾ, ਪਿਆਰ ਹੁਣ ਕਿੱਥੇ।<br>
ਸੁੱਖਾਂ ਦਾ ਸੰਸਾਰ ਹੁਣ ਕਿੱਥੇ।<br>
ਆ ਗਏ ਹੁਣ ਮੋਬਾਈਲ ਖਿਡੌਣੇ<br>
ਕਿੱਥੇ, ਗਿੱਧੇ ਭੰਗੜੇ ਹੋਣੇ।<br>
ਰੀਲਾਂ ਬਣਾ ਬਣਾ ਝੱਲੇ ਹੋਏ<br>
ਸਾਰੇ ਕੰਮ ਅੱਜ ਅਵੱਲੇ ਹੋਏ

ਹੁਣ ਉਹ ਰੰਗਲਾ ਸਮਾਂ ਨਹੀਂ ਰਿਹਾ। ਹਰ ਰੰਗ ਹੀ ਬਦਲ ਗਿਆ ਹੈ। ਲੋਕ ਬਦਲ ਗਏ, ਰਿਸ਼ਤੇ ਬਦਲ ਗਏ, ਮਿਲਵਰਤਣ ਬਦਲ ਗਏ, ਖਾਣ-ਪੀਣ, ਪਹਿਨਣ-ਓਢਣ ਸਭ ਬਦਲ ਗਿਆ। ਇਸਦੇ ਨਾਲ ਹੀ ਕੁਦਰਤ ਬਦਲ ਗਈ, ਮੌਸਮ ਬਦਲ ਗਏ। ਹੁਣ ਦੇ ਬਰਸਾਤੀ ਮੌਸਮ ਦੀ ਤਬਾਹੀ ਪੰਜਾਬ ਦੀਆਂ ਪੈਲੀਆਂ ਵਿੱਚ ਪੀੜਾਂ ਪਰੁੰਨ ਚੁੱਕੀ ਹੈ। ਸੱਧਰਾਂ ਮਰ ਗਈਆਂ ਹਨ, ਦਿਲਾਂ ਵਿੱਚ ਪੁੰਗਰੇ ਆਸਾਂ ਦੇ ਬੀਜ ਵਹਿੰਦੇ ਪਾਣੀਆਂ ਵਿੱਚ ਵਹਿ ਗਏ ਹਨ... ਝੂਮਦੀਆਂ ਫ਼ਸਲਾਂ ਦੇ ਸੀਨਿਆਂ 'ਤੇ ਰੇਤ ਦੇ ਸੱਥਰ ਵਿਛ ਗਏ ਹਨ। ਪਲਾਂ ਵਿੱਚ ਸਭ ਕੁਝ ਬਦਲ ਗਿਆ ਹੈ...ਸਮਾਂ ਹੱਥੋਂ ਫਿਸਲ ਗਿਆ ਹੈ। ਹੜ੍ਹ ਦੇ ਪਾਣੀ ਕਾਰਨ ਲੋਕਾਂ ਦੇ ਘਰ ਢਹਿ ਢੇਰੀ ਹੋ ਗਏ, ਮੱਝਾਂ-ਗਾਵਾਂ, ਸੰਦ ਸੰਦੌਲੇ ਸਭ ਪਾਣੀ ਦੀ ਭੇਟ ਚੜ੍ਹ ਗਏ। ਪਰਿਵਾਰਾਂ ਦੇ ਪਰਿਵਾਰ ਉੱਜੜ ਗਏ। ਕਿੰਨਾ ਮੁਸ਼ਕਿਲ ਹੈ ਵਾਰ-ਵਾਰ ਉੱਜੜ ਕੇ ਵੱਸਣਾ..! ਉਹੀ ਜਾਣ ਸਕਦੇ ਨੇ ਜਿਨ੍ਹਾਂ 'ਤੇ ਬੀਤਦੀ ਹੈ। ਜਿਸ ਤਨ ਲੱਗੇ, ਸੋ ਤਨ ਜਾਣੇ।

ਸਾਡੀਆਂ ਸੋਚਾਂ ਦੇ ਬਦਲਣ ਦੇ ਨਾਲ-ਨਾਲ ਕੁਦਰਤ ਤੇ ਮੌਸਮਾਂ ਨੇ ਵੀ ਆਪਣੀ ਚਾਲ ਬਦਲ ਲਈ ਹੈ। ਅਸੀਂ ਕੁਦਰਤ ਨੂੰ ਆਪਣੇ ਮੇਚ ਦੀ ਬਣਾਉਂਦੇ-ਬਣਾਉਂਦੇ ਇਸ ਦੇ ਰੰਗਾਂ ਨੂੰ ਬਦਰੰਗ ਬਣਾ ਦਿੱਤਾ ਹੈ, ਜਿਸ ਦਾ ਖਮਿਆਜ਼ਾ ਹੁਣ ਅਸੀਂ ਸਾਰੇ ਭੁਗਤ ਰਹੇ ਹਾਂ। ਪਹਾੜਾਂ ਨੂੰ ਕੱਟ-ਕੱਟ ਕੇ ਬਣਾਏ ਵੱਡੇ-ਵੱਡੇ ਹਾਈ-ਵੇ ਹੁਣ ਮਨੁੱਖਤਾ ਲਈ ਸਰਾਪ ਬਣ ਗਏ ਹਨ। ਪ੍ਰਸ਼ਾਸਕੀ ਖ਼ਾਮੀਆਂ ਵੀ ਮਨੁੱਖਤਾ ਨੂੰ ਢਾਹ ਲਾਉਂਦੀਆਂ ਹਨ। ਡਰੇਨਜ਼ ਵਿਭਾਗ ਤੇ ਹੋਰ ਸਾਰੇ ਵਿਭਾਗ ਆਪਣੇ-ਆਪਣੇ ਕੰਮ ਜ਼ਿੰਮੇਵਾਰੀ ਨਾਲ ਜੇ ਸਮੇਂ-ਸਮੇਂ ਸਿਰ ਨਿਭਾਉਂਦੇ ਜਾਣ ਤਾਂ ਰਾਹਾਂ ਸੁਖਾਲੀਆਂ ਹੋ ਜਾਣ। ਜਿੱਥੇ-ਜਿੱਥੇ ਜ਼ਰੂਰੀ ਸਨ ਨਦੀਆਂ 'ਤੇ ਬੰਨ੍ਹ ਲਗਾਉਣੇ, ਨਦੀਆਂ, ਨਾਲਿਆਂ ਦੀਆਂ ਸਫ਼ਾਈਆਂ, ਪਾਣੀਆਂ ਦੇ ਖ਼ਦਸ਼ਿਆਂ ਨੂੰ ਵੇਖਦੇ ਹੋਏ ਉਚੇਚੇ ਪ੍ਰਬੰਧ ਕਰਨੇ, ਜੇ ਇਹ ਸਮਾਂ ਰਹਿੰਦੇ ਸਭ ਕੁਝ ਹੋ ਜਾਂਦਾ ਤਾਂ ਬਰਬਾਦੀਆਂ ਦਾ ਇਹ ਮੰਜ਼ਰ ਨਾ ਦੇਖਣਾ ਪੈਂਦਾ।

(ਬਾਕੀ ਸਫ਼ਾ 27 'ਤੇ)

# ਛੁਟਕਾਰਾ

ਐਸ.ਸਾਕੀ



ਦਫ਼ਤਰ ਵਿੱਚ ਉਹ ਮੇਰੇ ਸਾਹਮਣੇ ਜ਼ਮੀਨ 'ਤੇ ਬੈਠ ਗਿਆ। ਕਾਗਜ਼ 'ਤੇ ਕੁਝ ਲਿਖਦਿਆਂ ਮੇਰੀ ਨਜ਼ਰ ਉਸ ਵੱਲ ਚਲੀ ਗਈ। ਮੈਂ ਉਸ ਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ।

"ਨਹੀਂ ਸਾਹਿਬ, ਇੱਥੇ ਹੀ ਠੀਕ ਹੈ। ਅਸੀਂ ਇੱਥੇ ਜੋਗੇ ਹੀ ਹਾਂ।" ਉਹ ਬੋਲਿਆ, ਪਰ ਉਸ ਨੇ ਜੋ ਕਿਹਾ ਮੇਰੀ ਸਮਝ ਵਿੱਚ ਨਹੀਂ ਆਇਆ।

ਚਾਰ ਦਿਨ ਪਹਿਲਾਂ ਹੀ ਮੇਰੀ ਕਾਰਪੋਰੇਸ਼ਨ ਦੇ ਇਸ ਸਬ-ਆਫਿਸ ਵਿੱਚ ਬਦਲੀ ਹੋਈ ਸੀ। ਇਹ ਦਿੱਲੀ ਵਿੱਚ ਯਮਨਾ ਪਾਰ ਸ਼ਾਹਦਰਾ ਵਿੱਚ ਬਣਿਆ ਹੋਇਆ ਹੈ। ਆਫਿਸ ਵੀ ਕਾਹਦਾ, ਪੁਰਾਣਾ ਘਰ ਹੈ ਕਿਸੇ ਦਾ। ਚਾਰ ਕਮਰੇ ਨੇ ਉਸ ਵਿੱਚ। ਅੱਗੇ ਖੁੱਲ੍ਹੀ ਥਾਂ ਹੈ। ਉਸ ਵਿੱਚ ਨਿੰਮ ਦੇ ਦੋ ਵੱਡੇ ਰੁੱਖ ਉੱਗੇ ਹੋਏ ਹਨ ਜਿਨ੍ਹਾਂ ਦੇ ਪੱਤੇ ਅਕਸਰ ਹਰ ਮੌਸਮ ਵਿੱਚ ਖੁੱਲ੍ਹੀ ਥਾਂ 'ਤੇ ਡਿੱਗਦੇ ਰਹਿੰਦੇ ਹਨ। ਜਦੋਂ ਸ਼ਾਮੀਂ ਆਫਿਸ ਦੀ ਛੁੱਟੀ ਮਗਰੋਂ ਮੈਂ ਘਰ ਨੂੰ ਜਾਂਦਾ ਹਾਂ ਤਾਂ ਰੁੱਖਾਂ 'ਤੇ ਰਾਤ ਕੱਟਣ ਆਈਆਂ ਬਹੁਤ ਸਾਰੀਆਂ ਚਿੜੀਆਂ ਦੀ ਆਵਾਜ਼ ਸੁਣਾਈ ਪੈਂਦੀ ਹੈ। ਉਨ੍ਹਾਂ ਨੂੰ ਸੁਣ ਕੇ ਮੈਨੂੰ ਇੰਝ ਲੱਗਦਾ ਹੈ ਜਿਵੇਂ ਉਹ ਡੁੱਬਦੇ ਸੂਰਜ ਦਾ ਕੋਈ ਗੀਤ ਗਾ ਰਹੀਆਂ ਹੋਣ।

ਇਸ ਆਫਿਸ ਦੀ ਜ਼ਿੰਮੇਵਾਰੀ ਸ਼ਾਹਦਰਾ ਦੀਆਂ ਸੜਕਾਂ ਦੀ ਸਫ਼ਾਈ ਕਰਵਾਉਣਾ ਹੈ। ਨਾਲੀਆਂ, ਵੱਡੇ ਨਾਲੇ ਅਤੇ ਅੰਡਰ-ਗਰਾਊਂਡ ਸੀਵਰੇਜ ਨੂੰ ਸਾਫ਼ ਤੇ ਠੀਕ-ਠਾਕ ਰੱਖਣਾ ਹੈ। ਮੇਰੇ ਨਾਲ ਚਾਰ ਬਾਬੂ ਕੰਮ ਕਰਦੇ ਹਨ। ਸਾਡੇ ਆਫਿਸ ਅਧੀਨ ਕਈ ਦਰੋਗਾ ਆਉਂਦੇ ਹਨ। ਉਨ੍ਹਾਂ ਨੂੰ ਅਸੀਂ ਸ਼ਾਹਦਰਾ ਦੇ ਅੱਡ-ਅੱਡ ਖੇਤਰ ਵੰਡ ਕੇ ਦਿੱਤੇ ਹੋਏ ਹਨ। ਉਹ ਇਸ ਕੰਮ ਨੂੰ ਕਰਵਾਉਣ ਲਈ ਉਸ ਥਾਂ 'ਤੇ ਭੰਗੀਆਂ ਦੀ ਡਿਊਟੀ ਲਾਉਂਦੇ ਹਨ। ਉਨ੍ਹਾਂ ਦੀ ਹਾਜ਼ਰੀ ਲਾਉਂਦੇ ਹਨ। ਹਾਜ਼ਰੀ ਵਾਲੀਆਂ ਲਿਸਟਾਂ ਸਾਡੇ ਆਫਿਸ ਭੇਜਦੇ ਹਨ ਜਿਨ੍ਹਾਂ ਨੂੰ ਵੇਖ ਕੇ ਉਨ੍ਹਾਂ ਦੀ ਤਨਖ਼ਾਹ ਬਣਦੀ ਹੈ। "ਸਾਹਿਬ, ਮੈਂ ਇਹ ਕਮਰਾ ਸਾਫ਼ ਕਰਨਾ ਹੈ। ਕੀ ਤੁਸੀਂ ਥੋੜ੍ਹੇ ਚਿਰ ਲਈ ਬਾਹਰ ਚਲੇ ਜਾਓਗੇ?" ਆਪਣੀ ਥਾਂ ਤੋਂ ਉੱਠ ਉਸ ਬੰਦੇ ਨੇ ਕਿਹਾ। "ਤੂੰ?" ਮੈਂ ਉਸ ਕੋਲੋਂ ਪੁੱਛਿਆ।

"ਮੈਂ ਮੰਗਲ ਹਾਂ ਸਾਹਿਬ, ਸਾਵਿਤਰੀ ਦਾ ਘਰ ਵਾਲਾ... ਜਿਹੜੀ...।"

ਉਸ ਦੀ ਗੱਲ ਸੁਣ ਕੇ ਮੇਰੀ ਨਜ਼ਰ ਉਸ ਸ਼ਖ਼ਸ ਵੱਲ ਚਲੀ ਗਈ ਜਿਹੜਾ ਮਸਾਂ ਪੰਜ ਫੁੱਟ ਉੱਚਾ ਤੇ ਇਕਹਿਰੇ ਸਰੀਰ ਦਾ ਸੁਕੜੂ ਜਿਹਾ ਦਿਸਦਾ ਹੈ। ਜਿਸ ਨੇ ਮੈਲਾ ਕੁੜਤਾ ਪਜਾਮਾ ਪਹਿਨ ਰੱਖਿਆ ਹੈ। ਪੈਰਾਂ ਵਿੱਚ ਰਬੜ ਦੀ ਵੀ-ਸ਼ੇਪ ਚੱਪਲ ਹੈ।

ਇਸ ਦੇ ਨਾਲ ਹੀ ਮੈਨੂੰ ਉਹਦੀ ਪਤਨੀ ਸਾਵਿਤਰੀ ਦਾ ਖ਼ਿਆਲ ਆ ਗਿਆ। ਜਦੋਂ ਤੋਂ ਮੈਂ ਇੱਥੇ ਆਇਆ ਹਾਂ ਭਾਵ ਪਿਛਲੇ ਤਿੰਨ ਦਿਨਾਂ ਤੋਂ, ਆਫਿਸ ਦੇ ਚਾਰਾਂ ਕਮਰਿਆਂ ਅਤੇ ਬਾਹਰ ਖੁੱਲ੍ਹੀ ਥਾਂ ਦੀ ਸਫ਼ਾਈ ਕਰਨ ਉਹੀ ਆ ਰਹੀ ਹੈ। ਮੈਂ ਪਲਾਂ ਵਿੱਚ ਸਾਹਮਣੇ ਖੜ੍ਹੇ ਉਸ ਪੰਜ ਫੁੱਟ ਤੋਂ ਵੀ ਘੱਟ ਕੱਦ ਵਾਲੇ ਬੰਦੇ ਦੀ ਤੁਲਨਾ ਉਹਦੀ ਸੁਡੌਲ ਪਤਨੀ ਨਾਲ ਕਰਨ ਲੱਗਿਆ ਜਿਹੜੀ ਉਸ ਮਰਦ ਨਾਲੋਂ ਡੇਢ ਹੱਥ ਉੱਚੀ ਹੈ। ਸਰੀਰ ਤੋਂ ਇਉਂ ਜਿਵੇਂ ਪਹਾੜ ਦਾ ਟੁੱਟਿਆ ਇੱਕ ਵੱਡਾ ਟੁਕੜਾ ਹੋਵੇ ਜਿਸ ਹੇਠਾਂ ਪਹੀਏ ਲਾ ਦਿੱਤੇ ਹੋਣ ਤੇ ਉਹ ਪੱਥਰ ਹੱਥ ਵਿੱਚ ਝਾੜੂ ਫੜੀ ਆਪਣਾ ਕੰਮ ਕਰ ਰਿਹਾ ਹੋਵੇ।

ਮੈਂ ਵੇਖਿਆ ਮੰਗਲ ਅਜੇ ਵੀ ਮੇਰੇ ਸਾਹਮਣੇ ਖੜ੍ਹਾ ਸੀ।

"ਹਾਂ... ਹਾਂ ਤੂੰ ਸਫ਼ਾਈ ਕਰ ਲੈ। ਪਰ ਅੱਜ ਤੇਰੀ ਘਰਵਾਲੀ ਕਿਉਂ ਨਹੀਂ ਆਈ?" ਇਸ ਤੋਂ ਪਹਿਲਾਂ ਕਿ ਉਹ ਆਪਣਾ ਕੰਮ ਸ਼ੁਰੂ ਕਰਦਾ, ਮੈਂ ਪੁੱਛਿਆ।

"ਸਾਹਿਬ, ਉਸ ਨੂੰ ਤਿੰਨ ਦਿਨਾਂ ਤੋਂ ਬੁਖ਼ਾਰ ਚੜ੍ਹ ਰਿਹਾ ਹੈ। ਦੋ ਦਿਨ ਤਾਂ ਉਹ ਬੁਖ਼ਾਰ ਵਿੱਚ ਵੀ ਕੰਮ ਕਰਨ ਆਉਂਦੀ ਰਹੀ, ਪਰ ਅੱਜ ਮੈਂ....!" ਮੰਗਲ ਨੇ ਗੱਲ ਪੂਰੀ ਨਹੀਂ ਕੀਤੀ।

ਦੋ ਦਿਨਾਂ ਲਈ ਫਿਰ ਉਹੀ ਕੰਮ ਕਰਨ ਆਇਆ। ਉਹਦੀ ਪਤਨੀ ਨੇ ਛੁੱਟੀ ਰੱਖੀ।

"ਬਈ ਤੂੰ ਕੋਈ ਕੰਮ ਵੀ ਕਰਦਾ ਹੈਂ?" ਇੱਕ ਦਿਨ ਮੈਂ ਉਸ ਨੂੰ ਪੁੱਛਿਆ।

"ਕਰਦਾ ਹਾਂ ਸਾਹਿਬ। ਮੈਂ ਵੀ ਆਪ ਦੇ ਅਧੀਨ ਹਾਂ।"

"ਅੱਛਾ! ਪਰ ਤੇਰੀ ਡਿਊਟੀ ਕਿੱਥੇ ਲੱਗੀ ਹੋਈ ਹੈ?" ਮੈਂ ਉਸ ਨੂੰ ਪੁੱਛਿਆ।

"ਅੰਡਰਗਰਾਊਂਡ ਸੀਵਰੇਜ ਦੀ ਸਫ਼ਾਈ 'ਤੇ ਲੱਗਿਆ ਹੋਇਆ ਹਾਂ।" ਉਹਦੀ ਗੱਲ ਸੁਣ ਕੇ ਮੈਂ ਸੋਚਣ ਲੱਗਿਆ ਕਿ ਇਹ ਤਾਂ ਬਹੁਤ ਔਖਾ ਕੰਮ ਕਰਦਾ ਹੈ। ਹੇਠਾਂ ਸੀਵਰੇਜ ਵਿੱਚ ਉਤਰਨਾ ਜਿਸ ਵਿੱਚ ਕਈ ਵਾਰੀ ਖ਼ਤਰਨਾਕ ਗੈਸ ਵੀ ਹੁੰਦੀ ਹੈ। ਤੇ ਫਿਰ ਹੇਠਾਂ ਗੰਦੇ ਪਾਣੀ ਵਿੱਚ ਖੜ੍ਹ ਕੇ ਬਾਲਟੀਆਂ ਭਰ ਕੂੜਾ ਬਾਹਰ ਖੜ੍ਹੇ ਬੰਦੇ ਨੂੰ ਫੜਾਉਣਾ। ਪਰ ਇਹ ਬੰਦਾ!

"ਬਈ ਮੰਗਲ, ਤੂੰ ਰਹਿੰਦਾ ਕਿੱਥੇ ਹੈਂ?" ਇਹ ਮੇਰਾ ਅਗਲਾ ਸਵਾਲ ਸੀ।

"ਆਹ ਸਾਹਿਬ, ਦਫ਼ਤਰ ਤੋਂ ਅੱਗੇ ਜਿਹੜਾ ਤਿਕੋਣਾ ਪਾਰਕ ਹੈ, ਉੱਥੇ ਸਾਡੀ ਬਸਤੀ ਹੈ।"

"ਕਦੋਂ ਤੋਂ ਰਹਿ ਰਿਹਾ ਹੈਂ ਤੂੰ ਉੱਥੇ?"

"ਪਤਾ ਨਹੀਂ ਸਾਹਿਬ ਸਾਡੇ ਵਡੇਰਿਆਂ ਨੇ ਕਦੋਂ ਘਰ ਬਣਾਇਆ ਸੀ। ਸੁਣਨ ਵਿੱਚ ਆਉਂਦਾ ਹੈ ਕਿ ਸ਼ੁਰੂ ਵਿੱਚ ਦੋ ਭਰਾਵਾਂ ਨੇ ਇੱਥੇ ਪੰਜਾਹ-ਪੰਜਾਹ ਗਜ਼ ਥਾਂ ਲੈ ਕੇ ਘਰ ਬਣਾਏ ਸਨ। ਫਿਰ ਹੌਲੀ-ਹੌਲੀ ਸਾਡੀ ਬਿਰਾਦਰੀ ਦੇ ਹੋਰ ਬੰਦੇ ਇੱਥੇ ਆਉਂਦੇ ਰਹੇ। ਹੁਣ ਤਾਂ ਉੱਥੇ ਸਾਡੀ ਬਿਰਾਦਰੀ ਦੇ ਪੰਜ ਸੌ ਤੋਂ ਵੱਧ ਪਰਿਵਾਰ ਰਹਿੰਦੇ ਹਨ।"

"ਉਹ ਸਾਰੇ ਕੀ ਕੰਮ ਕਰਦੇ ਹਨ?" ਮੈਂ ਉਸ ਨੂੰ ਪੁੱਛਿਆ।

"ਕੰਮ ਕੀ ਸਾਹਿਬ, ਉਹੀ ਜਿਹੜਾ ਪੀੜ੍ਹੀਆਂ ਤੋਂ ਸਾਡੇ ਜ਼ਿੰਮੇ ਲੱਗਿਆ ਹੋਇਆ ਹੈ। ਸਾਡੇ ਸਾਫ਼ ਕਰਨ ਲਈ ਸੜਕਾਂ ਹਨ, ਨਾਲੀਆਂ ਹਨ। ਸਾਡੇ ਸਾਫ਼ ਕਰਨ ਲਈ ਅੰਡਰਗਰਾਊਂਡ ਸੀਵਰੇਜ ਹਨ। ਇਨ੍ਹਾਂ ਦੀ ਸਫ਼ਾਈ ਕਰਦਿਆਂ ਸਾਡੇ ਵੱਡਿਆਂ ਦੀ ਉਮਰ ਲੰਘੀ ਹੋਣੀ, ਸਾਡੀ ਵੀ ਲੰਘ ਜਾਣੀ ਹੈ। ਹੁਣ ਸਾਨੂੰ ਆਉਣ ਵਾਲੀ ਪੀੜ੍ਹੀ ਦਾ ਫ਼ਿਕਰ ਰਹਿੰਦਾ ਹੈ, ਕਿਤੇ ਉਹ ਵੀ!"

"ਲੈ ਮੰਗਲ ਹੁਣ ਕਾਹਦਾ ਫ਼ਿਕਰ। ਹੁਣ ਤਾਂ ਸਰਕਾਰ ਨੇ ਤੁਹਾਡੇ ਲਈ ਬਹੁਤ ਕੁਝ ਕਰ ਦਿੱਤਾ। ਤੁਹਾਡਾ ਨਾਂ ਤਕ ਬਦਲ ਦਿੱਤਾ। ਪਹਿਲੇ ਨਾਂ ਨਾਲ ਤਾਂ ਤੁਹਾਨੂੰ ਕੋਈ ਬੁਲਾ ਵੀ ਨਹੀਂ ਸਕਦਾ। ਜੇ ਕਿਤੇ ਗ਼ਲਤੀ ਨਾਲ ਕੋਈ ਬੁਲਾ ਵੀ ਲਵੇ ਤਾਂ ਉਸ ਨੂੰ ਜੇਲ੍ਹ ਹੋ ਜਾਂਦੀ ਹੈ।" ਮੈਂ ਉਹਦੀ ਗੱਲ ਕੱਟਦਿਆਂ ਕਿਹਾ।

"ਸਾਹਿਬ, ਨਾਂ ਬਦਲਣ ਨਾਲ ਬੰਦੇ ਦੇ ਕਰਮ ਥੋੜ੍ਹਾ ਬਦਲ ਜਾਂਦੇ ਹਨ?"

ਮੈਨੂੰ ਉਸ ਦੀ ਗੱਲ ਤੋਂ ਜਾਪਿਆ ਜਿਵੇਂ ਉਹ ਆਪਣੇ ਅੰਦਰ ਇੱਕ ਅੱਗ ਸਾਂਭੀ ਬੈਠਾ ਹੈ। ਗੱਲ ਕਰਕੇ ਉਹ ਕੰਮ ਕਰਨ ਲਈ ਚਲਾ ਗਿਆ। ਉਸ ਕੋਲੋਂ ਅਜਿਹੀਆਂ ਬਾਤਾਂ ਸੁਣਨੀਆਂ ਮੈਨੂੰ ਚੰਗੀਆਂ ਲੱਗੀਆਂ।

ਹੁਣ ਮੁੜ ਉਹਦੀ ਪਤਨੀ ਕੰਮ 'ਤੇ ਆਉਣ ਲੱਗੀ ਸੀ। ਫਿਰ ਵੀ ਮਹੀਨੇ ਵਿੱਚ ਸਾਵਿਤਰੀ ਕਦੇ ਨਾ ਕਦੇ ਛੁੱਟੀ ਮਾਰ ਹੀ ਲੈਂਦੀ।

ਇੱਕ ਦਿਨ ਮੈਂ ਵੇਖਿਆ ਕਿ ਸਾਵਿਤਰੀ ਦੇ ਨਾ ਆਉਣ ਕਰਕੇ ਵਕਤ ਤੋਂ ਪਹਿਲਾਂ ਮੰਗਲ ਨੇ ਸਾਰੇ ਕਮਰੇ ਸਾਫ਼ ਕਰ ਦਿੱਤੇ ਸਨ। ਹੁਣ ਉਹ ਬਾਹਰ ਖੁੱਲ੍ਹੇ ਵਿੱਚ ਝਾੜੂ ਨਾਲ ਨਿੰਮ ਦੇ ਪੱਤੇ ਇਕੱਠੇ ਕਰ ਰਿਹਾ ਸੀ। ਕੰਮ ਮੁਕਾ ਕੇ ਉਹ ਮੇਰੇ ਆਫਿਸ ਵਿੱਚ ਆ ਮੈਨੂੰ ਹੱਥ ਜੋੜ ਜ਼ਮੀਨ 'ਤੇ ਬੈਠ ਗਿਆ।

"ਹੋਰ ਬਈ ਮੰਗਲ, ਹੋ ਗਿਆ ਕੰਮ?"

"ਹਾਂ ਸਾਹਿਬ। ਅੱਜ ਪਤਨੀ ਨਹੀਂ ਆਈ। ਅਸਲ ਵਿੱਚ ਜਿਸ ਦਿਨ ਮੇਰੀ ਛੁੱਟੀ ਹੁੰਦੀ ਹੈ ਉਹਦਾ ਮਨ ਕਰਦਾ ਉਹਦੇ ਕੰਮ ਲਈ ਮੈਂ ਹੀ ਚਲਿਆ ਜਾਵਾਂ। ਉਸ ਨੂੰ ਇਹ ਸਭ ਕਰਨਾ ਚੰਗਾ ਨਹੀਂ ਲੱਗਦਾ। ਪਰ ਉਸ ਨੂੰ ਕਿਵੇਂ ਸਮਝਾਵਾਂ ਕਿ ਸਾਡੇ ਦੋਵਾਂ ਦੇ ਨੌਕਰੀ ਕਰਨ 'ਤੇ ਹੀ ਘਰ ਸੁਖਾਲਾ ਟੁਰੇਗਾ।"

"ਤੁਹਾਡਾ ਕੋਈ ਬੱਚਾ ਵੀ ਹੈ?" ਮੈਂ ਪੁੱਛਿਆ।

"ਸਾਡੇ ਚਾਰ ਬੱਚੇ ਨੇ।"

"ਅੱਛਾ ਕਿੰਨੇ ਵੱਡੇ ਨੇ? ਤੂੰ ਉਨ੍ਹਾਂ ਨੂੰ ਪੜ੍ਹਾਉਂਦਾ ਵੀ ਹੈਂ ਜਾਂ...?" ਇਹ ਕਹਿ ਮੈਂ ਉਸ ਵੱਲ ਵੇਖਣ ਲੱਗਾ।

"ਸਾਹਿਬ, ਪੜ੍ਹਨ ਦਾ ਤਾਂ ਮੈਨੂੰ ਵੀ ਬਹੁਤ ਸ਼ੌਕ ਸੀ। ਜਦੋਂ ਮੈਂ ਦਸਵੀਂ ਪਾਸ ਕਰ ਲਈ ਤਾਂ ਪਿਤਾ ਜੀ ਨੇ ਸਕੂਲੋਂ ਹਟਾ ਲਿਆ।"

"ਸਕੂਲੋਂ ਹਟਾ ਲਿਆ...? ਪਰ ਕਿਉਂ...?" ਮੈਂ ਪੁੱਛਿਆ।

"ਸਾਹਿਬ, ਪਿਤਾ ਜੀ ਦੀ ਸੋਚ ਹੋਰ ਸੀ, ਪਰ ਸੀ ਠੀਕ। ਉਹ ਕਹਿੰਦੇ ਤੂੰ ਤਾਂ ਪੜ੍ਹ ਕੇ ਵੀ ਸੜਕਾਂ 'ਤੇ ਝਾੜੂ ਹੀ ਮਾਰੇਂਗਾ, ਨਾਲੀਆਂ ਸਾਫ਼ ਕਰੇਂਗਾ। ਫਿਰ ਪੜ੍ਹਨ ਦੀ ਕੀ ਲੋੜ ਹੈ? ਇਹ ਕੰਮ ਤਾਂ ਅਨਪੜ੍ਹ ਬੰਦਾ ਵੀ ਕਰ ਸਕਦਾ ਹੈ।"

"ਪਰ ਤੇਰੀ ਸੋਚ?" ਇਹ ਮੇਰਾ ਅਗਲਾ ਸਵਾਲ ਸੀ।

"ਸਾਹਿਬ, ਮੇਰੀ ਸੋਚ ਵੱਖਰੀ ਹੈ। ਉਹ ਵਕਤ ਤਾਂ ਕਦੋਂ ਦਾ ਬੀਤ ਗਿਆ ਜਿਸ ਦੀ ਪਿਤਾ ਜੀ ਗੱਲ ਕਰਿਆ ਕਰਦੇ ਸਨ। ਜ਼ਰੂਰੀ ਨਹੀਂ ਕਿ ਬੰਦਾ ਪੜ੍ਹ ਕੇ ਝਾੜੂ ਹੀ ਫੜੇ। ਉਹ ਕਲਮ ਫੜ ਸਕਦਾ ਹੈ। ਉਹ ਫ਼ੌਜੀ ਬਣ ਕੇ ਬੰਦੂਕ ਫੜ ਸਕਦਾ ਹੈ।"

"ਕੀ ਤੂੰ ਆਪਣੇ ਬੱਚਿਆਂ ਨੂੰ ਪੜ੍ਹਾਏਂਗਾ?" ਮੈਂ ਪੁੱਛਿਆ।

"ਹਾਂ ਸਾਹਿਬ, ਮੇਰੀਆਂ ਦੋ ਵੱਡੀਆਂ ਧੀਆਂ ਤੇ ਉਨ੍ਹਾਂ ਤੋਂ ਛੋਟੇ ਦੋ ਪੁੱਤ ਹਨ। ਮੇਰੀ ਵੱਡੀ ਧੀ ਸੀ.ਏ. ਫਾਈਨਲ ਯੀਅਰ 'ਚ ਹੈ। ਉਸ ਤੋਂ ਛੋਟੀ ਬੀ.ਐੱਸਸੀ. ਕਰ ਰਹੀ ਹੈ। ਮੇਰਾ ਵੱਡਾ ਪੁੱਤ ਸਕੂਲ ਦੇ ਆਖ਼ਰੀ ਵਰ੍ਹੇ ਵਿੱਚ ਪ੍ਰੀ-ਮੈਡੀਕਲ 'ਚ ਪੜ੍ਹ ਰਿਹਾ। ਉਹ ਸਕੂਲ ਦਾ ਟਾਪਰ ਹੈ। ਕਹਿੰਦਾ ਡਾਕਟਰ ਬਣਾਂਗਾ। ਛੋਟਾ ਵੀ ਪੜ੍ਹਾਈ ਵਿੱਚ ਬਹੁਤ ਚੰਗਾ ਹੈ।"

ਮੰਗਲ ਦੀ ਇਹ ਗੱਲ ਸੁਣ ਕੇ ਆਫਿਸ ਦੀ ਖੁੱਲ੍ਹੀ ਥਾਂ 'ਤੇ ਝਾੜੂ ਮਾਰਨ ਵਾਲਾ ਉਹ ਬੰਦਾ ਪਲਾਂ ਵਿੱਚ ਮੇਰੇ ਸਾਹਮਣੇ ਇੱਕ ਇੱਜ਼ਤਦਾਰ ਬੰਦਾ ਬਣ ਗਿਆ। ਉਸ ਬਾਰੇ ਮੇਰੇ ਮਨ ਵਿੱਚ ਬਣੀ ਸੋਚ ਆਪੇ ਸ਼ਰਮਿੰਦਾ ਹੋ ਗਈ।

ਇਸ ਤੋਂ ਬਾਅਦ ਮੇਰੇ ਵਿੱਚ ਇੱਕ ਬਦਲਾਅ ਆ ਗਿਆ। ਹੁਣ ਜਦੋਂ ਕਦੇ ਮੰਗਲ ਕੰਮ 'ਤੇ ਆਉਂਦਾ ਤਾਂ ਮੈਂ ਉਸ ਨੂੰ ਜ਼ਬਰਦਸਤੀ ਕੁਰਸੀ 'ਤੇ ਬੈਠਣ ਲਈ ਕਹਿੰਦਾ ਸੀ। ਸਾਵਿਤਰੀ ਲਈ ਵੀ ਮੇਰੇ ਮਨ ਵਿੱਚ ਇੱਜ਼ਤ ਵਧ ਗਈ ਸੀ।

ਇੱਕ ਦਿਨ ਉਹ ਆਪਣੀ ਪਤਨੀ ਨਾਲ ਆਫਿਸ ਆਇਆ। ਮੈਂ ਦੋਵਾਂ ਨੂੰ ਇਕੱਠੇ ਵੇਖ ਥੋੜ੍ਹਾ ਹੈਰਾਨ ਜ਼ਰੂਰ ਹੋਇਆ। ਮੰਗਲ ਨੇ ਹੱਥ ਵਿੱਚ ਇੱਕ ਕਾਰਡ ਫੜਿਆ ਹੋਇਆ ਸੀ।

"ਸਾਹਿਬ ਇਹ।" ਕਾਰਡ ਮੈਨੂੰ ਫੜਾਉਂਦਿਆਂ ਉਸ ਨੇ ਕਿਹਾ।

"ਸਾਹਿਬ, ਮੇਰਾ ਇੱਕ ਦੋਸਤ ਸੀ ਅਮਰ। ਉਸ ਦੀ ਧੀ ਦਾ ਵਿਆਹ ਹੈ। ਉਹ ਤਾਂ ਨਹੀਂ ਰਿਹਾ। ਤੁਸੀਂ ਜੇ ਵਿਆਹ ਵਿੱਚ ਆਵੋਗੇ ਤਾਂ ਬਹੁਤ ਚੰਗਾ ਲੱਗੇਗਾ। ਬਿਨਾਂ ਬਾਪ ਦੀ ਬੱਚੀ ਹੈ। ਵੱਡਿਆਂ ਦਾ ਆਸ਼ੀਰਵਾਦ ਮਿਲੇਗਾ, ਉਸ ਨੂੰ ਤੁਹਾਡੇ ਆਉਣ 'ਤੇ। ਤੁਸੀਂ ਸ਼ਾਇਦ ਸਾਡੇ ਲੋਕਾਂ ਦੇ ਵਿਆਹ ਵਿੱਚ ਆਉਣਾ ਪਸੰਦ ਨਾ ਕਰੋ। ਸਾਡੇ ਅਜਿਹੇ ਕਾਰਜਾਂ ਵਿੱਚ ਸਾਡੀ ਬਿਰਾਦਰੀ ਦੇ ਬੰਦੇ ਹੀ ਸੱਦੇ ਜਾਂਦੇ ਹਨ, ਪਰ...।"

"ਨਹੀਂ ਮੰਗਲ, ਤੁਸੀਂ ਵੱਖਰੇ ਲੋਕ ਕਿਵੇਂ ਹੋ? ਇਹ ਗੱਲ ਨਹੀਂ। ਮੈਂ ਵਕਤ 'ਤੇ ਪਹੁੰਚਣ ਦੀ ਜ਼ਰੂਰ ਕੋਸ਼ਿਸ਼ ਕਰਾਂਗਾ। ਤੁਸੀਂ ਕਿੰਨੇ ਪਿਆਰ ਨਾਲ ਬੁਲਾਉਣ ਆਏ ਹੋ।"

ਮੰਗਲ ਤੇ ਸਾਵਿਤਰੀ ਕਾਰਡ ਦੇ ਕੇ ਚਲੇ ਗਏ। ਕਾਰਡ ਹੱਥ ਵਿੱਚ ਫੜੀ ਮੈਂ ਸੋਚ ਜਿਹੀ ਵਿੱਚ ਪੈ ਗਿਆ। ਵਿਆਹ ਵਿੱਚ ਜਾਣ ਜਾਂ ਨਾ ਜਾਣ ਦਾ ਫ਼ੈਸਲਾ ਕਰਨਾ ਔਖਾ ਲੱਗ ਰਿਹਾ ਸੀ।

ਪਰ ਫਿਰ ਮੰਗਲ ਕਰਕੇ ਮੈਂ ਜਾਣ ਦਾ ਮਨ ਬਣਾ ਲਿਆ। ਵਿਆਹ ਵਿੱਚ ਬਹੁਤ ਰੌਣਕ ਸੀ। ਖਾਣ-ਪੀਣ ਦਾ ਵਧੀਆ ਇੰਤਜ਼ਾਮ ਸੀ। ਮੰਗਲ ਤੇ ਸਾਵਿਤਰੀ ਮੈਨੂੰ ਬਹੁਤ ਪਿਆਰ ਤੇ ਇੱਜ਼ਤ ਨਾਲ ਮਿਲੇ। ਮੈਂ ਸ਼ਗਨ ਵਾਲਾ ਲਿਫ਼ਾਫ਼ਾ ਮੰਗਲ ਨੂੰ ਫੜਾ ਤੇ ਕੁਝ ਥੋੜ੍ਹਾ ਖਾ-ਪੀ ਕੇ ਘਰ ਮੁੜ ਆਇਆ। ਵਿਆਹ ਵਿੱਚ ਸ਼ਾਮਿਲ ਹੋਣਾ ਮੈਨੂੰ ਬਹੁਤ ਚੰਗਾ ਲੱਗਾ।

ਇੱਕ ਵਾਰੀ ਫਿਰ ਦੋ ਮਹੀਨੇ ਤੋਂ ਵੱਧ ਵਕਤ ਲੰਘ ਜਾਣ 'ਤੇ ਵੀ ਮੰਗਲ ਨਹੀਂ ਦਿਸਿਆ। ਸਾਵਿਤਰੀ ਆਉਂਦੀ ਤੇ ਕੰਮ ਕਰਕੇ ਚਲੀ ਜਾਂਦੀ। ਮੈਂ ਵੀ ਬਹੁਤਾ ਨਹੀਂ ਗੌਲਿਆ।

ਫਿਰ ਇੱਕ ਦਿਨ ਮੈਂ ਆਫਿਸ ਦੀ ਬਾਰੀ ਰਾਹੀਂ ਵੇਖਿਆ, ਉਹ ਬਾਹਰ ਖੁੱਲ੍ਹੇ ਵਿੱਚ ਝਾੜੂ ਨਾਲ ਸਫ਼ਾਈ ਕਰ ਰਿਹਾ ਸੀ।

ਕੰਮ ਮੁਕਾ ਕੇ ਉਹ ਮੇਰੇ ਸਾਹਮਣੇ ਆ ਜ਼ਮੀਨ 'ਤੇ ਬੈਠ ਗਿਆ। ਜਦੋਂ ਮੈਂ ਉਸ ਨੂੰ ਕੁਰਸੀ 'ਤੇ ਬੈਠਣ ਲਈ ਆਖਿਆ ਤਾਂ ਉਹ ਪਹਿਲਾਂ ਵਾਂਗ ਹੀ ਬੋਲਿਆ, "ਨਹੀਂ ਸਾਹਿਬ, ਇੱਥੇ ਹੀ ਠੀਕ ਹੈ। ਅਸੀਂ ਇੱਥੇ ਜੋਗੇ ਹੀ ਹਾਂ।" ਪਰ ਇਸ ਵਾਰੀ ਉਸ ਨੇ ਜੋ ਕਿਹਾ ਉਹ ਮੇਰੀ ਸਮਝ ਵਿੱਚ ਆ ਗਿਆ ਸੀ। ਜਦੋਂ ਉਸ ਨੇ ਇਹ ਆਖਿਆ ਤਾਂ ਮੇਰੀ ਨਜ਼ਰ ਅਚਾਨਕ ਉਹਦੇ ਚਿਹਰੇ 'ਤੇ ਚਲੀ ਗਈ। ਉਹ ਬਹੁਤ ਥੱਕਿਆ-ਥੱਕਿਆ ਲੱਗ ਰਿਹਾ ਸੀ ਜਿਵੇਂ ਕਿਤੇ ਮੁਸ਼ੱਕਤ ਦਾ ਕੰਮ ਕਰਕੇ ਆਇਆ ਹੋਵੇ।

"ਕੀ ਗੱਲ ਬਈ ਮੰਗਲ ਸਭ ਠੀਕ ਤਾਂ ਹੈ? ਤੂੰ ਇਸ ਤਰ੍ਹਾਂ ਥੱਕਿਆ-ਥੱਕਿਆ ਜਿਹਾ ਕਿਉਂ ਦਿਸ ਰਿਹਾ ਹੈਂ? ਤੂੰ ਇੰਨੇ ਦਿਨ ਆਇਆ ਕਿਉਂ ਨਹੀਂ?"

"ਸਾਹਿਬ ਇੱਕ ਬਹੁਤ ਮੁਸ਼ਕਿਲ ਹੈ। ਬਹੁਤ ਵੱਡੀ ਉਲਝਣ ਹੈ ਜਿਹੜੀ ਮੇਰੇ ਕੋਲੋਂ ਸੁਲਝਾਈ ਨਹੀਂ ਜਾਂਦੀ। ਬਹੁਤ ਸੋਚਦਾ ਹਾਂ। ਇਸ ਤਰ੍ਹਾਂ ਕਿਉਂ ਹੁੰਦਾ ਹੈ?"

"ਬਈ ਅਜਿਹਾ ਕੀ ਹੋ ਗਿਆ?" ਮੈਂ ਉਸ ਦੀ ਗੱਲ ਕੱਟ ਕੇ ਪੁੱਛਿਆ। ਕੁਝ ਚਿਰ ਰੁਕ ਉਹ ਦੱਸਣ ਲੱਗਾ, "ਜਦੋਂ ਸਾਹਿਬ, ਰਾਤੀਂ ਇੱਕ ਵਾਰ ਅੱਖ ਖੁੱਲ੍ਹ ਜਾਂਦੀ ਹੈ ਫਿਰ ਸਾਰੀ ਰਾਤ ਨੀਂਦ ਨਹੀਂ ਆਉਂਦੀ। ਅਗਲੇ ਦਿਨ ਫਿਰ ਕੰਮ 'ਤੇ ਤਾਂ ਜਾਣਾ ਹੀ ਹੁੰਦਾ ਹੈ। ਜਦੋਂ ਬੰਦੇ ਨੂੰ ਸਰੀਰਕ ਆਰਾਮ ਨਾ ਮਿਲੇ, ਮਨ ਨੂੰ ਚੈਨ ਨਾ ਮਿਲੇ, ਫਿਰ ਉਹ ਥੱਕਿਆ-ਥੱਕਿਆ.......।"

ਮੰਗਲ ਨੇ ਗੱਲ ਪੂਰੀ ਨਹੀਂ ਕੀਤੀ। ਉਸ ਨੇ ਬੋਲਣਾ ਬੰਦ ਕਰ ਦਿੱਤਾ। ਮੈਂ ਕਾਗਜ਼ 'ਤੇ ਲਿਖਣਾ ਛੱਡ ਕੁਰਸੀ ਦੀ ਢੋਅ ਨਾਲ ਪਿੱਠ ਲਗਾ ਲਈ ਅਤੇ ਲੱਤਾਂ ਪਸਾਰ ਆਰਾਮ ਨਾਲ ਬੈਠ ਕੇ ਪੁੱਛਿਆ, "ਬਈ ਅਜਿਹੀ ਕੀ ਮੁਸ਼ਕਿਲ ਹੈ ਜਿਹੜੀ ਦੂਰ ਨਹੀਂ ਹੋਈ?" ਇਹ ਆਖ ਮੈਂ ਉਹਦੇ ਬੋਲਣ ਦੀ ਉਡੀਕ ਕਰਨ ਲੱਗਾ।

ਕੁਝ ਚਿਰ ਪਤਾ ਨਹੀਂ ਕੀ ਸੋਚ ਉਹ ਆਪਣੀ ਮੁਸ਼ਕਿਲ ਬਾਰੇ ਦੱਸਣ ਲੱਗਾ, "ਸਾਹਿਬ, ਮੈਂ ਤੁਹਾਨੂੰ ਦੱਸਿਆ ਸੀ ਮੇਰੇ ਨਾਲ ਅਮਰ ਨਾਂ ਦਾ ਬੰਦਾ ਕੰਮ ਕਰਦਾ ਸੀ ਜਿਸ ਦੀ ਧੀ ਦੇ ਵਿਆਹ ਵਿੱਚ ਤੁਸੀਂ ਆਏ ਸੀ। ਸਾਡੀ ਕਾਲੋਨੀ ਵਿੱਚ ਉਹ ਮੇਰਾ ਪੱਕਾ ਦੋਸਤ ਸੀ। ਉਹ ਮੇਰੇ ਸਭ ਤੋਂ ਵੱਧ ਨੇੜੇ ਸੀ। ਸਾਡੇ ਘਰ ਉਹਦਾ ਆਉਣਾ-ਜਾਣਾ ਸੀ। ਉਸ ਦੀਆਂ ਦੋ ਧੀਆਂ ਸਨ ਜਿਹੜੀਆਂ ਵਿਆਹ ਕਾਬਲ ਹੋ ਗਈਆਂ ਸਨ। ਵੱਡੀ ਦੀ ਤਾਂ ਵਿਆਹ ਦੀ ਉਮਰ ਵੀ ਲੰਘ ਗਈ ਸੀ। ਅਮਰ ਨੇ ਬਹੁਤ ਮੁੰਡੇ ਵੇਖੇ, ਪਰ ਕਿਤੇ ਗੱਲ ਨਾ ਬਣੀ। ਮੁੰਡੇ ਵਾਲੇ ਦਾਜ ਦੀ ਮੰਗ ਕਰਦੇ ਜੋ ਉਸ ਦੇ ਵੱਸ ਨਹੀਂ ਸੀ। ਅਸੀਂ ਦੋਵੇਂ ਕਈ ਵਾਰੀ ਸਲਾਹ-ਮਸ਼ਵਰਾ ਕਰਦੇ, ਪਰ ਇਸ ਦਾ ਹੱਲ ਨਾ ਨਿਕਲਦਾ। ਉਹ ਅੱਖਾਂ ਨਮ ਕਰ ਲੈਂਦਾ। 'ਸਭ ਠੀਕ ਹੋ ਜਾਵੇਗਾ ਅਮਰ, ਤੂੰ ਫ਼ਿਕਰ ਨਾ ਕਰ?' ਸਾਹਿਬ, ਮੈਂ ਉਸ ਨੂੰ ਝੂਠਾ ਦਿਲਾਸਾ ਦਿੰਦਾ ਕਿਉਂਕਿ ਮੈਨੂੰ ਪਤਾ ਸੀ ਉਹ ਦਹੇਜ ਦਾ ਪ੍ਰਬੰਧ ਨਹੀਂ ਕਰ ਸਕੇਗਾ ਤੇ ਕੁਝ ਵੀ ਠੀਕ ਨਹੀਂ ਹੋਵੇਗਾ। ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਉਹ ਬਹੁਤ ਪ੍ਰੇਸ਼ਾਨ ਰਹਿਣ ਲੱਗਾ ਸੀ। ਉਸ ਨੂੰ ਛੋਟੀ ਤੋਂ ਛੋਟੀ ਗੱਲ 'ਤੇ ਗੁੱਸਾ ਵੀ ਬਹੁਤ ਆਉਂਦਾ। ਉਹ ਐਵੇਂ ਸੜਕ 'ਤੇ ਟੁਰਿਆ ਜਾਂਦਾ ਕਿਸੇ ਨਾਲ ਵੀ ਪੰਗਾ ਲੈ ਲੈਂਦਾ। ਦੋ ਸਾਲ ਪਹਿਲਾਂ ਦੀ ਗੱਲ ਹੈ। ਸ਼ਾਇਦ ਇਸ ਦਾ ਤੁਹਾਨੂੰ ਵੀ ਪਤਾ ਹੋਵੇ। ਇਹ ਨਵੀਂ ਦਿੱਲੀ 'ਚ ਵਾਪਰੀ ਘਟਨਾ ਹੈ। ਸਾਡੀ ਬਿਰਾਦਰੀ ਦੇ ਦੋ ਬੰਦੇ ਉੱਥੇ ਅੰਡਰ-ਗਰਾਊਂਡ ਸੀਵਰੇਜ ਦੀ ਸਫ਼ਾਈ ਕਰਨ ਲਈ ਹੇਠਾਂ ਉਤਰੇ ਸਨ, ਪਰ ਉਨ੍ਹਾਂ ਕੋਲੋਂ ਇੱਕ ਗ਼ਲਤੀ ਹੋ ਗਈ ਸੀ। ਮੇਨ ਹੋਲ ਦਾ ਢੱਕਣ ਖੋਲ੍ਹ ਉਨ੍ਹਾਂ ਅੰਦਰੋਂ ਜ਼ਹਿਰੀਲੀ ਗੈਸ ਬਾਹਰ ਨਹੀਂ ਕੱਢੀ। ਉਹ ਹੇਠਾਂ ਚਲੇ ਗਏ। ਜਦੋਂ ਕਾਫ਼ੀ ਚਿਰ ਬਾਹਰ ਨਾ ਨਿਕਲੇ ਤਾਂ ਬਾਹਰ ਖੜ੍ਹੇ ਬੰਦੇ ਨੇ ਉਨ੍ਹਾਂ ਦਾ ਨਾਂ ਲੈ ਆਵਾਜ਼ਾਂ ਮਾਰੀਆਂ, ਪਰ ਕੋਈ ਜਵਾਬ ਨਹੀਂ ਆਇਆ। ਫਿਰ ਫਾਇਰ ਬ੍ਰਿਗੇਡ ਵਾਲੇ ਸੱਦੇ ਗਏ। ਉਨ੍ਹਾਂ ਨੇ ਉਹ ਦੋ ਬੰਦੇ ਬਾਹਰ ਕੱਢੇ ਜਿਹੜੇ ਜ਼ਹਿਰੀਲੀ ਗੈਸ ਕਾਰਨ ਮਰ ਗਏ ਸਨ। ਸਾਡੀ ਬਿਰਾਦਰੀ ਨੇ ਖ਼ਾਸਾ ਰੌਲਾ ਪਾਇਆ ਤਾਂ ਸਰਕਾਰ ਨੇ ਉਨ੍ਹਾਂ ਦਾ ਮੂੰਹ ਬੰਦ ਕਰਨ ਲਈ ਪਰਿਵਾਰ ਵਾਲਿਆਂ ਨੂੰ ਪੰਜ-ਪੰਜ ਲੱਖ ਰੁਪਏ ਦੇ ਕੇ ਗੱਲ ਹੀ ਮੁਕਾ ਦਿੱਤੀ। ਹਾਂ, ਮੈਂ ਤਾਂ ਤੁਹਾਨੂੰ ਅਮਰ ਦੀ ਗੱਲ ਦੱਸ ਰਿਹਾ ਸੀ। ਅਸੀਂ ਦੋਵੇਂ ਚੁੱਪ-ਚਾਪ ਰਹਿੰਦੇ। ਹੁਣ ਅਮਰ ਵੀ ਧੀਆਂ ਦੀ ਗੱਲ ਨਾ ਕਰਦਾ। ਕੰਮ 'ਤੇ ਪਹੁੰਚ ਕੇ ਮੈਂ ਹੀ ਸੀਵਰੇਜ ਵਿੱਚ ਉਤਰਦਾ। ਕੂੜੇ ਦੀਆਂ ਬਾਲਟੀਆਂ ਭਰ-ਭਰ ਅਮਰ ਨੂੰ ਫੜਾਉਂਦਾ ਜਾਂਦਾ। ਫਿਰ ਇੱਕ ਦਿਨ ਬਹੁਤ ਅਜੀਬ ਗੱਲ ਹੋਈ। ਸਾਨੂੰ ਆਫਿਸ ਤੋਂ ਪਤਾ ਲੱਗਾ ਕਿ ਅਸੀਂ ਨਵੀਨ ਸ਼ਾਹਦਰਾ 'ਚ ਬੰਦ ਪਏ ਇੱਕ ਸੀਵਰੇਜ ਨੂੰ ਖੋਲ੍ਹਣ ਜਾਣਾ ਹੈ ਜਿਹੜਾ ਇੱਕ ਨੇਤਾ ਦੇ ਏਰੀਏ ਵਿੱਚ ਪੈਂਦਾ ਸੀ। ਅਸੀਂ ਦੋਵੇਂ ਉੱਥੇ ਪਹੁੰਚ ਗਏ। ਕੁਝ ਚਿਰ ਮੇਨ ਹੋਲ ਦੇ ਬੰਦ ਢੱਕਣ ਕੋਲ ਬੈਠੇ ਗੱਲਾਂ ਕਰਦੇ ਰਹੇ। ਉਹਦੀਆਂ ਗੱਲਾਂ ਆਪਣੀਆਂ ਧੀਆਂ ਦੇ ਫ਼ਿਕਰ ਵਾਲੀਆਂ ਨਹੀਂ ਸਨ। ਗੱਲਾਂ ਬੰਦ ਕਰ ਅਸੀਂ ਕੰਮ ਕਰਨ ਬਾਰੇ ਸੋਚਿਆ। ਮੈਂ ਕੁੜਤਾ-ਪਜਾਮਾ ਲਾਹ ਕੇ ਸੀਵਰੇਜ ਵਿੱਚ ਉਤਰਨ ਦੀ ਤਿਆਰੀ ਕਰ ਲਈ। ਅਜੇ ਮੈਂ ਢੱਕਣ ਖੋਲ੍ਹ ਉਸ ਵਿੱਚੋਂ ਜ਼ਹਿਰੀਲੀ ਗੈਸ ਬਾਹਰ ਨਿਕਲਣ ਦਾ ਇੰਤਜ਼ਾਰ ਕਰਨ ਲੱਗਾ ਸੀ ਕਿ ਮੇਰੇ ਵੇਖਦਿਆਂ-ਵੇਖਦਿਆਂ ਅਮਰ ਨੇ ਕੱਪੜਿਆਂ ਸਮੇਤ ਪਲਾਂ ਵਿੱਚ ਉਸ ਵਿੱਚ ਛਾਲ ਮਾਰ ਦਿੱਤੀ। ਤਦੇ ਮੈਨੂੰ ਅਮਰ ਦੀ ਆਵਾਜ਼ ਸੁਣਾਈ ਦਿੱਤੀ ਜਿਹੜੀ ਜਿਵੇਂ ਚੀਕ ਬਣ ਮੇਰੇ ਤੀਕ ਪਹੁੰਚੀ ਸੀ। ਜਿਵੇਂ ਉਹ ਬਹੁਤ ਜ਼ੋਰ ਲਾ ਕੇ ਬੋਲਿਆ ਸੀ: 'ਮੰਗਲ, ਪੰਜ ਲੱਖ ਰੁਪਏ ਨਾਲ ਤੂੰ ਮੇਰੀਆਂ ਦੋਵੇਂ ਧੀਆਂ ਦੇ ਵਿਆਹ ਕਰ ਦੇਵੀਂ। ਬਾਈ ਇਹ ਕੰਮ ਮੈਂ ਤੇਰੇ ਜ਼ਿੰਮੇ ਛੱਡ ਚੱਲਿਆ ਹਾਂ।' ਇਸ ਤੋਂ ਬਾਅਦ ਉਹਦੀ ਆਵਾਜ਼ ਆਉਣੀ ਬੰਦ ਹੋ ਗਈ ਸੀ। ਸਾਰੀ ਗੱਲ ਸਮਝਦਿਆਂ ਮੈਨੂੰ ਪਲ ਵੀ ਨਹੀਂ ਲੱਗਾ। ਮੈਂ ਰੌਲਾ ਪਾਇਆ। ਚੀਕਾਂ ਮਾਰ-ਮਾਰ ਲੋਕ ਇਕੱਠੇ ਕਰ ਲਏ। ਫਿਰ ਫਾਇਰ-ਬ੍ਰਿਗੇਡ ਵਾਲੇ ਆਏ। ਉਨ੍ਹਾਂ ਨੇ ਅਮਰ ਨੂੰ ਸੀਵਰੇਜ ਵਿੱਚੋਂ ਬਾਹਰ ਕੱਢਿਆ। ਉਸ ਦੇ ਕੱਪੜੇ ਹੀ ਨਹੀਂ ਸਗੋਂ ਉਸ ਦਾ ਸਾਰਾ ਸਰੀਰ ਗੰਦ ਨਾਲ ਭਰਿਆ ਹੋਇਆ ਸੀ। ਉਹ ਮਰ ਗਿਆ ਸੀ। ਫਿਰ ਮੈਂ ਉਹਦੀ ਮ੍ਰਿਤਕ ਦੇਹ ਨੇੜੇ ਉਸ ਦੀ ਪਤਨੀ ਤੇ ਉਸ ਦੀਆਂ ਧੀਆਂ ਨੂੰ ਚੀਕਾਂ ਮਾਰਦਿਆਂ ਵੇਖਿਆ ਜਿਹੜੀਆਂ ਇਸ ਘਟਨਾ ਦੀ ਖ਼ਬਰ ਲੱਗਦਿਆਂ ਹੀ ਉੱਥੇ ਪਹੁੰਚ ਗਈਆਂ ਸਨ।

(ਬਾਕੀ ਸਫ਼ਾ 27 'ਤੇ)

# ਮੇਰੀ ਕਲਮ

## ਇਹੀ ਡਰ ਲੱਗਾ ਰਹੇ...

**ਡਾ. ਲਾਭ ਸਿੰਘ ਖੀਵਾ**

ਕੋਈ ਨਾ ਖ਼ਰੀਦੇ ਫੇਰ, ਵਿਕੇ ਹੋਏ ਬੰਦੇ ਨੂੰ।
ਕਰੇ ਨਾ ਸਲਾਮ ਕੋਈ, ਝੁਕੇ ਹੋਏ ਝੰਡੇ ਨੂੰ।
ਕਿਸੇ ਕਿਸੇ ਕਿਸੇ ਨੂੰ, ਉੱਡ ਗਲ਼ੇ ਲਾਈਦਾ।
ਕਿਸੇ ਵੱਲ ਪਿੱਠ ਫੇਰ, ਕੋਲੋਂ ਲੰਘ ਜਾਈਦਾ।
ਚੁੰਮਿਆ ਨਾ ਜਾਂਦਾ ਕਦੇ, ਪੈਰ ਚੁਭੇ ਕੰਡੇ ਨੂੰ।
ਕੁਝ ਵੀ ਸਥਾਈ ਨਹੀਂ, ਇਸ ਕਾਇਨਾਤ 'ਚ।
ਜਾਨੀ ਸ਼ਾਮ ਤੱਕ ਦਾ, ਰੰਗਲੀ ਬਰਾਤ 'ਚ।
ਪਿੰਡ ਪਿੱਛੋਂ ਯਾਦ ਰੱਖੂ, ਕੀਤੇ ਚੰਗੇ-ਮੰਦੇ ਨੂੰ।
ਜ਼ਮੀਰਾਂ ਨਾ ਸੰਭਾਲੀਆਂ, ਜ਼ਮੀਨਾਂ ਨਾ ਸੰਭਾਲੀਆਂ।
ਅਣਖੀ ਪੰਜਾਬ ਨੇ, ਵਿਦੇਸ਼ ਠੋਹੀਆਂ ਭਾਲੀਆਂ।
ਉੱਡ ਗਿਆ ਚੋਗ ਲਈ, ਮਿਹਣਾ ਕੀ ਪਰਿੰਦੇ ਨੂੰ?
ਕੋੜਮੇ ਦੇ ਕੱਟੇ-ਵੱਛੇ, ਮੋਟੇ-ਭਾਰੇ ਕਰਕੇ।
ਆਉਣ ਵਾਲੀ ਪੀੜ੍ਹੀ ਲਈ, ਗੁਦਾਮ-ਕੋਠੇ ਭਰ ਕੇ।
ਫੇਰ ਵੀ ਸੇਵਾ ਕਹਿੰਦੇ, ਸਿਆਸਤ ਦੇ ਧੰਦੇ ਨੂੰ।
ਇਸ਼ਾਰਾ ਕਿਸੇ ਹੋਰ ਦਾ, ਨਾਅਰਾ ਕਿਸੇ ਹੋਰ ਦਾ,
ਰਾਖੇ ਸਾਡੇ ਧੀਆਂ-ਪੁੱਤ, ਮਾਲ ਕਿਸੇ ਚੋਰ ਦਾ।
ਗੰਜਿਆਂ ਦੀ ਭੀੜ ਕਹਿੰਦੀ ਮੋਹਰ ਲਾਇਓ ਕੰਘੇ ਨੂੰ।
ਅੱਜ ਅਸਮਾਨੇ ਜਿਹੜੀ, ਗੁੱਡੀ ਚੜ੍ਹੀ ਹੋਈ ਹੈ।
ਉਹਨੂੰ ਵੀ ਪਤਾ ਹੈ, ਡੋਰ ਕੀਹਨੇ ਫੜੀ ਹੋਈ ਹੈ।
ਦੋਵਾਂ ਦਾ ਸਹੇਲਪੁਣਾ ਦਿਸਦਾ ਹੈ ਅੰਧੇ ਨੂੰ।
ਪੱਤੀ ਪੱਤੀ ਕਰਕੇ, ਹੁਸਨ ਖੋਹਿਆ ਫੁੱਲ ਦਾ।
ਪੰਜ ਆਬਾਂ ਵਾਲਿਆ, ਤੂੰ ਪਾਣੀ ਪੀਂਦਾ ਮੁੱਲ ਦਾ।
ਵਰਤ ਗਿਆ ਸ਼ਿਕਾਰੀ ਕੋਈ, ਤੇਰੇ ਸੁੰਨੇ ਕੰਧੇ ਨੂੰ।
ਭਾਵੇਂ ਕੁੱਜਾ ਟੁੱਟ ਜਾਵੇ, ਥੰਦਾ ਵੱਖ ਕਰੇ ਨਾ।
ਤੇਰੇ ਵਿੱਚੋਂ ਨਾਬਰੀ, ਪੰਜਾਬ ਸਿਆਂ ਮਰੇ ਨਾ।
ਇਹੀ ਡਰ ਲੱਗਾ ਰਹੇ, ਅੱਜ ਦੇ 'ਔਰੰਗੇ' ਨੂੰ।

## .ਗ਼ਜ਼ਲ

**ਬਲਵਿੰਦਰ ਬਾਲਮ ਗੁਰਦਾਸਪੁਰ**

ਕਿੰਨੇ ਸੱਜਣ ਦੂਰ ਗਏ ਨੇ ਕਿੰਨੇ ਕੁ ਨਜ਼ਦੀਕ ਰਹੇ।
ਸੋਚ ਰਿਹਾ ਹਾਂ ਕਿੰਨੇ ਤੁਰ ਗਏ ਕਿੰਨੇ ਬਾਕੀ ਠੀਕ ਰਹੇ।
ਅਗਰ ਜ਼ਰੂਰਤ ਪੈ ਗਈ ਏ ਆਪਾਂ ਸਭ ਦਾ ਸਾਥ ਨਿਭਾਇਆ,
ਜੀਵਨ ਦੇ ਵਿੱਚ ਬੇਸ਼ੱਕ ਆਪਾਂ ਹਾਸ਼ੀਏ ਵਾਲੀ ਲੀਕ ਰਹੇ।
ਜਿਹੜੇ ਲੋਕੀਂ ਰਾਹ ਦਸੇਰਾ ਉਨ੍ਹਾਂ ਸ਼ੋਭਾ ਪਾਉਣੀ ਏ,
ਜੁਗਨੂੰ, ਦੀਪਕ, ਸੂਰਜ, ਤਾਰੇ ਨ੍ਹੇਰੇ ਦੇ ਪ੍ਰਤੀਕ ਰਹੇ।
ਤੇਜ਼ ਹਵਾਵਾਂ ਨੇ ਰੁੱਖਾਂ ਨੂੰ ਏਦਾਂ ਦੀ ਆਵਾਜ਼ ਹੈ ਬਖ਼ਸ਼ੀ,
ਬੰਦ ਗੁਫ਼ਾਵਾਂ ਦੇ ਵਿੱਚ ਰਹਿ ਕੇ ਜਿੱਦਾਂ ਲੋਕੀਂ ਚੀਕ ਰਹੇ।
ਨਾ ਉਡੀਕਾਂ ਨਾ ਉਮੀਦਾਂ ਨਾ ਮੰਗੀ ਮਦਦ ਕਿਸੇ ਤੋਂ,
ਮੇਰੇ ਦੁੱਖ ਵਿੱਚ ਮੇਰੇ ਹਾਸੇ ਅਪਣੇ ਆਪ ਸ਼ਰੀਕ ਰਹੇ।
ਫੁੱਲਾਂ ਉੱਤੇ ਸ਼ਬਨਮ ਏਦਾਂ ਪੱਥਰ ਹੋ ਕੇ ਰਹਿ ਗਈ ਏ,
ਅੱਜ ਵੀ ਤੜਕ ਸਵੇਰੇ ਤੈਨੂੰ ਗੁਲਸ਼ਨ ਵਿੱਚ ਉਡੀਕ ਰਹੇ।
ਮੇਰੀ ਇਹ ਕਮਜ਼ੋਰੀ ਨਈਂ ਏ ਸਿਰਫ਼ ਤਿਰਾ ਰਾਜ਼ ਛੁਪਾਇਆ,
ਮੇਰੇ ਹੰਝੂ ਤਾਂ ਹੀ ਦਿਲ ਵਿੱਚ ਰੁਕ ਕੇ ਪਲਕਾਂ ਤੀਕ ਰਹੇ।
ਹਾਕਮ ਦੇ ਦਰਬਾਰ 'ਚ ਸਾਰੇ ਨੇਤਾ ਅੰਨ੍ਹੇ ਬੋਲ਼ੇ ਨੇ,
ਬਸਤੀ ਦੇ ਵਿੱਚ ਕੀ ਕੁਝ ਹੋਇਆ ਕਿਉਂ ਲੋਕੀਂ ਫਿਰ ਚੀਕ ਰਹੇ।
ਬਾਲਮ ਉਹੋ ਹਰ ਸੱਚੇ ਵਿੱਚ ਢਲ ਨਾ ਹੋਏ ਆਖ਼ਿਰ ਤਕ,
ਜਿਹੜੇ ਲੋਕ ਵਿਚਾਰਾਂ ਅੰਦਰ ਰੇਤੇ ਵਾਂਗ ਬਾਰੀਕ ਰਹੇ।

## ਇਹ ਪੰਜਾਬੀ ਨੇ

**ਗੁਰਤੇਜ ਸਿੰਘ ਖੁਡਾਲ**

ਹਿੱਕਾਂ ਤਾਣ ਕੇ ਖੜ੍ਹ ਜਾਂਦੇ ਨੇ,
ਹੱਕਾਂ ਦੇ ਲਈ ਲੜ ਜਾਂਦੇ ਨੇ,
ਧਰਮ ਦੇਸ਼ ਲਈ ਮਰ ਜਾਂਦੇ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਨਾ ਕਿਸੇ ਕੋਲੋਂ ਇਹ ਡਰਦੇ ਨੇ,
ਨਾ ਕਿਸੇ ਨੂੰ ਇਹ ਡਰਾਉਂਦੇ ਨੇ,
ਮਜ਼ਲੂਮਾਂ ਨਾਲ ਇਹ ਖੜ੍ਹਦੇ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਦੁਸ਼ਮਣ ਨੂੰ ਸਬਕ ਸਿਖਾਉਂਦੇ ਨੇ,
ਪਾਪੀਆਂ ਤਾਈਂ ਸੋਧਾ ਲਾਉਂਦੇ ਨੇ,
ਚੁੰਮ ਫਾਸੀਆਂ ਗਲਾਂ ਵਿੱਚ ਪਾਉਂਦੇ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਇਹ ਅੰਨਦਾਤਾ ਅਖਵਾਉਂਦੇ ਨੇ,
ਸਾਰੇ ਦੇਸ਼ ਲਈ ਅੰਨ ਉਗਾਉਂਦੇ ਨੇ,
ਅੰਨ ਭੰਡਾਰ ਦੇਸ਼ ਦਾ ਭਰਦੇ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਬਹੁਤ ਅਣਖੀ ਅਤੇ ਬਹਾਦਰ ਨੇ,
ਸਾਰੇ ਦੇਸ਼ ਦੇ ਸੰਭਾਲੇ ਬਾਰਡਰ ਨੇ,
ਪੂਰੇ ਦੇਸ਼ ਦੀ ਇਹ ਜਿੰਦ ਜਾਨ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਨਾ ਪਹਿਲਾਂ ਇਹ ਕੁਝ ਕਹਿੰਦੇ ਨੇ,
ਨਾ ਜ਼ੁਲਮ ਕਿਸੇ ਦਾ ਸਹਿੰਦੇ ਨੇ,
ਖੁਡਾਲ ਦੇਸ਼ ਨੂੰ ਇਹੀ ਬਚਾਉਂਦੇ ਨੇ
ਇਹ ਪੰਜਾਬੀ ਨੇ, ਇਹ ਪੰਜਾਬੀ ਨੇ

## ਕੋਈ-ਕੋਈ ਪਿਉ

**ਕੁਲਵਿੰਦਰ ਵਿਰਕ**




ਕੋਈ-ਕੋਈ ਪਿਉ
ਵਕਤ ਦੇ ਕੰਡਿਆਂ ਨਾਲ ਖਹਿੰਦਾ
ਉਮਰ ਗਾਲ ਦਿੰਦਾ
ਨਿੱਕੇ ਭੈਣ-ਭਰਾਵਾਂ
ਤੇ ਬੱਚਿਆਂ ਦੀ ਖ਼ਾਤਰ
ਮਿੱਟੀ ਨਾਲ ਮਿੱਟੀ ਹੁੰਦਾ
ਸਭ ਐਸ਼-ਆਰਾਮ
ਤਿਆਗ ਦਿੰਦਾ
ਤੇ ਜਦ
ਮਿਹਨਤਾਂ ਨੂੰ ਪਏ ਬੂਰ
ਪੱਕਣ ਲੱਗਦੇ
ਸੁਖ ਭਰੇ ਦਿਨਾਂ ਵਿੱਚ
ਬੱਚੇ ਵਸਣ ਲੱਗਦੇ
ਤਾਂ ਹੱਥ-ਪੱਲਾ ਝਾੜ
ਸਦਾ ਲਈ ਪਿਉ
ਤੁਰ ਜਾਂਦਾ
ਪੰਜਾਂ ਤੱਤਾਂ ਦਾ ਪੁਤਲਾ
ਪੰਜਾਂ ਤੱਤਾਂ 'ਚ ਘੁਲ ਜਾਂਦਾ
ਖੁਰ ਜਾਂਦਾ
ਕੋਈ-ਕੋਈ ਪਿਉ
ਵਿਧ ਮਾਤਾ ਤੋਂ
ਖੌਰੇ ਕੇਹੇ ਲੇਖ
ਲਿਖਾ ਕੇ ਲਿਆਉਂਦਾ

## ਉਦਾਸ ਪਤਝੜ

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ, ਯੂ.ਕੇ. 07748772308**





ਉਦਾਸ ਉਦਾਸ ਮੈਂ ਪਤਝੜ, ਹਾਂ ਸੁੰਦਰਤਾ ਤੋਂ ਸੱਖਣੀ,
ਮੇਰੇ ਕੋਲੋਂ ਬਹਾਰ ਦੀ, ਉਮੀਦ ਨਾ ਕੋਈ ਰੱਖਣੀ।
ਪੁੱਤਰਾਂ ਵਰਗੇ ਪੱਤਰ, ਮੇਰੇ ਹੱਥੋਂ ਵਿਛੜ ਗਏ,
ਹੱਸਦੇ ਫੁੱਲ 'ਤੇ ਕਲੀਆਂ, ਨਾ ਜਾਣੇ ਕਿਧਰ ਗਏ।
ਤਿੱਤਰ ਹੋਈਆਂ ਤਿਤਲੀਆਂ, ਮੇਰੀਆਂ ਬਾਹਾਂ ਛੱਡ,
ਜੋ ਭੰਵਰਿਆਂ ਦੇ ਪਿਆਰ 'ਚ, ਹੁੰਦੀਆਂ ਸੀ ਰਲਗੱਡ।
ਨਾ ਚੀਜ਼ ਵਹੁਟੀਆਂ ਦੀ, ਹੁਣ ਕਿਤੇ ਕਤਾਰ ਦਿਸੇ,
ਕਿਹੜੇ ਲਾੜਿਆਂ ਸੰਗ ਲੱਗ, ਹੋਈਆਂ ਫ਼ਰਾਰ ਕਿਤੇ।
ਬੁਲਬੁਲਾਂ ਦੇ ਬੋਲ ਵੀ, ਨਾ ਕੰਨੀਂ ਪੈਂਦੇ ਨੇ,
ਨਾ ਤੋਤੇ ਹੀ ਕਿਤੇ ਬਹਿ ਕੇ, ਦੁੱਖ ਸੁੱਖ ਕਹਿੰਦੇ ਨੇ।
ਕੋਇਲ ਵੀ ਅੱਜ ਕਿਧਰੇ, ਹੈ ਗਈ ਹੋ ਅਲੋਪ,
ਕਿਸ ਤੋਂ ਸੁਣਨ ਸ਼ਹਿਦ ਤੋਂ, ਮਿੱਠੇ ਗੀਤ ਹੁਣ ਲੋਕ।
ਇਹ ਕਿਉਂ ਸਮੇਂ ਦੀ ਐਸੀ, ਕੋਈ ਮਾਰ ਪਈ,
ਕਿਉਂ ਮੇਰੀ ਕਿਸਮਤ ਹੀ, ਇਤਨੀ ਬੇਕਾਰ ਗਈ?
ਕੁਦਰਤ ਨੇ ਕਿਉਂ ਧੋਖਾ, ਕੀਤਾ ਹੈ ਨਾਲ ਮੇਰੇ,
ਕਿਉਂ ਲਿਖੇ ਨੇ ਉਸ ਨੇ, ਅਭਾਗੇ ਹਾਲ ਮੇਰੇ?

## ਕਿਤੇ ਕੋਈ ਹੱਸ ਰਿਹਾ ਚਿਹਰਾ

**ਪੋਰਿੰਦਰ ਸਿੰਗਲਾ**

ਕਿਤੇ ਕੋਈ ਹੱਸ ਰਿਹਾ ਚਿਹਰਾ, ਕਿਤੇ ਕੋਈ ਰੋ ਰਿਹਾ ਚਿਹਰਾ,
ਕਿਸੇ ਨੇ ਲਾ ਲਈ ਮਹਿੰਦੀ, ਕਿਸੇ ਨੇ ਧੋ ਲਿਆ ਚਿਹਰਾ।
ਕਿਸੇ ਦੇ ਵਿਹੜੇ ਰੌਣਕ ਹੈ, ਕਿਸੇ ਦੇ ਘਰ ਵਿੱਚ ਹੈ ਮਾਤਮ,
ਕਿਸੇ ਦਾ ਗਾ ਰਿਹਾ ਚਿਹਰਾ, ਜ਼ਰਦ ਕੋਈ ਹੋ ਰਿਹਾ ਚਿਹਰਾ।
ਕਿਸੇ ਦੀ ਛਣਕ ਰਹੀ ਪਾਇਲ, ਕਿਸੇ ਦੀਆਂ ਗੁੰਮ ਨੇ ਸੱਧਰਾਂ,
ਕਿਸੇ ਦਾ ਸਜ ਰਿਹਾ ਚਿਹਰਾ, ਚਮਕ ਕੋਈ ਖੋ ਰਿਹਾ ਚਿਹਰਾ।
ਕਿਸੇ ਲਈ ਬਾਰਸ਼ ਹੈ ਆਨੰਦ, ਕਿਸੇ ਲਈ ਬਾਰਸ਼ ਆਫ਼ਤ ਹੈ,
ਕਿਸੇ ਦੇ ਹੋਠਾਂ 'ਤੇ ਸਰ.ਗਮ, ਹੰਝੂ ਕੋਈ ਲੁਕੋ ਰਿਹਾ ਚਿਹਰਾ।
ਇਹ ਦੁਨੀਆ ਦਾ ਮੇਲਾ ਹੈ, ਇਹ ਜਗਤ ਤਮਾਸ਼ਾ ਹੈ,
ਕਿਤੇ ਕੋਈ ਹੱਸ ਰਿਹਾ ਚਿਹਰਾ, ਕਿਤੇ ਕੋਈ ਰੋ ਰਿਹਾ ਚਿਹਰਾ।

## ਪਰਛਾਵੇਂ

**ਬਲਤੇਜ ਸੰਧੂ ਬੁਰਜ ਲੱਧਾ**



ਤੂੰ ਸਾਡਾ ਏਂ ਸੱਜਣ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ
ਮਨ ਨਹੀਂ ਮੰਨਦਾ ਫੇਰ ਵੀ ਤੇਰੇ ਸੰਗ ਰਹਿਣਾ ਪੈ ਰਿਹਾ
ਪਲ ਪਲ ਮਰਦੇ ਟੁੱਟਦੇ ਢਹਿੰਦੇ ਹਾਂ ਤੇਰੇ ਦਿੱਤੇ ਜ਼ਖ਼ਮਾਂ ਤੋਂ
ਫੱਟ ਲੱਗੇ ਨੇ ਡੂੰਘੇ ਬੜਾ ਰੂਹ ਨੂੰ ਦਰਦ ਸਹਿਣਾ ਪੈ ਰਿਹਾ
ਤੂੰ ਸਾਡਾ ਹੋ ਕੇ ਵੀ ਯਾਰਾ ਕਦੇ ਸਾਡਾ ਨਹੀਂ ਬਣਿਆ
ਸਿੱਲੀ ਅੱਖ ਤੇ ਰੋਂਦੇ ਦਿਲ ਨੂੰ ਆਖ਼ਰ ਕਹਿਣਾ ਪੈ ਰਿਹਾ
ਅਸੀਂ ਰੂਹ ਤੋਂ ਚਾਹੁੰਦੇ ਸੀ ਤੂੰ ਪਿਆਰ ਹੀ ਜਿਸਮਾਂ ਨੂੰ ਕਰਦਾ ਸੀ
ਏਸੇ ਕਰਕੇ ਹੀ ਸੱਜਣਾ ਚੰਦਰੇ ਵਕ ?ਤ ਦੇ ਹੱਥੋਂ ਢਹਿਣਾ ਪੈ ਰਿਹਾ
ਬੇਗਾਨਿਆਂ ਤੋਂ ਵੱਧ ਖ਼ਤਰਾ ਅੱਜਕੱਲ੍ਹ ਆਪਣਿਆਂ ਤੋਂ ਲੱਗਦਾ ਏ
ਏਸੇ ਕਰਕੇ ਜਿੰਦੜੀ ਨੂੰ ਦੁੱਖਾਂ ਦੇ ਪਰਛਾਵੇਂ ਸੰਗ ਬਹਿਣਾ ਪੈ ਰਿਹਾ
ਹੱਥੀਂ ਦੇ ਕੇ ਪਾਣੀ ਜਦ ਮਾਲੀ ਹੀ ਕੁਚਲ ਜਾਵੇ ਫੁੱਲਾਂ ਨੂੰ
ਤਾਂ ਹੀ ਬਗੀਚੀ ਨੂੰ ਕੰਡਿਆਲੀ ਤਾਰ ਦਾ ਸਹਾਰਾ ਲੈਣਾ ਪੈ ਰਿਹਾ
ਕੀ ਦੋਸ਼ ਕਿਸੇ ਨੂੰ ਏਥੇ ਆਪਣੇ ਛੁਰੀਆਂ ਪਿੱਠ ਪਿੱਛੇ ਚਲਾਉਂਦੇਨੇ
ਤਾਹੀਓਂ ਪੈਰ ਪੈਰ 'ਤੇ ਲੱਧੇ ਵਾਲੇ ਸੰਧੂਆ ਧੋਖਾ ਸਹਿਣਾ ਪੈ ਰਿਹਾ।

## .ਗ਼ਜ਼ਲ

**ਰੋਜ਼ੀ ਸਿੰਘ**

ਉਹ ਜੋ ਸ਼ਾਮ ਸੀ ਤੇਰੇ ਸ਼ਹਿਰ ਦੀ, ਮੇਰੇ ਸੁਪਨਿਆਂ ਵਿੱਚ ਆ ਗਈ।
ਇੱਕ ਨਸ਼ਾ ਰਗਾਂ 'ਚ ਉੱਤਰ ਗਿਆ, ਨਜ਼ਰ 'ਚ ਮਸਤੀ ਸਮਾ ਗਈ।
ਜਿਹੜੀ ਬਾਤ ਉਸਨੇ ਸੁਣੀ ਨਹੀਂ, ਮੇਰੀ ਉਮਰ ਭਰ ਦੀ ਸੀ ਜੁਸਤਜੂ,
ਉਹ ਘੜੀ ਦੋ ਪਲ ਦੀ ਸੀ ਆਰਜ਼ੂ ਮੈਨੂੰ ਖ਼ਾਬ ਕੀ-ਕੀ ਦਿਖਾ ਗਈ।
ਮੈਥੋਂ ਖ਼ਤ 'ਚ ਨਾ ਸਿਮਟ ਸਕੇ, ਮੇਰੇ ਦਿਲ 'ਚ ਜੋ ਵੀ ਸਵਾਲ ਸਨ,
ਤੇਰੇ ਦਿਲ 'ਚ ਸੀ ਜੋ ਨਾਰਾਜ਼ਗੀ, ਉਹ ਤਾਂ ਨੀਂਦ ਮੇਰੀ ਉਡਾ ਗਈ।
ਤੇਰਾ ਪਿਆਰ ਮੇਰਾ ਇਮਾਨ ਹੈ, ਮੇਰੇ ਦਿਲ 'ਚ ਤੇਰਾ ਸਥਾਨ ਹੈ,
ਮੇਰੀ ਤਾਂ ਤਬੀਅਤ ਬਦਲ ਗਈ, ਦਿਲ ਦੀ ਜ਼ਮੀਂ ਨਸ਼ਿਆ ਗਈ।
ਤੇਰੀ ਯਾਦ ਦਾ ਇਹ ਜੋ ਸਿਲਸਿਲਾ, ਮੇਰੇ ਜੀਣ ਦੇ ਲਈ ਏ ਹੌਂਸਲਾ,
ਮੇਰੇ ਮਨ 'ਚ ਸੀ ਜੋ ਵੀ ਦਾਸਤਾਨ ਉਹ ਤੇਰੀ ਜ਼ੁਬਾਨ 'ਤੇ ਆ ਗਈ।
ਉਹਦਾ ਵਾਹ ਰਕੀਬਾਂ ਦੇ ਨਾਲ ਹੈ, ਮੈਨੂੰ ਇਹੋ ਤਾਂ ਬਸ ਮਲਾਲ ਹੈ,
ਘੁਣ ਵਾਂਙ ਉਸ ਦੀ ਇਹ ਬੇਰੁਖ਼ੀ, ਮੈਨੂੰ ਖਾਂਦੀ ਖਾਂਦੀ ਖਾ ਗਈ।

## ਕਾ.ਫ਼ਿਰ

**ਸੁਲੇਮਾਨ ਹੈਦਰ**

ਮੈਂ ਵੀ ਕਾਫ਼ਿਰ, ਤੂੰ ਵੀ ਕਾਫ਼ਿਰ, ਤੂੰ ਵੀ ਕਾਫ਼ਿਰ ਮੈਂ ਵੀ ਕਾਫ਼ਿਰ
ਫੁੱਲਾਂ ਦੀ ਖੁਸ਼ਬੂ ਵੀ ਕਾਫ਼ਿਰ, ਸ਼ਬਦਾਂ ਦਾ ਜਾਦੂ ਵੀ ਕਾਫ਼ਿਰ
ਇਹ ਵੀ ਕਾਫ਼ਿਰ, ਉਹ ਵੀ ਕਾਫ਼ਿਰ, ਫ਼ੈਜ਼ ਅਤੇ ਮੰਟੋ ਵੀ ਕਾਫ਼ਿਰ
ਨੂਰਜਹਾਂ ਦਾ ਗਾਣਾ ਕਾਫ਼ਿਰ, ਮੈਕਡੋਨਲਡ ਦਾ ਖਾਣਾ ਕਾਫ਼ਿਰ
ਬਰਗਰ ਕਾਫ਼ਿਰ, ਕੋਕ ਵੀ ਕਾਫ਼ਿਰ, ਹਾਸਾ ਖੇਡਾ, ਜੋਕ ਵੀ ਕਾਫ਼ਿਰ
ਤਬਲਾ ਕਾਫ਼ਿਰ, ਢੋਲ ਵੀ ਕਾਫ਼ਿਰ, ਪਿਆਰ ਭਰੇ ਦੋ ਬੋਲ ਵੀ ਕਾਫ਼ਿਰ
ਸੁਰ ਵੀ ਕਾਫ਼ਿਰ, ਤਾਲ ਵੀ ਕਾਫ਼ਿਰ, ਭੰਗੜਾ, ਨਾਚ, ਧਮਾਲ ਵੀ ਕਾਫ਼ਿਰ
ਦਾਦਰਾ ਕਾਫ਼ਿਰ, ਠੁਮਰੀ ਕਾਫ਼ਿਰ, ਕਾਫ਼ੀ ਅਤੇ ਖ਼ਿਆਲ ਵੀ ਕਾਫ਼ਿਰ
ਵਰਿਸ ਸ਼ਾਹ ਦੀ ਹੀਰ ਵੀ ਕਾਫ਼ਿਰ, ਚਾਹਤ ਦੀ ਜ਼ੰਜੀਰ ਵੀ ਕਾਫ਼ਿਰ
ਜ਼ਿੰਦਾ ਮੁਰਦਾ ਪੀਰ ਵੀ ਕਾਫ਼ਿਰ, ਭੇਟ ਨਿਆਜ਼ ਦੀ ਖੀਰ ਵੀ ਕਾਫ਼ਿਰ
ਬੇਟੇ ਦਾ ਬਸਤਾ ਵੀ ਕਾਫ਼ਿਰ, ਬੇਟੀ ਦੀ ਗੁੜੀਆ ਵੀ ਕਾਫ਼ਿਰ
ਹੱਸਣਾ ਰੋਣਾ ਕੁਫ਼ਰ ਦਾ ਸੌਦਾ, ਗ਼ਮ ਵੀ ਕਾਫ਼ਿਰ, ਖ਼ੁਸ਼ੀ ਵੀ ਕਾਫ਼ਿਰ
ਜੀਨਜ਼ ਅਤੇ ਗਿਟਾਰ ਵੀ ਕਾਫ਼ਿਰ, ਕਲਾ ਅਤੇ ਕਲਾਕਾਰ ਵੀ ਕਾਫ਼ਿਰ
ਜੋ ਮੇਰੀ ਧਮਕੀ ਨਾ ਛਾਪੇ, ਉਹ ਸਾਰੇ ਅਖ਼ਬਾਰ ਵੀ ਕਾਫ਼ਿਰ
ਯੂਨੀਵਰਸਿਟੀ ਦੇ ਅੰਦਰ ਕਾਫ਼ਿਰ, ਡਾਰਵਿਨ ਦਾ ਬਾਂਦਰ ਕਾਫ਼ਿਰ
ਫਰਾਇਡ ਪੜ੍ਹਾਵਣ ਵਾਲੇ ਕਾਫ਼ਿਰ, ਮਾਰਕਸ ਦੇ ਮਤਵਾਲੇ ਕਾਫ਼ਿਰ
ਮੰਦਰ ਵਿੱਚ ਤਾਂ ਬੁੱਤ ਹੁੰਦਾ ਹੈ, ਮਸਜਿਦ ਦਾ ਵੀ ਹਾਲ ਬੁਰਾ ਹੈ
ਕੁਝ ਮਸਜਿਦ ਦੇ ਬਾਹਰ ਕਾਫ਼ਿਰ, ਕੁਝ ਮਸਜਿਦ ਦੇ ਅੰਦਰ ਕਾਫ਼ਿਰ
ਮੁਸਲਿਮ ਦੇਸ਼ 'ਚ ਮੁਸਲਿਮ ਕਾਫ਼ਿਰ, ਗ਼ੈਰ ਮੁਸਲਿਮ ਤਾਂ ਹੈ ਹੀ ਕਾਫ਼ਿਰ
ਕਾਫ਼ਿਰ ਕਾਫ਼ਿਰ ਮੈਂ ਵੀ ਕਾਫ਼ਿਰ, ਕਾਫ਼ਿਰ ਕਾਫ਼ਿਰ ਤੂੰ ਵੀ ਕਾਫ਼ਿਰ
ਕਾਫ਼ਿਰ ਕਾਫ਼ਿਰ ਇਹ ਵੀ ਕਾਫ਼ਿਰ, ਕਾਫ਼ਿਰ ਕਾਫ਼ਿਰ ਉਹ ਕਾਫ਼ਿਰ
ਲਗਦੈ ਸਾਰੀ ਦੁਨੀਆ ਕਾਫ਼ਿਰ

# ਦਿੱਲੀ ਹਾਫ਼ ਮੈਰਾਥਨ 'ਚ ਕੀਨੀਆ ਦੇ ਮਟਾਟਾ ਤੇ ਰੇਂਗੇਰੁਕ ਦੀ ਝੰਡੀ

## 260,000 ਅਮਰੀਕੀ ਡਾਲਰ ਦੀ ਇਨਾਮੀ ਰਾਸ਼ੀ ਦਿੱਤੀ ਜਾਂਦੀ ਹੈ ਦਿੱਲੀ ਹਾਫ ਮੈਰਾਥਨ ਵਿੱਚ

ਨਵੀਂ ਦਿੱਲੀ/ਏ.ਟੀ.ਨਿਊਜ਼: ਕੀਨੀਆ ਦੇ ਲੰਬੀ ਦੂਰੀ ਦੇ ਦੌੜਾਕ ਐਲੇਕਸ ਮਟਾਟਾ ਅਤੇ ਲਿਲੀਅਨ ਕਸਾਇਤ ਰੇਂਗੇਰੁਕ ਨੇ ਪਿਛਲੇ ਦਿਨੀਂ ਇੱਥੇ ਵੇਦਾਂਤਾ ਦਿੱਲੀ ਹਾਫ ਮੈਰਾਥਨ ਵਿੱਚ ਕ੍ਰਮਵਾਰ ਪੁਰਸ਼ ਅਤੇ ਮਹਿਲਾ ਐਲੀਟ ਦੌੜ ਜਿੱਤੀ।

ਮਟਾਟਾ, ਜੋ ਪਿਛਲੇ ਸਾਲ ਦੂਜੇ ਸਥਾਨ 'ਤੇ ਰਿਹਾ ਸੀ, ਨੇ 59.50 ਸਕਿੰਟ ਦਾ ਸਮਾਂ ਕੱਢ ਕੇ ਬੋਏਲਿਨ ਟੇਸ਼ਾਗਰ (1:00:22 ਸਕਿੰਟ) ਅਤੇ ਜੇਮਸ ਕਿਪਕੋਗੇਈ (1:00:25 ਸਕਿੰਟ) ਤੋਂ ਅੱਗੇ ਰਿਹਾ।

ਦੂਜੇ ਪਾਸੇ ਰੇਂਗੇਰੁਕ ਨੇ 1:07.20 ਸਕਿੰਟ ਦਾ ਸਮਾਂ ਕੱਢ ਕੇ ਮਹਿਲਾ ਖਿਤਾਬ ਜਿੱਤਿਆ। ਮੇਲਾਲ ਸਿਯੂਮ ਬਿਰਾਟੂ (1:07:21 ਸਕਿੰਟ) ਅਤੇ ਮੁਲਤ ਟੇਕਲੇ (1:07:29 ਸਕਿੰਟ) ਦੀ ਇਥੋਪਿਆਈ ਜੋੜੀ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਰਹੀ।







ਅਭਿਸ਼ੇਕ ਪਾਲ ਅਤੇ ਸੀਮਾ ਭਾਰਤੀ ਪੁਰਸ਼ਾਂ ਅਤੇ ਮਹਿਲਾਵਾਂ ਦੇ ਐਲੀਟ ਵਰਗ ਵਿੱਚ ਸਭ ਤੋਂ ਤੇਜ਼ ਰਹੇ, ਜਿਨ੍ਹਾਂ ਨੇ ਕ੍ਰਮਵਾਰ 1:04:17 ਸਕਿੰਟ ਅਤੇ 1:11:23 ਸਕਿੰਟ ਦਾ ਸਮਾਂ ਕੱਢਿਆ। ਦਿੱਲੀ ਹਾਫ ਮੈਰਾਥਨ, ਜੋ ਕਿ ਆਪਣੇ 20ਵੇਂ ਐਡੀਸ਼ਨ ਵਿੱਚ ਹੈ, ਵਿੱਚ 260,000 ਅਮਰੀਕੀ ਡਾਲਰ ਦੀ ਇਨਾਮੀ ਰਾਸ਼ੀ ਦਿੱਤ ਜਾਂਦੀ ਹੈ। ਮੈਰਾਥਨ ਨੂੰ ਜਵਾਹਰ ਲਾਲ ਨਹਿਰੂ ਸਟੇਡੀਅਮ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।

# ਡਿਸਕਸ ਥਰੋ 'ਚ ਵਿਸ਼ਵ ਰਿਕਾਰਡ ਤੋੜਨ ਵਾਲਾ ਮਾਈਕੋਲਸ ਅਲੇਕਨਾ




ਸੁਖਵਿੰਦਰਜੀਤ ਸਿੰਘ ਮਨੌਲੀ

ਲਿਥੁਆਨੀਆ ਦੇ ਡਿਸਕਸ ਥਰੋਅਰ ਮਾਈਕੋਲਸ ਅਲੇਕਨਾ ਨੇ ਪੁਰਸ਼ਾਂ ਦੀ ਅਥਲੈਟਿਕਸ ਇਵੈਂਟ ਡਿਸਕਸ ਥਰੋਅ 'ਚ ਲੰਮੇ ਸਮੇਂ ਭਾਵ 38 ਸਾਲ ਪਹਿਲਾਂ ਸਥਾਪਤ ਕੀਤਾ ਰਿਕਾਰਡ ਬਰੇਕ ਕਰ ਦਿੱਤਾ ।ਡਿਸਕਸ 'ਚ ਦੋ ਵਾਰ ਉਲੰਪਿਕ ਚੈਂਪੀਅਨ ਵਰਜਿਲਜੁਸ ਅਲੇਕਨਾ ਦਾ ਪੁੱਤਰ ਆਲਮੀ ਰਿਕਾਰਡ ਹੋਲਡਰ ਮਾਈਕੋਲਸ ਅਕਲੇਨਾ ਪੂਰਬੀ ਜਰਮਨੀ ਦੇ ਡਿਸਕਸ ਥਰੋਅਰ ਜੁਰਗੇਨ ਸ਼ੁਲਟ ਨੇ 6 ਜੂਨ, 1986 'ਚ 74.08 ਮੀਟਰ 'ਤੇ ਡਿਸਕਸ ਥਰੋਅ ਕਰਕੇ ਨਵਾਂ ਵਿਸ਼ਵ ਰਿਕਾਰਡ ਸਥਾਪਤ ਕੀਤਾ ਸੀ।

ਮਾਈਕੋਲਸ ਅਲੇਕਨਾ ਨੇ ਓਕਲਾਹੋਮਾ ਥਰੋਜ਼ ਸੀਰੀਜ਼ ਵਰਲਡ ਇਨਵੀਟੇਸ਼ਨਲ 'ਚ ਮੁਕਾਬਲੇ 'ਚ 74.35 ਮੀਟਰ 'ਤੇ ਡਿਸਕਸ ਥਰੋਅ ਕਰਕੇ ਨਵਾਂ ਆਲਮੀ ਰਿਕਾਰਡ ਬਣਾਉਣ ਦਾ ਕਰਿਸ਼ਮਾ ਕੀਤਾ। ਰਿਕਾਰਡ ਹੋਲਡਰ ਮਾਈਕੋਲਸ ਅਲੇਕਨਾ ਨੇ ਆਪਣੀ 5ਵੀਂ ਥਰੋਅ 'ਚ ਡਿਸਕਸ ਨੂੰ 74.41 ਮੀਟਰ 'ਤੇ ਥਰੋਅ ਕੀਤਾ ਸੀ ਪਰ ਮਾਪੀ ਗਈ ਇਸ ਦੂਰੀ 'ਚ 6 ਇੰਚ ਨੂੰ ਮਨਫ਼ੀ ਕਰਕੇ 74.35 ਮੀਟਰ ਦੀ ਥਰੋਅ ਪ੍ਰਵਾਨ ਕਰਕੇ ਵਰਲਡ ਰਿਕਾਰਡ ਮਾਈਕੋਲਸ ਅਲੇਕਨਾ ਦੇ ਨਾਮ ਦਰਜ ਕਰ ਦਿੱਤਾ ਗਿਆ। ਨਵੇਂ ਵਿਸ਼ਵ ਰਿਕਾਰਡ ਹੋਲਡਰ ਮਾਈਕੋਲਸ ਦਾ ਜਨਮ 28 ਸਤੰਬਰ, 2002 'ਚ ਡਿਸਕਸ ਸੁਟਣ 'ਚ ਤਿੰਨ ਓਲੰਪਿਕ ਮੈਡਲ ਜੇਤੂ ਵਰਜਿਲਜੁਸ ਅਲੇਕਨਾ ਦੇ ਗ੍ਰਹਿ ਵਿਖੇ ਹੋਇਆ।

ਮਾਈਕੋਲਸ ਦੇ ਉਲੰਪਿਕ ਚੈਂਪੀਅਨ ਪਿਤਾ ਵਰਜਿਲਜੁਸ ਨੇ ਡਿਸਕਸ ਥਰੋਅਰ ਇਵੈਂਟ 'ਚ 2 ਗੋਲਡ ਮੈਡਲ ਤੇ 1 ਸਿਲਵਰ ਮੈਡਲ ਹਾਸਲ ਕੀਤਾ । ਵਰਜਿਲਜੁਸ ਨੇ ਸਿਡਨੀ-2000 ਤੇ ਏਥਨਜ਼-2004 ਉਲੰਪਿਕ 'ਚ ਗੋਲਡ ਮੈਡਲ ਤੇ ਤੀਜੇ ਬੀਜਿੰਗ-2008 ਉਲੰਪਿਕ ਮੁਕਾਬਲੇ 'ਚ ਚਾਂਦੀ ਦਾ ਤਗ਼ਮਾ ਜਿੱਤਣ ਦਾ ਕਰਿਸ਼ਮਾ ਕੀਤਾ ਸੀ। ਕੈਲੀਫ਼ੋਰਨੀਆ ਗੋਲਡਨ ਬੀਅਰਜ਼ ਦੀ ਕਾਲਜ ਟੀਮ ਦੇ 6 ਫੁੱਟ 5 ਇੰਚ ਲੰਮੇ 21 ਸਾਲਾ ਅਥਲੀਟ ਮਾਈਕੋਲਸ ਨੇ ਨੈਰੋਬੀ-2021 'ਚ ਸੰਪੰਨ ਹੋਈ ਵਰਲਡ ਅੰਡਰ-20 ਚੈਂਪੀਅਨਸ਼ਿਪ 'ਚ 69.81 ਮੀਟਰ 'ਤੇ ਡਿਸਕਸ ਸੁਟਣ ਨਾਲ ਕੈਰੀਅਰ ਦਾ ਪਲੇਠਾ ਗੋਲਡ ਮੈਡਲ ਹਾਸਲ ਕੀਤਾ ਸੀ। ਉਲੰਪਿਕ ਤੋਂ ਬਾਅਦ ਲੁਥੀਆਨੀਆ ਦੇ ਥਰੋਅਰ ਮਾਈਕੋਲਸ ਨੂੰ ਜਿੰਨੇ ਵੀ ਵਿਸ਼ਵ-ਵਿਆਪੀ ਮੁਕਾਬਲਿਆਂ 'ਚ ਡਿਸਕਸ ਸੁਟਣ ਦਾ ਮੌਕਾ ਨਸੀਬ ਹੋਇਆ। ਅਕਲੇਨਾ ਵੱਲੋਂ ਟੋਕੀਓ ਓਲੰਪਿਕ ਮੁਕਾਬਲੇ ਦੇ ਗੋਲਡ ਮੈਡਲ ਜੇਤੂ ਥਰੋਅਰ ਤੋਂ ਵਧ ਦੂਰੀ 'ਤੇ ਡਿਸਕਸ ਸੁੱਟਣ ਦਾ ਕਰਿਸ਼ਮਾ ਕੀਤਾ ਗਿਆ। ਪੈਰਿਸ-2024 'ਚ ਉਲੰਪਿਕ 'ਚ ਡਿਸਕਸ ਥਰੋਅ ਇਵੈਂਟ 'ਚ ਗੋਲਡ ਮੈਡਲ 'ਤੇ ਮਾਈਕੋਲਸ ਵਲੋਂ ਆਪਣੇ ਨਾਮ ਦੀ ਮੋਹਰ ਲਗਾ ਦਿੱਤੀ ਗਈ।

# ਭਾਰਤੀ ਟੈਨਿਸ ਦੀ ਪਛਾਣ

# ਲੀਏਂਡਰ ਪੇਸ




ਪ੍ਰਿੰਸੀਪਲ ਸਰਵਣ ਸਿੰਘ

ਲੀਏਂਡਰ ਐਂਡਰੀਅਨ ਪੇਸ ਭਾਰਤ ਦਾ ਵਿਸ਼ਵ ਪ੍ਰਸਿੱਧ ਟੈਨਿਸ ਖਿਡਾਰੀ ਰਿਹਾ ਹੈ।ਉਹ 30 ਵਰ੍ਹੇ ਸਿਰੇ ਦੀ ਟੈਨਿਸ ਖੇਡਿਆ।ਉਸ ਨੂੰ ਟੈਨਿਸ ਦਾ ਗਲੋਬਲ ਆਈਕੋਨ ਕਿਹਾ ਜਾਂਦਾ ਸੀ। 1991 'ਚ ਪੇਸ਼ਾਵਰ ਖਿਡਾਰੀ ਬਣ ਕੇ ਉਹ 2020 ਵਿੱਚ ਰਿਟਾਇਰ ਹੋਇਆ।ਇੰਜ ਉਹ 30 ਸਾਲ ਟੈਨਿਸ ਦਾ ਸਟਾਰ ਖਿਡਾਰੀ ਬਣਿਆ ਰਿਹਾ। ਉਹਦੀ ਜੈ ਜੈ ਕਾਰ ਕੁਲ ਦੁਨੀਆ 'ਚ ਹੋਈ।ਉਸ ਨੇ 20 ਸਲੈਮ ਟਾਈਟਲ ਜਿੱਤੇ। ਉਹ ਬਾਰਸੀਲੋਨਾ-1992 ਦੀਆਂ ਉਲੰਪਿਕ ਖੇਡਾਂ ਤੋਂ ਰੀਓ-2016 ਦੀਆਂ ਉਲੰਪਿਕ ਖੇਡਾਂ ਤੱਕ 7 ਵਾਰ ਟੈਨਿਸ ਮੁਕਾਬਲਿਆਂ ਦਾ ਭਾਗੀਦਾਰ ਬਣਿਆ।ਟੋਕੀਓ-2020 ਦੀਆਂ ਉਲੰਪਿਕ ਖੇਡਾਂ ਵਿੱਚ ਉਹ ਅੱਠਵੀਂ ਵਾਰ ਭਾਗ ਲੈਣ ਲਈ ਵੀ ਤਿਆਰੀ ਕਰ ਰਿਹਾ ਸੀ, ਪਰ ਕੋਵਿਡ ਕਾਰਨ ਉਲੰਪਿਕ ਖੇਡਾਂ ਮੁਲਤਵੀ ਹੋ ਗਈਆਂ। ਉਸ ਨੇ ਉਲੰਪਿਕ ਖੇਡਾਂ, ਏਸ਼ਿਆਈ ਖੇਡਾਂ ਤੇ ਕਾਮਨਵੈਲਥ ਖੇਡਾਂ ਵਿੱਚ ਸਿਰਫ਼ ਭਾਗ ਹੀ ਨਹੀਂ ਲਿਆ ਬਲਕਿ ਉਨ੍ਹਾਂ ਵਿੱਚੋਂ 10 ਮੈਡਲ ਵੀ ਜਿੱਤੇ। 5 ਗੋਲਡ ਮੈਡਲ ਤੇ 5 ਕਾਂਸੀ ਦੇ ਮੈਡਲ! ਕੀ ਕਿਹਾ ਜਾਏ ਅਜਿਹੇ ਅਫਲਾਤੂਨ ਖਿਡਾਰੀ ਬਾਰੇ ?ਲੀਏਂਡਰ ਕੇਵਲ 17 ਸਾਲਾਂ ਦਾ ਸੀ ਜਦੋਂ ਵਿੰਬਲਡਨ ਜੂਨੀਅਰ ਦਾ ਖ਼ਿਤਾਬ ਜਿੱਤਿਆ। ਉਸ ਦੀ ਇਸ ਪ੍ਰਾਪਤੀ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਨੇ ਉਸ ਨੂੰ ਖੇਡਾਂ ਦਾ ਨਾਮੀ ਪੁਰਸਕਾਰ 'ਅਰਜਨ ਐਵਾਰਡ' ਦੇ ਦਿੱਤਾ। ਛੋਟੀ ਉਮਰ ਵਿੱਚ ਹੀ ਵੱਡਾ ਐਵਾਰਡ ਮਿਲਣ ਨਾਲ ਸੁਭਾਵਿਕ ਸੀ ਉਹਦਾ ਹੌਸਲਾ ਹੋਰ ਵਧ ਗਿਆ। 1992 'ਚ ਉਹ ਬਾਰਸੀਲੋਨਾ ਦੀਆਂ ਉਲੰਪਿਕ ਖੇਡਾਂ ਲਈ ਭਾਰਤੀ ਟੀਮ 'ਚ ਚੁਣਿਆ ਗਿਆ।ਉਲੰਪਿਕ ਖੇਡਾਂ ਵਿੱਚ ਉਸ ਨੇ ਕਾਫ਼ੀ ਚੰਗੀ ਕਾਰਗੁਜ਼ਾਰੀ ਵਿਖਾਈ। ਐਟਲਾਂਟਾ-1996 ਦੀਆਂ ਉਲੰਪਿਕ ਖੇਡਾਂ ਵਿੱਚ ਉਹ ਦੂਜੀ ਵਾਰ ਗਿਆ ਤਾਂ ਵਿਕਟਰੀ ਸਟੈਂਡ ਉਤੇ ਚੜ੍ਹਨ ਵਿੱਚ ਕਾਮਯਾਬ ਹੋ ਗਿਆ। ਉੱਥੇ ਉਸ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਉਸ ਤੋਂ ਪਹਿਲਾਂ ਭਾਰਤ ਦਾ ਕੇਵਲ ਇੱਕੋ ਖਿਡਾਰੀ ਕੇ.ਡੀ. ਯਾਦਵ ਸੀ ਜੋ ਉਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਹੈਲਸਿੰਕੀ-1952 ਦੀਆਂ ਖੇਡਾਂ ਵਿੱਚੋਂ ਕਿਸੇ ਵਿਅਕਤੀਗਤ ਖੇਡ 'ਚ ਕਾਂਸੀ ਦਾ ਤਗ਼ਮਾ ਜਿੱਤਿਆ ਸੀ। ਭਾਰਤ ਸਰਕਾਰ ਵੱਲੋਂ ਉਸ ਨੂੰ 1996-97 ਦਾ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਦਿੱਤਾ ਗਿਆ।


ਫਿਰ ਉਸ ਨੇ ਵਿਸ਼ਵ ਪੱਧਰ 'ਤੇ ਏਨੀਆਂ ਜਿੱਤਾਂ ਦਰਜ ਕੀਤੀਆਂ ਕਿ ਚਾਰੇ ਗ੍ਰੈਂਡ ਸਲੈਮ ਟੂਰਨਾਮੈਂਟਾਂ ਵਿੱਚ 'ਬਹਿਜਾ ਬਹਿਜਾ' ਕਰਵਾ ਦਿੱਤੀ। 2001 ਵਿੱਚ ਭਾਰਤ ਸਰਕਾਰ ਵੱਲੋਂ ਉਸ ਨੂੰ 'ਪਦਮ ਸ੍ਰੀ' ਪੁਰਸਕਾਰ ਨਾਲ ਨਿਵਾਜਿਆ ਗਿਆ। ਹੋਰ ਜਿੱਤਾਂ ਹਾਸਲ ਕੀਤੀਆਂ ਤਾਂ 2014 ਵਿੱਚ ਲੀਏਂਡਰ ਪੇਸ ਨੂੰ 'ਪਦਮ ਭੂਸ਼ਨ' ਪੁਰਸਕਾਰ ਭੇਟ ਕੀਤਾ ਗਿਆ। ਉਸ ਨੇ ਟੈਨਿਸ ਦੇ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ, ਲਗਭਗ ਸਾਰੀ ਦੁਨੀਆ ਗਾਹੀ ਤੇ ਵਿਸ਼ਵ ਨਾਗਰਿਕ ਬਣਿਆ। 2020 ਵਿੱਚ ਉਸ ਨੂੰ ਨੈਲਸਨ ਮੰਡੇਲਾ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।



ਲੀਏਂਡਰ ਪੇਸ ਦਾ ਜਨਮ 17 ਜੂਨ 1973 ਨੂੰ ਪੱਛਮੀ ਬੰਗਾਲ ਦੇ ਸ਼ਹਿਰ ਕੋਲਕਾਤਾ ਵਿੱਚ ਹੋਇਆ। ਉਸ ਦਾ ਪਿਤਾ ਵੇਸ ਪੇਸ ਹਾਕੀ ਦਾ ਅੰਤਰਰਾਸ਼ਟਰੀ ਖਿਡਾਰੀ ਸੀ। ਉਸ ਨੇ ਮਿਊਨਿਖ ਦੀਆਂ ਉਲੰਪਿਕ ਖੇਡਾਂ 'ਚ ਭਾਰਤੀ ਹਾਕੀ ਟੀਮ ਵੱਲੋਂ ਭਾਗ ਲਿਆ ਸੀ ਜਿੱਥੇ ਭਾਰਤੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਲੀਏਂਡਰ ਦੀ ਮਾਤਾ ਜੈਨੀਫਰ ਪੇਸ ਭਾਰਤੀ ਬਾਸਕਟਬਾਲ ਟੀਮ ਵੱਲੋਂ ਖੇਡਦੀ ਸੀ। 1980 ਵਿੱਚ ਉਹ ਏਸ਼ੀਆ ਬਾਸਕਿਟਬਾਲ ਚੈਂਪੀਅਨਸ਼ਿਪ ਵਿੱਚ ਭਾਰਤੀ ਬਾਸਕਿਟਬਾਲ ਟੀਮ ਦੀ ਕਪਤਾਨ ਸੀ। ਜੈਨੀਫਰ ਦਾ ਬਾਪ ਮਾਈਕਲ ਮਧੂਸੂਦਨ ਦੱਤਾ ਬੰਗਾਲੀ ਦਾ ਪ੍ਰਸਿੱਧ ਕਵੀ ਸੀ। ਉਨ੍ਹਾਂ ਦਾ ਪਰਿਵਾਰ ਧਰਮਾਂ ਦਾ ਮਿਲਗੋਭਾ ਪਰਿਵਾਰ ਹੈ।ਲੀਏਂਡਰ ਪੇਸ ਅੱਜਕੱਲ੍ਹ ਮੁੰਬਈ ਦਾ ਵਾਸੀ ਹੈ ਤੇ ਬੰਗਾਲ ਟੈਨਿਸ ਐਸੋਸੀਏਸ਼ਨ ਦਾ ਨਵਾਂ ਪ੍ਰਧਾਨ ਚੁਣਿਆ ਗਿਆ ਹੈ। ਮਹੇਸ਼ ਭੂਪਤੀ, ਰੋਹਨ ਬੋਪੰਨਾ ਤੇ ਸਾਈਨਾ ਮਿਰਜ਼ਾ ਉਹਦੇ ਸਮਕਾਲੀ ਖਿਡਾਰੀ ਰਹੇ ਹਨ।

# ਅਸਾਂ ਤਾਂ ਜੋਬਨ ਰੁੱਤੇ ਮਰਨਾ . . .

## .ਗੈਰ ਕੁਦਰਤੀ ਮੌਤਾਂ ਕਾਰਨ ਸਦੀਵੀ ਵਿਛੋੜਾ ਦੇ ਗਏ ਅਨੇਕਾਂ ਗਾਇਕ



**ਰਾਜਵੀਰ ਜਵੰਦਾ**

ਰਾਜਵੀਰ ਜਵੰਦਾ (35) ਦੀ ਮੌਤ ਨਾਲ ਇੱਕ ਹੋਰ ਪੰਜਾਬੀ ਗਾਇਕ ਜੋ ਆਪਣੇ ਕੈਰੀਅਰ ਦੀ ਸਿਖਰ 'ਤੇ ਸੀ, ਗੈਰ-ਕੁਦਰਤੀ ਮੌਤ ਕਰਕੇ ਜਹਾਨੋਂ ਤੁਰ ਗਿਆ। ਜਵੰਦਾ 27 ਸਤੰਬਰ ਨੂੰ ਹਿਮਾਚਲ ਪ੍ਰਦੇਸ਼ ਦੇ ਬੱਦੀ ਨੇੜੇ ਮੋਟਰਸਾਈਕਲ ਹਾਦਸੇ ਵਿਚ ਗੰਭੀਰ ਜ਼ਖ਼ਮੀ ਹੋ ਗਿਆ ਸੀ। ਉਹ 11 ਦਿਨਾਂ ਜ਼ਿੰਦਗੀ ਤੇ ਮੌਤ ਦੀ ਲੜਾਈ ਲੜਦਾ ਵੈਂਟੀਲੇਟਰ 'ਤੇ ਸੰਘਰਸ਼ ਕਰਦਾ ਰਿਹਾ। ਗਾਇਕ ਦੇ ਸਿਰ ਅਤੇ ਰੀੜ੍ਹ ਦੀ ਹੱਡੀ ਦੀਆਂ ਗੰਭੀਰ ਸੱਟਾਂ ਘਾਤਕ ਸਾਬਤ ਹੋਈਆਂ।

ਸਾਲ 1990 ਵਿਚ ਲੁਧਿਆਣਾ ਦੇ ਜਗਰਾਓਂ ਨੇੜੇ ਪਿੰਡ ਪੋਨਾ ਵਿੱਚ ਜਨਮੇ ਰਾਜਵੀਰ ਨੇ ਪੰਜਾਬ ਪੁਲਿਸ ਵਿੱਚ ਇੱਕ ਕਾਂਸਟੇਬਲ ਵਜੋਂ ਸ਼ੁਰੂਆਤ ਕੀਤੀ ਅਤੇ ਫਿਰ ਸੰਗੀਤ ਨੂੰ ਕੈਰੀਅਰ ਵਜੋਂ ਚੁਣਿਆ। ਉਸ ਨੇ 2014 ਵਿੱਚ ਐਲਬਮ 'ਮੁੰਡਾ ਲਾਈਕ ਮੀ' ਨਾਲ ਸ਼ੁਰੂਆਤ ਕੀਤੀ। ਗਾਇਕ 'ਸਰਦਾਰੀ', 'ਤੂੰ ਦਿਸ ਪੈਂਦਾ', 'ਕਾਲੀ ਕੈਮਾਰੋ', 'ਸ਼ਾਨਦਾਰ' ਅਤੇ 'ਧੀਆਂ' ਵਰਗੇ ਹਿੱਟ ਗੀਤਾਂ ਵਿੱਚ ਆਧੁਨਿਕ ਬੀਟਾਂ ਦੇ ਨਾਲ ਲੋਕ ਧੁਨਾਂ ਨੂੰ ਮਿਲਾਉਣ ਲਈ ਮਕਬੂਲ ਸੀ। ਉਸ ਦੇ ਯੂਟਿਊਬ ਚੈਨਲ ਨੂੰ 424 ਮਿਲੀਅਨ ਤੋਂ ਵੱਧ ਵਿਊਜ਼ ਮਿਲੇ, ਜਿਸ ਨਾਲ ਉਹ ਵਿਆਹ ਸ਼ਾਦੀਆਂ ਅਤੇ ਪਾਰਟੀਆਂ ਲਈ ਪਸੰਦੀਦਾ ਗਾਇਕ ਬਣ ਗਿਆ। ਜਵੰਦਾ ਦੀ ਆਪਣੀ ਬਾਈਕ 'ਤੇ ਸ਼ਿਮਲਾ ਜਾਂਦਿਆਂ ਬੱਦੀ ਨੇੜੇ ਅਵਾਰਾ ਪਸ਼ੂਆਂ ਨਾਲ ਟੱਕਰ ਹੋ ਗਈ ਸੀ।

**ਦਿਲਜਾਨ**

31 ਮਾਰਚ, 1984 ਨੂੰ ਪਟਿਆਲਾ ਵਿੱਚ ਇੱਕ ਸੰਗੀਤਕ ਪਰਿਵਾਰ ਵਿੱਚ ਜਨਮੇ ਪਰਮਾਰ ਦਿਲਜਾਨ ਸਿੰਘ ਨੂੰ ਉਸਤਾਦ ਪੂਰਨ ਸ਼ਾਹਕੋਟੀ ਤੋਂ ਸੂਫ਼ੀ-ਕਲਾਸੀਕਲ ਸੰਗੀਤ ਦੀ ਸਿਖਲਾਈ ਮਿਲੀ। ਉਹ 'ਆਵਾਜ਼ ਪੰਜਾਬ ਦੀ' ਵਰਗੇ ਸ਼ੋਅ ਨਾਲ ਚਮਕਿਆ ਅਤੇ 2012 ਦੇ ਭਾਰਤ-ਪਾਕਿਸਤਾਨ ਮੁਕਾਬਲੇ ਸੁਰ ਖੇਤਰ ਵਿੱਚ ਪਹਿਲਾ ਰਨਰਅੱਪ ਰਿਹਾ। ਦਿਲਜਾਨ ਨੇ 'ਅੱਧਾ ਪਿੰਡ', 'ਯਾਰਾਂ ਦੀ ਗੱਲ', 'ਪਹਿਲਾ ਪਿਆਰ', 'ਸਾਈਂ ਕੇ ਦੀਵਾਨੇ', ਅਤੇ 'ਤੇਰੇ ਵਰਗੇ 2' ਜਿਹੇ ਹਿੱਟ ਗੀਤ ਦਿੱਤੇ। ਉਸ ਨੇ ਬਾਬਾ ਨਾਨਕ ਵਰਗੇ ਭਗਤੀ ਟਰੈਕ ਵੀ ਗਾਏ। ਦਿਲਜਾਨ ਦੀ 31 ਸਾਲ ਦੀ ਉਮਰ ਵਿੱਚ 30 ਮਾਰਚ, 2021 ਨੂੰ ਜੰਡਿਆਲਾ ਗੁਰੂ, ਅੰਮ੍ਰਿਤਸਰ ਨੇੜੇ ਇੱਕ ਕਾਰ ਹਾਦਸੇ ਵਿੱਚ ਮੌਤ ਹੋ ਗਈ। ਅੰਮ੍ਰਿਤਸਰ ਤੋਂ ਕਰਤਾਰਪੁਰ ਜਾਂਦਿਆਂ ਉਸ ਦੀ ਕਾਰ ਤੜਕੇ ਢਾਈ ਵਜੇ ਇੱਕ ਖੜ੍ਹੇ ਟਰੱਕ ਨਾਲ ਟਕਰਾ ਗਈ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸ ਦੀ ਪਤਨੀ ਤੇ ਧੀ ਕੈਨੇਡਾ ਵਿੱਚ ਹਨ। ਮਾਸਟਰ ਸਲੀਮ ਅਤੇ ਰੋਸ਼ਨ ਪ੍ਰਿੰਸ ਨੇ ਦਿਲਜਾਨ ਨੂੰ ਸ਼ਰਧਾਂਜਲੀਆਂ ਦਿੱਤੀਆਂ। ਤਤਕਾਲੀ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਦਿਲਜਾਨ ਦੀ ਮੌਤ ਨਾਲ ਸੰਗੀਤ ਇੰਡਸਟਰੀ ਨੇ ਨੌਜਵਾਨ ਪ੍ਰਤਿਭਾ ਗੁਆ ਲਈ ਹੈ।

**ਇਸ਼ਮੀਤ ਸਿੰਘ**

2 ਸਤੰਬਰ, 1989 ਨੂੰ ਲੁਧਿਆਣਾ ਵਿੱਚ ਜਨਮਿਆ ਇਸ਼ਮੀਤ ਸਿੰਘ ਸ਼ਰਮੀਲਾ ਤੇ ਸੰਜਮੀ ਸੁਭਾਅ ਵਾਲਾ ਮੁੰਡਾ ਸੀ, ਜੋ ਸ਼ਾਨ ਅਤੇ ਏ.ਆਰ. ਰਹਿਮਾਨ ਨੂੰ ਆਪਣਾ ਆਦਰਸ਼ ਮੰਨਦਾ ਸੀ। ਉਹ ਮੁੰਬਈ ਦੇ ਐਮ.ਐਨ.ਸੀ. ਕਾਲਜ ਵਿੱਚ ਦੂਜੇ ਸਾਲ ਦਾ ਵਿਦਿਆਰਥੀ ਸੀ ਜਦੋਂ ਉਸ ਨੇ 2007 ਵਿੱਚ 17 ਸਾਲ ਦੀ ਉਮਰ ਵਿੱਚ ਅਮੂਲ ਸਟਾਰ 'ਵੁਆਇਸ ਆਫ਼ ਇੰਡੀਆ' ਮੁਕਾਬਲਾ ਜਿੱਤਿਆ। ਉਸ ਦੀ ਭਗਤੀ ਐਲਬਮ 'ਸਤਗੁਰ ਤੁਮਰੇ ਕਾਜ ਸਵਾਰੇ' ਇੱਕ ਉੱਜਵਲ ਭਵਿੱਖ ਵੱਲ ਇਸ਼ਾਰਾ ਕਰਦੀ ਸੀ। ਉਸ ਨੇ ਬਾਹਰਲੇ ਮੁਲਕਾਂ ਦਾ ਦੌਰਾ ਕੀਤਾ ਤੇ ਉਹ ਲਲਿਤ ਪੰਡਿਤ ਨਾਲ ਇੱਕ ਐਲਬਮ ਰਿਲੀਜ਼ ਕਰਨ ਲਈ ਤਿਆਰ ਸੀ। ਇਸ਼ਮੀਤ ਦੀ 29 ਜੁਲਾਈ, 2008 ਨੂੰ 19 ਸਾਲ ਦੀ ਉਮਰ ਵਿੱਚ ਇੱਕ ਪ੍ਰੋਮੋ ਪ੍ਰੋਗਰਾਮ ਦੌਰਾਨ ਮਾਲਦੀਵ ਦੇ ਇੱਕ ਰਿਜ਼ੋਰਟ ਪੂਲ ਵਿੱਚ ਮੌਤ ਹੋ ਗਈ। ਦਾਅਵਾ ਕੀਤਾ ਗਿਆ ਕਿ ਇਸ਼ਮੀਤ ਦੀ ਮੌਤ ਡੁੱਬਣ ਕਰਕੇ ਹੋਈ ਸੀ, ਹਾਲਾਂਕਿ ਪਰਿਵਾਰ ਨੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕਰਦਿਆਂ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ। ਮਗਰੋਂ ਇਸ਼ਮੀਤ ਨੂੰ ਲੈ ਕੇ ਸ਼ਰਧਾਂਜਲੀ ਐਲਬਮ ਜਾਰੀ ਕੀਤੇ ਗਏ ਅਤੇ ਪੰਜਾਬ ਸਰਕਾਰ ਨੇ 2017 ਵਿੱਚ ਉਸ ਨੂੰ ਮਰਨ ਉਪਰੰਤ ਸਨਮਾਨਿਤ ਕੀਤਾ। ਉਸ ਦੇ ਪਰਿਵਾਰ ਨੇ ਸੰਗੀਤ ਦੇ ਪ੍ਰਚਾਰ ਲਈ ਇਸ਼ਮੀਤ ਸਿੰਘ ਫਾਊਂਡੇਸ਼ਨ ਦੀ ਸ਼ੁਰੂਆਤ ਕੀਤੀ।

**ਸੋਨੀ ਪਾਬਲਾ**

29 ਜੂਨ, 1976 ਨੂੰ ਬਿਲਾਸਪੁਰ, ਹੁਸ਼ਿਆਰਪੁਰ ਨੇੜੇ ਜਨਮਿਆ ਤੇਜਪਾਲ ਸਿੰਘ ਪਾਬਲਾ ਉਰਫ਼ ਸੋਨੀ ਪਾਬਲਾ 1990 ਦੇ ਦਹਾਕੇ ਦੇ ਅੱਧ ਵਿੱਚ ਟੋਰਾਂਟੋ ਚਲਾ ਗਿਆ। ਇੱਕ ਫੈਕਟਰੀ ਹਾਦਸੇ ਤੋਂ ਬਾਅਦ ਉਸ ਨੂੰ ਇੱਕ ਉਂਗਲੀ ਦੀ ਕੀਮਤ ਚੁਕਾਉਣੀ ਪਈ। ਉਸ ਨੇ ਸੰਗੀਤ ਵਿੱਚ ਆਉਣ ਤੋਂ ਪਹਿਲਾਂ ਟਰੱਕ ਚਲਾਇਆ। ਉਸ ਦੀ ਪਹਿਲੀ ਐਲਬਮ 'ਹੀਰੇ' ਨੇ ਉਸ ਨੂੰ ਲਾਂਚ ਕੀਤਾ, ਅਤੇ ਸੁਖਸ਼ਿੰਦਰ ਸ਼ਿੰਦਾ ਨਾਲ ਉਸ ਦਾ ਗੀਤ 'ਗਲ ਦਿਲ ਦੀ' ਬਹੁਤ ਮਕਬੂਲ ਹੋਇਆ। 'ਪੰਜੇਬ ਯਾਰ ਦੀ', 'ਜੱਟ ਦੀ ਦੁਸ਼ਮਣੀ', ਅਤੇ 'ਬੋਲੀ ਪਾਣੀ' ਵਰਗੇ ਗੀਤ ਬਹੁਤ ਹਿੱਟ ਹੋਏ। ਸੋਨੀ ਪਾਬਲਾ ਦੀ 30 ਸਾਲ ਦੀ ਉਮਰ ਵਿੱਚ 14 ਅਕਤੂਬਰ, 2006 ਨੂੰ ਬਰੈਂਪਟਨ, ਓਨਟਾਰੀਓ ਵਿੱਚ ਸ਼ੋਅ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਸ ਦਾ ਅੰਤਿਮ ਸੰਸਕਾਰ ਜੀ ਆਇਆਂ ਨੂੰ 'ਤੇ ਪ੍ਰਸਾਰਿਤ ਕੀਤਾ ਗਿਆ। ਉਹ ਆਪਣੇ ਪਿੱਛੇ ਪਤਨੀ ਅਤੇ ਜਵਾਨ ਪੁੱਤ ਛੱਡ ਗਿਆ।

**ਅਮਰ ਸਿੰਘ ਚਮਕੀਲਾ**

ਲੁਧਿਆਣਾ ਨੇੜੇ ਦੁੱਗਰੀ ਵਿੱਚ 21 ਜੁਲਾਈ, 1960 ਨੂੰ ਜਨਮੇ ਧਨੀ ਰਾਮ ਉਰਫ਼ ਅਮਰ ਸਿੰਘ ਚਮਕੀਲਾ ਇੱਕ ਕੱਪੜਾ ਮਿੱਲ ਵਿੱਚ ਕੰਮ ਕਰਦਾ ਸੀ। ਫਿਰ ਉਸ ਦੀ ਮੁਲਾਕਾਤ ਸੁਰਿੰਦਰ ਸ਼ਿੰਦਾ ਨਾਲ ਹੋਈ। ਚਮਕੀਲੇ ਨੇ ਸੁਰਿੰਦਰ ਸੋਨੀਆ ਨਾਲ ਸੋਲੋ ਡੈਬਿਊ ਕੀਤਾ ਅਤੇ ਅਮਰਜੋਤ ਕੌਰ ਨਾਲ ਆਪਣੀ ਪੈਂਠ ਬਣਾਈ। ਪੇਂਡੂ ਜ਼ਿੰਦਗੀ 'ਤੇ ਅਧਾਰਿਤ ਉਸ ਦੇ ਸ਼ਾਨਦਾਰ ਤੇ ਉੱਚ-ਪਿੱਚ ਵਾਲੇ ਗੀਤਾਂ ਨੇ ਭਾਰੀ ਭੀੜ ਇਕੱਠੀ ਕੀਤੀ। ਉਸ ਨੇ 365 ਦਿਨਾਂ ਵਿੱਚ 366 ਸ਼ੋਅ ਕੀਤੇ। ਚਮਕੀਲੇ ਅਤੇ ਉਸ ਦੀ ਗਾਇਕ ਤੇ ਗਰਭਵਤੀ ਪਤਨੀ ਅਮਰਜੋਤ ਕੌਰ ਨੂੰ 8 ਮਾਰਚ, 1988 ਨੂੰ ਮਹਿਸਮਪੁਰ, ਜਲੰਧਰ ਵਿੱਚ ਗੋਲੀ ਮਾਰ ਦਿੱਤੀ ਗਈ। ਇਹ ਗਾਇਕ ਜੋੜੀ ਦੋ ਧੀਆਂ ਅਤੇ 200 ਤੋਂ ਵੱਧ ਅਣਰਿਲੀਜ਼ ਗੀਤ ਛੱਡ ਗਈ। ਉਨ੍ਹਾਂ ਦੀ ਵਿਰਾਸਤ ਨੈੱਟਫਲਿਕਸ ਬਾਇਓਪਿਕ ਅਤੇ ਸਾਲਾਨਾ ਦੁੱਗਰੀ ਮੇਲੇ ਵਿੱਚ ਕਾਇਮ ਹੈ।

**ਸਿੱਧੂ ਮੂਸੇਵਾਲਾ**

ਮਾਨਸਾ ਦੇ ਮੂਸਾ ਪਿੰਡ ਵਿੱਚ 11 ਜੂਨ, 1993 ਨੂੰ ਜਨਮੇ ਸ਼ੁਭਦੀਪ ਸਿੰਘ ਸਿੱਧੂ ਨੇ ਇਲੈਕਟ੍ਰੀਕਲ ਇੰਜਨੀਅਰਿੰਗ ਵਿੱਚ ਗ੍ਰੈਜੂਏਸ਼ਨ ਕੀਤੀ ਅਤੇ ਕੈਨੇਡਾ ਚਲਾ ਗਿਆ। ਉਸ ਨੇ ਨਿੰਜਾ ਲਈ ਗੀਤ ਲਿਖਣ ਦੀ ਸ਼ੁਰੂਆਤ ਕੀਤੀ ਅਤੇ 'ਸੋ ਹਾਈ' ਨਾਲ ਵਾਇਰਲ ਹੋ ਗਿਆ। ਹਿੱਟ ਗੀਤਾਂ ਨੇ ਰਾਜਨੀਤੀ, ਮਾਣ ਅਤੇ ਬੰਦੂਕ ਸੱਭਿਆਚਾਰ ਨੂੰ ਮਿਲਾਇਆ। ਉਸ ਨੇ ਇੱਕ ਫ਼ਿਲਮ ਵਿੱਚ ਕੰਮ ਕੀਤਾ ਅਤੇ 2022 ਵਿੱਚ ਕਾਂਗਰਸ ਵਿੱਚ ਸ਼ਾਮਲ ਹੋ ਗਿਆ। 28 ਸਾਲ ਦੀ ਉਮਰ ਵਿੱਚ ਸਿੱਧੂ ਦਾ 29 ਮਈ, 2022 ਨੂੰ ਮਾਨਸਾ ਦੇ ਜਵਾਹਰਕੇ ਵਿੱਚ ਕਤਲ ਕਰ ਦਿੱਤਾ ਗਿਆ। ਉਸ ਦੀ ਮਹਿੰਦਰਾ ਥਾਰ 'ਤੇ ਏਕੇ47 ਨਾਲ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ। ਕਤਲ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗੈਂਗ ਨੇ ਲਈ। ਮਰਨ ਉਪਰੰਤ ਮੂਸੇਵਾਲਾ ਦੀਆਂ ਐਲਬਮਾਂ ਚਾਰਟ 'ਤੇ ਸਿਖਰ ਉੱਤੇ ਸਨ। 2024 ਵਿੱਚ ਉਸ ਦੇ ਮਾਪਿਆਂ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ।

**ਕਾਕਾ ਭਾਨਿਆਵਾਲਾ**

5 ਅਪ੍ਰੈਲ, 1970 ਨੂੰ ਲੁਧਿਆਣਾ ਦੇ ਕੋਹਾੜਾ ਨੇੜੇ ਦੋਆਬਾ ਭੈਣੀ ਪਿੰਡ ਵਿੱਚ ਜਨਮੇ ਸੰਤੋਖ ਸਿੰਘ ਰਤੌੜ ਨੂੰ ਕਾਕਾ ਉਪਨਾਮ ਆਪਣੀ ਮਾਂ ਤੋਂ ਮਿਲਿਆ। ਉਸਨੇ 'ਮਸ਼ੂਕ ਤੇਰੀ ਚੱਲੀ' ਨਾਲ ਸ਼ੁਰੂਆਤ ਕੀਤੀ ਅਤੇ 'ਸਾਹਨੇਵਾਲ ਚੌਂਕ' ਅਤੇ 'ਦਾਰੂ ਪੀ ਕੇ ਜੱਟ ਬੁੱਕ ਦੇ' ਨਾਲ ਪ੍ਰਸਿੱਧੀ ਖੱਟੀ। ਗਾਇਕ ਦੀ 38 ਸਾਲ ਦੀ ਉਮਰ ਵਿੱਚ, 12 ਅਪਰੈਲ, 2009 ਨੂੰ ਪੀਲੀਆ ਅਤੇ ਜਿਗਰ ਫੇਲ੍ਹ ਹੋਣ ਕਾਰਨ ਮੌਤ ਹੋ ਗਈ।

ਇਨ੍ਹਾਂ ਗਾਇਕਾਂ- ਰਾਜਵੀਰ, ਦਿਲਜਾਨ, ਇਸ਼ਮੀਤ, ਸੋਨੀ, ਚਮਕੀਲਾ, ਸਿੱਧੂ ਅਤੇ ਕਾਕਾ - ਨੇ ਪੰਜਾਬੀ ਸੰਗੀਤ ਨੂੰ ਆਪਣੀ ਦਿਲ ਦੀ ਧੜਕਣ ਦਿੱਤੀ। ਪਰ ਹਾਦਸਿਆਂ, ਹਿੰਸਾ ਅਤੇ ਸਿਹਤ ਸੰਘਰਸ਼ਾਂ ਕਰਕੇ ਉਹ ਜਲਦੀ ਇਸ ਜਹਾਨੋਂ ਤੁਰ ਗਏ।

# ਬਾਡੀ ਬਿਲਡਰ ਤੇ ਪੰਜਾਬੀ ਅਦਾਕਾਰ
# ਵਰਿੰਦਰ ਘੁੰਮਣ ਦਾ ਵਿਛੋੜਾ





ਬਾਡੀ ਬਿਲਡਰ ਅਤੇ ਪੰਜਾਬੀ ਅਦਾਕਾਰ ਵਰਿੰਦਰ ਘੁੰਮਣ ਦਾ ਪਿਛਲੇ ਦਿਨੀਂ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। ਉਹ ਇਥੇ ਇੱਕ ਨਿੱਜੀ ਹਸਪਤਾਲ ਵਿੱਚ ਆਪਣੇ ਮੋਢੇ ਦੀ ਸਰਜਰੀ ਵਾਸਤੇ ਆਏ ਸਨ, ਜਿੱਥੇ ਦਿਲ ਦਾ ਦੌਰਾ ਪੈਣ ਨਾਲ ਉਨ੍ਹਾਂ ਦੀ ਮੌਤ ਹੋ ਗਈ। ਹਸਪਤਾਲ ਦੇ ਇੱਕ ਸੀਨੀਅਰ ਡਾਕਟਰ ਵੱਲੋਂ ਇਸ ਦੀ ਪੁਸ਼ਟੀ ਕੀਤੀ ਗਈ ਹੈ ਹੈ। ਉਨ੍ਹਾਂ ਦੱਸਿਆ ਕਿ ਉਸ ਦੀ ਮੌਤ ਸ਼ਾਮ ਲਗਪਗ 5-30 ਵਜੇ ਹੋਈ। ਉਹ ਮੂਲ ਰੂਪ ਵਿੱਚ ਗੁਰਦਾਸਪੁਰ ਦਾ ਰਹਿਣ ਵਾਲਾ ਸੀ।

ਮਿਲੀ ਜਾਣਕਾਰੀ ਮੁਤਾਬਕ ਵਰਿੰਦਰ ਘੁੰਮਣ ਨੇ 2009 ਵਿੱਚ ਮਿਸਟਰ ਇੰਡੀਆ ਦਾ ਟਾਈਟਲ ਜਿੱਤਿਆ ਸੀ, ਇਸ ਤੋਂ ਇਲਾਵਾ ਉਹ ਮਿਸਟਰ ਏਸ਼ੀਆ ਚੈਂਪੀਅਨਸ਼ਿਪ ਵਿੱਚ ਉਪ ਜੇਤੂ ਰਿਹਾ ਸੀ।

ਉਹ ਬਾਡੀ ਬਿਲਡਰ ਦੇ ਨਾਲ ਨਾਲ ਪੰਜਾਬੀ ਅਦਾਕਾਰ ਵੀ ਸਨ ਅਤੇ ਉਨ੍ਹਾਂ ਨੇ ਪੰਜਾਬੀ ਦੀਆਂ ਫਿਲਮਾਂ ਤੋਂ ਇਲਾਵਾ ਬੌਲੀਵੁੱਡ ਅਦਾਕਾਰ ਸਲਮਾਨ ਖਾਨ ਨਾਲ ਟਾਈਗਰ 3 ਵਿੱਚ ਵੀ ਕੰਮ ਕੀਤਾ ਸੀ। ਉਸ ਨੇ ਪੰਜਾਬੀ ਦੀਆਂ ਫਿਲਮਾਂ 'ਕਬੱਡੀ ਵਨਸ ਅਗੇਨ' ਵਿੱਚ ਮੁੱਖ ਅਦਾਕਾਰ ਵਜੋਂ ਕੰਮ ਕੀਤਾ। ਸਾਲ 2014 ਵਿੱਚ 'ਰੋਰ: ਟਾਈਗਰ ਆਫ ਦਾ ਸੁੰਦਰਵਨ' ਰਾਹੀ ਹਿੰਦੀ ਫਿਲਮਾਂ ਵਿੱਚ ਵੀ ਕੰਮ ਦੀ ਸ਼ੁਰੂਆਤ ਕੀਤੀ।

ਇਹ ਵੀ ਦੱਸਣਾ ਬਣਦਾ ਹੈ ਕਿ ਵਰਿੰਦਰ ਘੁੰਮਣ ਨੇ ਸ਼ਾਕਾਹਾਰੀ ਰਹਿੰਦਿਆਂ ਵਧੀਆ ਸਰੀਰ ਬਣਾਇਆ ਸੀ ਜਿਸ ਕਾਰਨ ਉਹ ਚਰਚਾ ਵਿੱਚ ਵੀ ਰਹੇ ਸਨ। ਇਹ ਵੀ ਕਿਆਸ ਲਾਏ ਜਾ ਰਹੇ ਸਨ ਕਿ ਵਰਿੰਦਰ 2027 ਦੀਆਂ ਵਿਧਾਨ ਸਭਾ ਚੋਣ ਲੜ ਸਕਦੇ ਹਨ। ਜ਼ਿਕਰਯੋਗ ਹੈ ਕਿ ਵਰਿੰਦਰ ਨੇ ਭਾਰਤ ਦੀ ਕਈ ਵਾਰ ਕੌਮਾਂਤਰੀ ਪੱਧਰ 'ਤੇ ਨੁਮਾਇੰਦਗੀ ਵੀ ਕੀਤੀ ਸੀ। ਵਰਿੰਦਰ ਸਿੰਘ ਘੁੰਮਣ ਭਾਰਤੀ ਪੇਸ਼ੇਵਰ ਬਾਡੀ ਬਿਲਡਰ ਸੀ।

## ਗਾਜ਼ਾ ਨੇ ਬਰਬਾਦ ਹੋ ਕੇ ਚੁਕਾਈ...

ਇਸ ਇੱਕ ਪਾਸੜ ਜੰਗ ਨੇ ਗਾਜ਼ਾ ਦੀ ਲਗਪਗ 20 ਲੱਖ ਆਬਾਦੀ ਵਿੱਚੋਂ ਕਰੀਬ 90 ਫੀਸਦੀ ਨੂੰ ਬੇਘਰ ਕਰ ਦਿੱਤਾ ਹੈ। ਗਾਜ਼ਾ ਦੇ ਦੱਖਣੀ ਸ਼ਹਿਰ ਖਾਨ ਯੂਨਿਸ ਵਿੱਚ, ਇਜ਼ਰਾਇਲੀ ਫ਼ੌਜਾਂ ਦੇ ਪਿੱਛੇ ਹਟਣ ਤੋਂ ਬਾਅਦ ਸੈਂਕੜੇ ਫਲਸਤੀਨੀਆਂ ਨੂੰ ਤਬਾਹ ਹੋਈਆਂ ਇਮਾਰਤਾਂ, ਮਲਬਾ ਅਤੇ ਤਬਾਹੀ ਮਿਲੀ। ਪਿਛਲੇ ਸਮੇਂ ਦੌਰਾਨ ਇਜ਼ਰਾਇਲ ਦੀ ਫ਼ੌਜ ਨੇ ਗਾਜ਼ਾ ਦੀਆਂ 12 ਯੂਨੀਵਰਸਿਟੀਆਂ ’ਤੇ ਵੀ ਬੰਬਾਰੀ ਕੀਤੀ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ’ਤੇ ਤਬਾਹ ਕਰ ਦਿੱਤਾ। ਇਸ ਦੇ ਨਾਲ ਹੀ ਫ਼ੌਜ ਨੇ ਹਮਲਿਆਂ ਵਿੱਚ ਲਾਇਬ੍ਰੇਰੀਆਂ, ਪ੍ਰਕਾਸ਼ਨ ਘਰ, ਸੱਭਿਆਚਾਰਕ ਕੇਂਦਰ, ਅਜਾਇਬ ਘਰ, ਕਿਤਾਬਾਂ, ਕਬਰਸਤਾਨ ਅਤੇ ਸਮਾਰਕਾਂ ਨੂੰ ਵੀ ਤਬਾਹ ਕਰ ਦਿੱਤਾ ਸੀ। ਫ਼ੌਜ ਨੇ ਗਾਜ਼ਾ ਦੀ ਸਭ ਤੋਂ ਮਹੱਤਵਪੂਰਨ ਅਲ ਅਕਸਾ ਯੂਨੀਵਰਸਿਟੀ ਦੀ ਲਾਇਬ੍ਰੇਰੀ ਦੇ ਬਚੇ ਹਿੱਸਿਆਂ ਨੂੰ ਵੀ ਅੱਗ ਲਗਾ ਦਿੱਤੀ ਅਤੇ ਬਲਦੀਆਂ ਕਿਤਾਬਾਂ ਦੇ ਸਾਹਮਣੇ ਬੈਠ ਕੇ ਫੋਟੋਆਂ ਖਿੱਚੀਆਂ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਇਜ਼ਰਾਇਲੀ ਫ਼ੌਜ ਨੇ ਅਜਿਹੇ ਅਦਾਰਿਆਂ ’ਤੇ ਹਮਲਾ ਕੀਤਾ ਹੈ। 1948 ਵਿੱਚ ਫਲਸਤੀਨੀ ਵਿਦਿਅਕ ਅਦਾਰਿਆਂ ’ਤੇ ਵੀ ਹਮਲਾ ਕੀਤਾ ਗਿਆ ਸੀ। ਇਜ਼ਰਾਇਲ ਦੇ ਹਮਲਿਆਂ ਵਿੱਚ ਗਾਜ਼ਾ ਦੇ 95 ਫ਼ੀਸਦੀ ਸਕੂਲ ਵੀ ਤਬਾਹ ਹੋ ਗਏ ਹਨ। ਗਾਜ਼ਾ ਦੇ ਲੱਖਾਂ ਵਿਦਿਆਰਥੀਆਂ ਦੀ ਪੜਾਈ ਇਸ ਜੰਗ ਕਾਰਨ ਪ੍ਰਭਾਵਿਤ ਹੋਈ ਹੈ।

ਹਮਾਸ 2007 ਤੋਂ ਗਾਜ਼ਾ ’ਤੇ ਰਾਜ ਕਰ ਰਿਹਾ ਹੈ। ਹੁਣ, ਹਮਾਸ ਨੇ ਕਿਹਾ ਹੈ ਕਿ ਉਹ ਸੱਤਾ ਛੱਡ ਦੇਵੇਗਾ ਅਤੇ ਇੱਕ ਫਲਸਤੀਨੀ ਤਕਨੀਕੀ ਕਮੇਟੀ ਨੂੰ ਸੱਤਾ ਸੌਂਪ ਦੇਵੇਗਾ। ਹਾਲਾਂਕਿ, ਟਰੰਪ ਦੀ ਯੋਜਨਾ ਦੇ ਤਹਿਤ, ਇੱਕ ਅੰਤਰਰਾਸ਼ਟਰੀ ਸੰਸਥਾ ਗਾਜ਼ਾ ਦੀ ਨਿਗਰਾਨੀ ਕਰੇਗੀ, ਜਿਸ ਦੀ ਅਗਵਾਈ ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਕਰ ਸਕਦੇ ਹਨ।

ਸ਼ਾਂਤੀ ਸਮਝੌਤੇ ਤੋਂ ਬਾਅਦ ਗਾਜ਼ਾ ਦੇ ਲੋਕਾਂ ਨੂੰ ਕੁਝ ਰਾਹਤ ਮਿਲੀ ਹੈ। ਬੰਬਾਰੀ ਅਤੇ ਗੋਲਾਬਾਰੀ ਫਿਲਹਾਲ ਬੰਦ ਹੋ ਗਈ ਹੈ ਪਰ ਡੂੰਘੀ ਅਨਿਸ਼ਚਿਤਤਾ ਵੀ ਹੈ ਕਿ ਕੀ ਇਹ ਗੋਲੀਬੰਦੀ ਕਾਇਮ ਰਹੇਗੀ? ਗਾਜ਼ਾ ਦੇ ਲੋਕਾਂ ਅੱਗੇ ਵੱਡਾ ਸਵਾਲ ਇਹ ਵੀ ਹੈ ਕਿ ਕੀ ਉਹ ਆਪਣੇ ਖੰਡਰ ਹੋਏ ਘਰਾਂ ’ਤੇ ਨਵੀਂਆਂ ਇਮਾਰਤਾਂ ਦੀ ਉਸਾਰੀ ਕਰ ਸਕਣਗੇ? ਕੀ ਭੁੱਖਮਰੀ ਦਾ ਸ਼ਿਕਾਰ ਗਾਜ਼ਾ ਮੁੜ ਤਰੱਕੀ ਦੀਆਂ ਉਡਾਰੀਆਂ ਮਾਰ ਸਕੇਗਾ? ਅਨੇਕਾਂ ਸਵਾਲਾਂ ਦੇ ਘੇਰਿਆਂ ’ਚ ਉਲਝਦਿਆਂ ਗਾਜ਼ਾ ਦੇ ਲੋਕ ਆਪਣੇ ਹੌਂਸਲੇ ਨੂੰ ਮਜ਼ਬੂਤ ਰਖਦਿਆਂ ਸਥਾਈ ਅਮਨ-ਸ਼ਾਂਤੀ ਦੀ ਉਡੀਕ ਕਰ ਰਹੇ ਹਨ। ਹਾਂ! ਏਨਾ ਜ਼ਰੂਰ ਹੈ ਕਿ ਗਾਜ਼ਾ ਵਿੱਚ ਹੁਣ ਸ਼ਾਂਤੀ ਦੀ ਵਾਅ ਦੇ ਠੰਡੇ ਬੁੱਲ੍ਹੇ ਆਉਣ ਦੇ ਬਾਵਜੂਦ ਚੁਫ਼ੇਰੇ ਸਮਾਈ ਬਾਰੂਦ ਦੀ ਮੁਸ਼ਕ ਛੇਤੀ ਕੀਤਿਆਂ ਨਹੀਂ ਜਾਵੇਗੀ। ਖੰਡਰ ਹੋਈਆਂ ਇਮਾਰਤਾਂ ਦੇ ਮਲਬੇ ਨੂੰ ਹਟਾਉਣ ’ਚ ਕੁਝ ਸਮਾਂ ਤਾਂ ਲੱਗੇਗਾ। ਇਹ ਚੰਗੀ ਗੱਲ ਹੈ ਕਿ ਗਾਜ਼ਾ ’ਚ ਜ਼ਿੰਦਗੀ ਮੁੜ ਧੜਕਣ ਲੱਗ ਪਈ ਹੈ ਅਤੇ ਲੋਕਾਂ ਦੇ ਘਰਾਂ ਦੇ ਚੁਲ੍ਹਿਆਂ ’ਤੇ ਤਾਜ਼ੀ ਰੋਟੀ ਪੱਕਣ ਦੇ ਆਸਾਰ ਬਣ ਗਏ ਹਨ।

***

## ਅਟਾਰੀ-ਵਾਘਾ ਬਾਰਡਰ ਖੋਲ੍ਹਣ ਦੀ ਮੰਗ...

ਭਵਿੱਖ ਵਿੱਚ 2026 ਤੱਕ ਪੂਰਾ ਵਪਾਰ ਰੂਟ ਖੁੱਲ੍ਹ ਸਕਦਾ ਹੈ, ਜੇਕਰ ਰਾਜਨੀਤਿਕ ਸਥਿਤੀ ਸਥਿਰ ਰਹੀ।

ਹਾਲ ਦੀ ਘੜੀ ਅਫਗਾਨਿਸਤਾਨ ਦਾ ਪਾਕਿਸਤਾਨ ਨਾਲ ਤਣਾਅ ਛਿੜਿਆ ਹੋਇਆ ਹੈ। 9 ਅਕਤੂਬਰ ਨੂੰ ਪਾਕਿਸਤਾਨ ਨੇ ਕਾਬੁਲ ਅਤੇ ਪੂਰਬੀ ਅਫਗਾਨ ਵਿੱਚ ਹਵਾਈ ਹਮਲੇ ਕੀਤੇ, ਜਿਸ ਨੂੰ ਤਾਲਿਬਾਨ ਨੇ ਟੀ.ਟੀ.ਪੀ. (ਤਹਿਰੀਕ-ਏ-ਤਾਲਿਬਾਨ ਪਾਕਿਸਤਾਨ) ਦੇ ਠਿਕਾਣਿਆਂ ’ਤੇ ਹਮਲਾ ਕੀਤਾ। ਪਾਕਿਸਤਾਨ ਨੇ ਅਫਗਾਨ ਭੂਮੀ ’ਤੇ ਅੱਤਵਾਦੀਆਂ ਨੂੰ ਪਨਾਹ ਦੇਣ ਦਾ ਦੋਸ਼ ਲਗਾਇਆ। ਬਦਲੇ ਵਜੋਂ 11-12 ਅਕਤੂਬਰ ਨੂੰ ਅਫਗਾਨ ਤਾਲਿਬਾਨ ਨੇ ਡੂਰੰਡ ਲਾਈਨ (ਸਰਹੱਦ) ’ਤੇ ਪਾਕਿਸਤਾਨੀ ਚੌਂਕੀਆਂ ’ਤੇ ਹਮਲਾ ਕੀਤਾ। ਝੜਪਾਂ ਕੁਨਾਰ, ਨੰਗਰਹਾਰ, ਕੁਰਮ ਅਤੇ ਬਾਜ਼ੌਰ ਵਿੱਚ ਹੋਈਆਂ, ਜਿੱਥੇ ਭਾਰੀ ਹਥਿਆਰਾਂ ਅਤੇ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਹੋਈ।

ਅਫਗਾਨਿਸਤਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ 58 ਪਾਕਿਸਤਾਨੀ ਸੈਨਿਕ ਮਾਰੇ ਅਤੇ 25 ਚੌਂਕੀਆਂ ’ਤੇ ਕਬਜ਼ਾ ਕੀਤਾ, ਜਦਕਿ ਉਹਨਾਂ ਦੇ 9 ਹੀ ਹਲਾਕ ਹੋਏ। ਪਾਕਿਸਤਾਨ ਨੇ ਕਿਹਾ ਕਿ ਉਨ੍ਹਾਂ ਨੇ 200 ਤਾਲਿਬਾਨ ਅਤੇ ਅੱਤਵਾਦੀਆਂ ਨੂੰ ਮਾਰਿਆ, ਪਰ ਉਹਨਾਂ ਦੇ 23 ਸੈਨਿਕ ਮਰੇ ਅਤੇ 29 ਜ਼ਖ਼ਮੀ ਹੋਏ। ਇਸ ਕਾਰਣ ਦੋਹਾਂ ਦੇਸਾਂ ਦੀ ਸਰਹੱਦ ਬੰਦ ਹੋ ਗਈ, ਜਿਸ ਨਾਲ ਵਪਾਰ ਰੁਕ ਗਿਆ ਅਤੇ ਹਜ਼ਾਰਾਂ ਲੋਕ ਪ੍ਰਭਾਵਿਤ ਹੋਏ ਹਨ। ਤਾਲਿਬਾਨ ਦੀ ਗੋਰੀਲਾ ਰਣਨੀਤੀ (ਪਹਾੜੀ ਇਲਾਕਿਆਂ ਵਿੱਚ ਛਾਪੇਮਾਰੀ) ਨੇ ਪਾਕਿਸਤਾਨ ਨੂੰ ਡਰਾਇਆ ਹੋਇਆ ਹੈ। ਹਾਲਾਂਕਿ ਪਾਕਿ ਦੀ ਹਵਾਈ ਤਾਕਤ ਮਜਬੂਤ ਹੈ।

ਕਤਰ ਅਤੇ ਸਊਦੀ ਅਰਬ ਦੀ ਵਿਚੋਲਗਿਰੀ ਕਾਰਨ ਅਫਗਾਨਿਸਤਾਨ ਨੇ 12 ਅਕਤੂਬਰ ਨੂੰ ਆਪ੍ਰੇਸ਼ਨ ਰੋਕ ਦਿੱਤਾ ਸੀ। ਮੁੱਤਕੀ ਨੇ ਕਿਹਾ, ਅਸੀਂ ਸ਼ਾਂਤੀ ਚਾਹੁੰਦੇ ਹਾਂ, ਪਰ ਜੇਕਰ ਨਹੀਂ ਤਾਂ ਹੋਰ ਬਦਲ ਸਾਡੇ ਕੋਲ ਹਨ।

ਪਾਕਿਸਤਾਨ ਭਾਰਤ-ਅਫਗਾਨ ਦੇ ਗੱਠਜੋੜ ਤੋਂ ਔਖਾ ਹੈ ਜਿਸ ਵਿੱਚ ਜੰਮੂ-ਕਸ਼ਮੀਰ ਨੂੰ ਭਾਰਤ ਦਾ ਅਭਿੰਨ ਅੰਗ ਕਿਹਾ ਗਿਆ। ਇਸਲਾਮਾਬਾਦ ਨੇ ਅਫਗਾਨ ਰਾਜਦੂਤ ਨੂੰ ਤਲਬ ਕੀਤਾ ਅਤੇ ਕਿਹਾ, ‘ਇਹ ਯੂ ਐੱਨ ਰੈਜ਼ੋਲੂਸ਼ਨਾਂ ਦੀ ਉਲੰਘਣਾ ਹੈ।’ ਪਾਕਿ ਨੇ ਕਿਹਾ ਕਿ ਅਫਗਾਨ ਭੂਮੀ ਅੱਤਵਾਦੀਆਂ ਦਾ ਕੇਂਦਰ ਬਣ ਗਈ ਹੈ। ਇਹ ਸਭ ਮੁੱਤਕੀ ਦੀ ਯਾਤਰਾ ਨਾਲ ਜੁੜਿਆ ਹੈ, ਜੋ ਪਾਕਿ ਨੂੰ ਭਾਰਤ-ਅਫਗਾਨ ਨੇੜਤਾ ਤੋਂ ਡਰਾਉਂਦਾ ਹੈ।

***

## ਸਾਕਾ ਜੂਨ ’84: ਚਿਦੰਬਰਮ ਦਾ ਬਿਆਨ ...

ਕਾਂਗਰਸ ਦੀ ਅੰਦਰੂਨੀ ਨਾਰਾਜ਼ਗੀ, ਭਾਜਪਾ ਦਾ ਸਿਆਸੀ ਮੌਕਾਪ੍ਰਸਤੀ, ਅਤੇ ਸਿੱਖ ਸੰਸਥਾਵਾਂ ਦਾ ਗੁੱਸਾ ਇਸ ਮੁੱਦੇ ਦੀ ਸੰਵੇਦਨਸ਼ੀਲਤਾ ਨੂੰ ਦਰਸਾਉਂਦੇਹਨ। ਜਦੋਂ ਤੱਕ ਕਾਂਗਰਸ ਜਾਂ ਭਾਰਤ ਸਰਕਾਰ ਅਧਿਕਾਰਤ ਤੌਰ ’ਤੇ ਸਾਕੇ ਦੀ ਜ਼ਿੰਮੇਵਾਰੀ ਸਵੀਕਾਰ ਨਹੀਂ ਕਰਦੀ ਅਤੇ ਮੁਆਫ਼ੀ ਨਹੀਂ ਮੰਗਦੀ, ਇਹ ਮੁੱਦਾ ਸਿਆਸੀ ਅਤੇ ਸਮਾਜਿਕ ਚਰਚਾਵਾਂ ਦਾ ਹਿੱਸਾ ਬਣਿਆ ਰਹੇਗਾ।

ਚਿਦੰਬਰਮ ਦੇ ਬਿਆਨ ਕਾਰਨ ਤਰਨ ਤਾਰਨ ਚੋਣਾਂ ਵਿੱਚ ਕਾਂਗਰਸ ਨੂੰ ਸਿਆਸੀ ਨੁਕਸਾਨ ਹੋਵੇਗਾ?

ਪੰਜਾਬ ਵਿੱਚ ਕਾਂਗਰਸ ਪਹਿਲਾਂ ਹੀ ਆਮ ਆਦਮੀ ਪਾਰਟੀ (ਆਪ) ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਅਤੇ ਚਿਦੰਬਰਮ ਦੇ 12 ਅਕਤੂਬਰ 2025 ਨੂੰ ਕਸੌਲੀ ਵਿੱਚ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਬਾਰੇ ਦਿੱਤਾ ਬਿਆਨ ਕਾਂਗਰਸ ਲਈ ਹੋਰ ਗੰਭੀਰ ਸਥਿਤੀ ਬਣਾ ਸਕਦਾ ਹੈ। ਇਸ ਸਾਕੇ ਨੇ ਪੰਜਾਬ ਦੀ ਸਿਆਸਤ ਨੂੰ ਹਮੇਸ਼ਾ ਲਈ ਬਦਲ ਦਿੱਤਾ ਹੈ। ਇਹ ਫ਼ੌਜੀ ਕਾਰਵਾਈ ਸੰਤ ਭਿੰਡਰਾਂਵਾਲੇ ਅਤੇ ਖਾੜਕੂਆਂ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਬਾਹਰ ਕੱਢਣ ਲਈ ਕੀਤੀ ਗਈ ਸੀ, ਪਰ ਇਸ ਨਾਲ ਹਜ਼ਾਰਾਂ ਨਿਰਦੋਸ਼ ਸ਼ਰਧਾਲੂਆਂ ਦੀਆਂ ਜਾਨਾਂ ਗਈਆਂ ਅਤੇ ਅਕਾਲ ਤਖ਼ਤ ਸਾਹਿਬ ਨੂੰ ਨੁਕਸਾਨ ਹੋਇਆ। ਇਸ ਤੋਂ ਬਾਅਦ ਇੰਦਰਾ ਗਾਂਧੀ ਦੀ ਹੱਤਿਆ ਅਤੇ ਦਿੱਲੀ ਵਿੱਚ ਸਿੱਖ ਵਿਰੋਧੀ ਕਤਲੇਆਮ ਹੋਇਆ, ਜਿਨ੍ਹਾਂ ਵਿੱਚ 3000 ਤੋਂ ਵੱਧ ਸਿੱਖ ਮਾਰੇ ਗਏ। ਪੰਜਾਬ ਵਿੱਚ ਸਿੱਖ ਭਾਈਚਾਰਾ (ਪ੍ਰਧਾਨ ਭਾਗ) ਇਸ ਨੂੰ ਕੌਮੀ ਜ਼ਖ਼ਮ ਮੰਨਦਾ ਹੈ ਅਤੇ ਕਾਂਗਰਸ ਤੇ ਭਾਰਤੀ ਸਟੇਟ ਨੂੰ ਇਸ ਦੀ ਜ਼ਿੰਮੇਵਾਰੀ ਲਈ ਅਜੇ ਵੀ ਨਿਸ਼ਾਨਾ ਬਣਾਇਆ ਜਾਂਦਾ ਹੈ।

ਪੰਜਾਬ ਆਪ ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਅਤੇ ਵਿਧਾਇਕ ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਹੈ ਕਿ ਚਿਦੰਬਰਮ ਦਾ ਬਿਆਨ ਕਾਂਗਰਸ ਦੇ ÷ਗੁਨਾਹਾਂ÷ ਨੂੰ ਛੁਪਾਉਣ ਦੀ ਕੋਸ਼ਿਸ਼ ਹੈ, ਅਤੇ ਇੰਦਰਾ ਗਾਂਧੀ ਨੂੰ ਪੂਰੀ ਤਰ੍ਹਾਂ ਜ਼ਿੰਮੇਵਾਰ ਠਹਿਰਾਉਣਾ ਚਾਹੀਦਾ। ਨਿੱਜਰ ਨੇ ਪੁੱਛਿਆ ਕਿ ਕਾਂਗਰਸ ਨੇ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਅਤੇ ਕਮਲ ਨਾਥ ਵਰਗੇ ਨੇਤਾਵਾਂ ਨੂੰ ਕਿਉਂ ਬਚਾਇਆ, ਜੋ 1984 ਸਿੱਖ ਕਤਲੇਆਮ ਵਿੱਚ ਨਾਮਜ਼ਦ ਹਨ। ਆਪ ‘ਜੋ ਪੰਜਾਬ ਵਿੱਚ ਸੱਤਾ ਵਿੱਚ ਹੈ’ ਇਸ ਨੂੰ ਵੋਟਰਾਂ ਨੂੰ ਯਾਦ ਕਰਵਾਉਣ ਲਈ ਵਰਤੇਗੀ, ਖਾਸ ਕਰ ਤਰਨਤਾਰਨ ਵਿੱਚ ਜਿੱਥੇ ਆਪ ਨੇ 2022 ਵਿੱਚ ਭਾਰੀ ਜਿੱਤ ਹਾਸਲ ਕੀਤੀ।

ਅਕਾਲੀ ਦਲ ਬਾਦਲ, ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਭਾਜਪਾ ਵੀ ਇਸ ਨੂੰ ਹਥਿਆਰ ਬਣਾਉਣਗੇ। ਭਾਜਪਾ ਨੇ ਪਹਿਲਾਂ ਹੀ ਚਿਦੰਬਰਮ ਨੂੰ ‘ਸੱਚ ਬੋਲਣ ਵਾਲਾ’ ਕਹਿ ਕੇ ਕਾਂਗਰਸ ਨੂੰ ਨਿਸ਼ਾਨਾ ਬਣਾਇਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਤਰਨਤਾਰਨ ਵਿੱਚ, ਜਿੱਥੇ ਸਿੱਖ ਵੋਟ (ਲਗਭਗ 80-90%) ਪ੍ਰਭਾਵਸ਼ਾਲੀ ਹੈ, ਇਹ ਬਿਆਨ ਅਕਾਲੀ ਦਲ ਤੇ ਵਾਰਿਸ ਪੰਜਾਬ ਦੇ ਜਥੇਬੰਦੀ ਨੂੰ ਸਿੱਖ ਵੋਟ ਲੈਣ ਵਿੱਚ ਮਦਦ ਕਰ ਸਕਦਾ ਹੈ। ਚਿਦੰਬਰਮ ਦੇ ਬਿਆਨ ਨਾਲ ਪੰਜਾਬ ਅਤੇ ਖਾਸ ਤੌਰ ’ਤੇ ਤਰਨ ਤਾਰਨ ਵਿੱਚ ਕਾਂਗਰਸ ਨੂੰ ਸਿਆਸੀ ਨੁਕਸਾਨ ਹੋਣ ਦੀ ਪੂਰੀ ਸੰਭਾਵਨਾ ਹੈ। ਇਹ ਸਿੱਖ ਭਾਈਚਾਰੇ ਵਿੱਚ ਪੁਰਾਣੇ ਜ਼ਖ਼ਮ ਖੋਲ੍ਹ ਰਿਹਾ ਹੈ ਅਤੇ ਵਿਰੋਧੀਆਂ ਨੂੰ ਹਥਿਆਰ ਦੇ ਰਿਹਾ ਹੈ। ਪੰਜਾਬ ਵਿੱਚ ਕਾਂਗਰਸ ਨੂੰ ਆਪ ਨਾਲ ਲੜਨ ਲਈ ਪਹਿਲਾਂ ਹੀ ਆਪਸੀ ਫ਼ੁਟ ਕਾਰਨ ਸੰਕਟ ਸਥਿਤੀਆਂ ਵਿੱਚ ਹੈ ਅਤੇ ਇਹ ਬਿਆਨ ਉਸ ਨੂੰ ਹੋਰ ਗੰਭੀਰ ਬਣਾ ਰਿਹਾ ਹੈ।

ਇਸ ਬਾਰੇ ਰਾਹੁਲ ਗਾਂਧੀ ਨੂੰ ਅਧਿਕਾਰਤ ਮੁਆਫ਼ੀ ਦੀ ਘੋਸ਼ਣਾ ਕਰਨੀ ਚਾਹੀਦੀ ਹੈ ਅਤੇ ਸਿੱਖ ਆਗੂਆਂ ਨਾਲ ਸੰਵਾਦ ਵਧਾਉਣਾ ਚਾਹੀਦਾ। ਜੇਕਰ ਨਹੀਂ, ਤਾਂ 2027 ਵਿੱਚ ਪੰਜਾਬ ਵਿੱਚ ਕਾਂਗਰਸ ਦੀ ਹਾਰ ਨੂੰ ਰੋਕਣਾ ਮੁਸ਼ਕਲ ਹੋ ਜਾਵੇਗਾ। ਇਹ ਮੁੱਦਾ ਨਾ ਸਿਰਫ਼ ਸਿਆਸੀ ਹੈ, ਸਗੋਂ ਭਾਈਚਾਰਕ ਵਿਸ਼ਵਾਸ ਦਾ ਵੀ ਹੈ।

****

## ਬ੍ਰਿਟੇਨ: 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ...

ਨਿਆਂ ਦੀਆਂ ਦਸਤਾਵੇਜ਼ੀ ਅਸਫਲਤਾਵਾਂ ਜਿਵੇਂ ਕਿ ਬਹੁਤ ਸਾਰੇ ਰਾਜਨੀਤਿਕ ਨੇਤਾਵਾਂ ਅਤੇ ਅਧਿਕਾਰੀਆਂ ਨੂੰ ਬਚਾਇਆ ਗਿਆ ਹੈ ਜਾਂ ਤਾਂ ਕਦੇ ਵੀ ਮੁਕੱਦਮਾ ਨਹੀਂ ਚਲਾਇਆ ਗਿਆ ਜਾਂ ਜਵਾਬਦੇਹੀ ਤੋਂ ਬਚਾਇਆ ਹੈ।

ਮਨੁੱਖੀ ਅਧਿਕਾਰ ਸਮੂਹਾਂ ਦੀਆਂ ਖੋਜਾਂ ਜਿਸ ਵਿੱਚ ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ ਸ਼ਾਮਲ ਹਨ, ਨੇ ਕਿਹਾ ਕਿ ਜੋ ਕਿ ਕਤਲੇਆਮ ਨੂੰ ਸੰਗਠਿਤ ਕਤਲੇਆਮ ਦੇ ਰੂਪ ਵਿੱਚ ਸ਼੍ਰੇਣੀਬੱਧ ਕਰਦੇ ਹਨ ਉਹ ਮਨੁੱਖਤਾ ਦੇ ਵਿਰੁੱਧ ਅਪਰਾਧ ਹਨ।

ਸਿੱਖਸ ਫਾਰ ਜਸਟਿਸ ਯੂ.ਕੇ. ਨੇ ਕਿਹਾ ਕਿ 1948 ਦੀ ਨਸਲਕੁਸ਼ੀ ਕਨਵੈਨਸ਼ਨ, ਜਿਸ ’ਚ ਯੂਨਾਈਟਿਡ ਕਿੰਗਡਮ ਇੱਕ ਹਸਤਾਖਰਕਰਤਾ ਮੈਂਬਰ ਹੈ, ਨਸਲਕੁਸ਼ੀ ਨੂੰ ਪੂਰੇ ਜਾਂ ਅੰਸ਼ਕ ਰੂਪ ਵਿੱਚ, ਇੱਕ ਰਾਸ਼ਟਰੀ, ਨਸਲੀ, ਜਾਂ ਧਾਰਮਿਕ ਸਮੂਹ ਨੂੰ ਤਬਾਹ ਕਰਨ ਦੇ ਇਰਾਦੇ ਨਾਲ ਕੀਤੇ ਗਏ ਕੰਮਾਂ ਵਜੋਂ ਪਰਿਭਾਸ਼ਿਤ ਕਰਦਾ ਹੈ। 1984 ਦੀ ਸਿੱਖ ਵਿਰੋਧੀ ਹਿੰਸਾ ਦੇ ਆਲੇ-ਦੁਆਲੇ ਦੇ ਸਬੂਤ ਅਤੇ ਗਵਾਹੀਆਂ ਇਸ ਪਰਿਭਾਸ਼ਾ ਨੂੰ ਪੂਰਾ ਕਰਦੀਆਂ ਹਨ। ਇਸ ਲਈ, ਅਸੀਂ ਪ੍ਰਧਾਨ ਮੰਤਰੀ ਅਤੇ ਮਹਾਰਾਜਾ ਚਾਰਲਸ ਦੀ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਰਸਮੀ ਤੌਰ ’ਤੇ ਭਾਰਤ ਵਿੱਚ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਜਾਵੇ ਅਤੇ ਦੁਨੀਆ ਨੂੰ ਯਕੀਨੀ ਬਣਾਉਣ ਲਈ ਸੰਯੁਕਤ ਰਾਸ਼ਟਰ ਸਮੇਤ ਅੰਤਰਰਾਸ਼ਟਰੀ ਫੋਰਮਾਂ ਇਸ ਮਾਮਲੇ ਨੂੰ ਉਠਾਉਣ ਤੇ ਪੀੜਤਾਂ ਅਤੇ ਬਚੇ ਲੋਕਾਂ ਲਈ ਸੱਚਾਈ, ਜਵਾਬਦੇਹੀ ਅਤੇ ਨਿਆਂ ਲਈ ਸਮਰਥਨ ਕਰਨ ਅਤੇ ਮਿਆਦ ਦੇ ਨਾਲ ਸੰਬੰਧਿਤ ਯੂ.ਕੇ. ਆਰਕਾਈਵ ਖੋਲ੍ਹਣਾ ਸ਼ਾਮਲ ਹੈ।

ਭਾਰਤ ਤੋਂ ਬਾਹਰ ਬਰਤਾਨੀਆ ਵਿੱਚ ਸਿੱਖ ਭਾਈਚਾਰੇ, ਜੋ ਸਭ ਤੋਂ ਵੱਡੇ ਦੇਸ਼ਾਂ ਵਿੱਚੋਂ ਇੱਕ ਹੈ, ਇਸ ਦੇ ਦਰਦ, ਇਤਿਹਾਸ ਅਤੇ ਨਿਆਂ ਲਈ ਚੱਲ ਰਹੇ ਸੰਘਰਸ਼ ਨੂੰ ਸਵੀਕਾਰ ਕਰਨ ਲਈ ਇਨ੍ਹਾਂ ਘਟਨਾਵਾਂ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣਾ ਨਾ ਸਿਰਫ਼ ਸਿੱਖਾਂ ਲਈ ਨਿਆਂ ਦਾ ਮਾਮਲਾ ਹੈ ਸਗੋਂ ਮਨੁੱਖੀ ਅਧਿਕਾਰਾਂ, ਜਵਾਬਦੇਹੀ ਅਤੇ ਅੰਤਰਰਾਸ਼ਟਰੀ ਕਾਨੂੰਨ ਦੇ ਸ਼ਾਸਨ ਪ੍ਰਤੀ ਯੂਨਾਈਟਿਡ ਕਿੰਗਡਮ ਦੀ ਵਚਨਬੱਧਤਾ ਦੀ ਪੁਸ਼ਟੀ ਵੀ ਹੈ। ਉਨ੍ਹਾਂ ਕਿਹਾ ਕਿ 1984 ਦੇ ਪੀੜਤਾਂ ਦੇ ਦੁੱਖਾਂ ਨੂੰ ਸਵੀਕਾਰ ਕਰਦੇ ਹੋਏ ਯੂ.ਕੇ. ਸਰਕਾਰ ਇਹ ਯਕੀਨੀ ਬਣਾਉਂਦੇਹੋਏ ਇਤਿਹਾਸਕ ਸੱਚਾਈ ਨੂੰ ਦਰਜ ਕਰਦੇ ਹੋਏ ਨਾਲ ਖੜ੍ਹੇ ਹੋਣ।

***

## ਨਿਊਯਾਰਕ ’ਚ ਤੀਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ...

ਉਮਰ ਵਰਗ 17 ਸਾਲ ਸਿੰਘਾਂ ਦੇ ਮੁਕਾਬਲਿਆਂ ਦੌਰਾਨ ਪਹਿਲਾ ਸਥਾਨ ਮਨਪ੍ਰੀਤ ਸਿੰਘ ਨਿਉਯਾਰਕ ਗੱਤਕਾ ਐਸੋਸੀਏਸ਼ਨ, ਦੂਜਾ ਸਥਾਨ ਅਨਮੋਲਪ੍ਰੀਤ ਸਿੰਘ ਅਤੇ ਕਰਨਪ੍ਰੀਤ ਸਿੰਘ- ਦੋਵੇਂ ਅਕਾਲ ਗੱਤਕਾ ਗੁਰਮਤਿ ਗਰੁੱਪ ਨਿਉਯਾਰਕ ਨੇ ਤੀਜੇ ਸਥਾਨ ’ਤੇ ਕਬਜ਼ਾ ਕੀਤਾ। ਉਮਰ ਵਰਗ 17 ਸਾਲ ਬੀਬੀਆਂ ਦੇ ਮੁਕਾਬਲਿਆਂ ਦੌਰਾਨ ਪਹਿਲਾ ਸਥਾਨ ਬੀਬੀ ਅਨੀਤ ਕੌਰ-ਨਿਉਜਰਸੀ ਗੱਤਕਾ ਐਸੋਸੀਏਸ਼ਨ, ਦੂਜਾ ਸਥਾਨ ਬੀਬੀ ਗੁਰਕੀਰਤ ਕੌਰ, ਕੈਨਸਸ ਗੱਤਕਾ ਐਸੋਸੀਏਸ਼ਨ ਅਤੇ ਸੀਰਤ ਕੌਰ ਪੈਨਸਲਵੇਨੀਆ ਨੇ ਵਧੀਆ ਪ੍ਰਦਰਸ਼ਨ ਕਰਦਿਆਂ ਤੀਜੇ ਸਥਾਨ ’ਤੇ ਜਿੱਤ ਹਾਸਲ ਕੀਤੀ।

ਉਮਰ ਵਰਗ 14 ਸਾਲ ਬੀਬੀਆਂ ਦੇ ਗੱਤਕਾ ਪ੍ਰਦਰਸ਼ਨੀ ਮੁਕਾਬਲਿਆਂ ਵਿੱਚ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਦਿਆਂ ਸੀਰਤ ਕੌਰ ਐਮ.ਏ, ਕੈਨਸਸ ਗੱਤਕਾ ਐਸੋਸੀਏਸ਼ਨ, ਸੋਨਮਪ੍ਰੀਤ ਕੌਰ ਦੋਵੇਂ ਨਿਉਯਾਰਕ ਗੱਤਕਾ ਐਸੋਸੀਏਸ਼ਨ ਅਤੇ ਏਰਲੀਨ ਕੌਰ ਨੇ ਕ੍ਰਮਵਾਰ ਪਹਿਲਾ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਉੱਥੇ ਹੀ ਸਿੰਘਾਂ ਦੇ ਮੁਕਾਬਲੇ ਵਿੱਚ ਹਰਜਾਪ ਸਿੰਘ, ਪੁਨੀਤ ਸਿੰਘ ਦੋਵੇਂ ਗੱਤਕਾ ਅਖਾੜਾ-ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਤੀਜੇ ਸਥਾਨ ਲਈ ਹਰਜੱਸ ਸਿੰਘ ਬਨਵੈਤ ਬੌਸਟਨ ਨੇ ਆਪਣੀ ਜਗ੍ਹਾ ਬਣਾਈ।

ਜੱਜਮੈਂਟ ਅਤੇ ਰੈਫਰੀ ਕੌਸ਼ਲ ਦੀ ਅਗਵਾਈ ਲਵਪ੍ਰੀਤ ਸਿੰਘ ਅਮਨ ਸਾਸਕਾਟੂਨ, ਕਨੈਡਾ, ਬੀਬਾ ਕਿਰਨਜੋਤ ਕੌਰ, ਹਰਭਜਨ ਸਿੰਘ ਨਾਰਥ ਕੈਰੋਲੀਨਾ, ਕਰਨਸ਼ੇਰ ਸਿੰਘ ਪੈਨਸਲਵੇਨੀਆ, ਸੁਜਾਨ ਸਿੰਘ ਸੀਨੀਅਰ ਰੈਫਰੀ ਅਮਰੀਕਾ, ਜਸਕੀਰਤ ਸਿੰਘ ਸੀਨੀਅਰ ਕੋਚ, ਭਾਈ ਗਗਨਦੀਪ ਸਿੰਘ ਅਖੰਡ ਕੀਰਤਨੀ ਜੱਥਾ ਅਤੇ ਟ੍ਰਸਟੀ ਸਿੱਖ ਕਲਚਰਲ ਸੋਸਾਇਟੀ, ਨਿਉਯਾਰਕ, ਭਾਈ ਦਲਬੀਰ ਸਿੰਘ ਅਖੰਡ ਕੀਰਤਨੀ ਜੱਥਾ, ਭਾਈ ਸਰਬਜੀਤ ਸਿੰਘ ਦਮਦਮੀ ਟਕਸਾਲ, ਗੁਰਪ੍ਰੀਤ ਸਿੰਘ, ਬਲਜਿੰਦਰ ਸਿੰਘ ਸਤਿੰਦਰਪਾਲ ਸਿੰਘ ਅਤੇ ਨਿਹੰਗ ਹਰਿੰਦਰ ਸਿੰਘ ਤੇ ਪ੍ਰਭਦੀਪ ਸਿੰਘ ਨਿਊਯਾਰਕ ਆਦਿ ਵੱਲੋਂ ਕੀਤੀ ਗਈ। ਇਸ ਤੋਂ ਇਲਾਵਾ ਅਮੀਤੋਜ ਸਿੰਘ ਨੂੰ ਫੇਅਰਪਲੇ ਐਵਾਰਡ ਅਤੇ ਨਾਰਥ ਕੈਰੋਲੀਨਾ ਦੀ ਸਮੁੱਚੀ ਟੀਮ ਨੂੰ ਫੇਅਰ ਪਲੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਗੁਰਨਮਨ ਸਿੰਘ ਪੈਨਸਲਵੇਨੀਆ ਅਤੇ ਹਰਨਿੱਧ ਕੌਰ ਨਿਊਯਾਰਕ ਨੂੰ ਸਿੰਘ ਅਤੇ ਬੀਬੀਆਂ ਦੀ ਵੱਖ-ਵੱਖ ਕੈਟੇਗਰੀਆਂ ਵਿੱਚ ਐਮਰਜਿੰਗ ਪਲੇਅਰ ਐਵਾਰਡ ਲਈ ਚੁਣਿਆ ਗਿਆ। ਬੈਸਟ ਪਲੇਅਰ ਲਈ ਗੁਰਨੂਰ ਸਿੰਘ ਨਿਊਯਾਰਕ ਅਤੇ ਨਾਰਥ ਕੈਰੋਲੀਨਾ ਤੋਂ ਬ੍ਰਹਮਲੀਨ ਕੌਰ ਦੀ ਚੋਣ ਕਰਕੇ ਸਨਮਾਨਿਤ ਕੀਤਾ ਗਿਆ। ਕੈਨਸਸ ਗੱਤਕਾ ਐਸੋਸੀਏਸ਼ਨ ਟੀਮ ਨੂੰ ਮੋਸਟ ਵੈਲਿਉਏਬਲ ਟੀਮ ਅਤੇ ਮਨਪ੍ਰੀਤ ਸਿੰਘ ਨਿਊਯਾਰਕ ਨੇ ਵਿਅਕਤੀ ਕੈਟਾਗਰੀ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਆਪਣੀ ਥਾਂ ਬਣਾਈ।

ਜੇਤੂ ਟੀਮਾਂ ਅਤੇ ਖਿਡਾਰੀਆਂ ਨੂੰ ਇਨਾਮ ਵੰਡ ਪ੍ਰੋਗਰਾਮ ਦੌਰਾਨ ਕਲਵਿੰਦਰ ਸਿੰਘ ਕੈਲੀਫੋਰਨੀਆ, ਸਵਰਨਜੀਤ ਸਿੰਘ ਕੌਂਸਲਮੈਨ ਨਾਰਵਿੱਚ ਸ਼ਹਿਰ ਕਨੈਕਟੀਕਟ, ਭਾਈ ਸੀਤਲ ਸਿੰਘ- ਸਿੱਖ ਕਲਚਰਲ ਸੋਸਾਇਟੀ-ਨਿਉਯਾਰਕ, ਡਾ. ਅਵਤਾਰ ਸਿੰਘ ਟੀਨਾ ਅਤੇ ਸਤਿਨਾਮ ਸਿੰਘ ਪਰਹਾਰ, ਡਾ. ਸੁਨੀਲ ਕਨਵਰ ਸਿੰਘ ਪੈਨਸਲਵੇਨੀਆ, ਡਾ. ਹਰਪ੍ਰੀਤ ਕੌਰ ਕੁਮੈਂਟੇਟਰ, ਮੋਨੀਦੰਰ ਸਿੰਘ ਡਾਇਰੈਕਟਰ ਯੂਨਾਈਟਿਡ ਸਿੱਖ, ਬੀਬਾ ਸਰਬਜੀਤ ਕੌਰ ਵੈਸਚੈਸਟਰ ਕਾਂਉਟੀ, ਭਾਈ ਰਜਿੰਦਰ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਸੋਸਾਇਟੀ, ਸਰਬਜੀਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਨਰਿੰਦਰ ਸਿੰਘ ਵਲੋਂ ਸ਼੍ਰੋਮਣੀ ਅਕਾਲੀ ਦਲ (ਮਾਨ) ਤੇ ਸਮੂਹ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ ਤੇ ਵਧਾਈਆਂ ਦਿੱਤੀਆਂ।

***

## ਤਰਸਯੋਗ ਹੋਈ ਪਾਕਿਸਤਾਨ ਸਥਿਤ ਗੁਰਦੁਆਰਾ

ਫਿਰ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਇਸ ਗੁਰੂ ਘਰ ਦੀ ਸੇਵਾ ਸੰਭਾਲ ’ਚ ਦਿਲਚਸਪੀ ਕਿਉਂ ਨਹੀਂ ਦਿਖਾਈ। ਜਦਕਿ ਭਾਰਤ ਵੱਲੋਂ ਵੀ ਪਾਕਿ ਸਥਿਤ ਸਿੱਖ ਗੁਰਧਾਮਾਂ ਦੇ ਦਰਸ਼ਨ ਦੀਦਾਰਿਆਂ ਲਈ ਜੱਥਿਆਂ ਦੇ ਰੂਪ ਵਿੱਚ ਸਿੱਖ ਸ਼ਰਧਾਲੂ ਆਉਂਦੇ-ਜਾਂਦੇ ਰਹਿੰਦੇ ਹਨ।

ਜ਼ਿਕਰਯੋਗ ਹੈ ਕਿ ਭੰਡਾਣਾ ਪਿੰਡ ਦੇ ਨਾਲ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਇੱਕ ਫ਼ੌਜੀ ਜਰਨੈਲ ਜਵਾਲਾ ਸਿੰਘ ਸੰਧੂ ਦਾ ਗੂੜਾ ਰਿਸ਼ਤਾ ਰਿਹਾ ਹੈ। ਇੱਥੇ ਉਨ੍ਹਾਂ ਦੀ ਇੱਕ ਬਹੁ-ਇਮਾਰਤੀ ਵਿਸ਼ਾਲ ਹਵੇਲੀ ਵੀ ਸਥਾਪਤ ਹੈ ਤੇ ਉਹ ਉਸ ਸਮੇਂ ਕਿਸੇ ਵੀ ਕਾਰਜ ਖੇਤਰ ’ਚ ਜਾਣ ਤੋਂ ਪਹਿਲਾਂ ਇਸ ਗੁਰੂ ਘਰ ’ਚ ਨਤਮਸਤਕ ਹੋ ਕੇ ਹੀ ਆਪਣਾ ਕੰਮ ਸ਼ੁਰੂ ਕਰਦੇ ਸਨ। ਇਸ ਗੁਰਦੁਆਰਾ ਸਾਹਿਬ ਦੀ ਤਰਸਯੋਗ ਹਾਲਤ ਨੂੰ ਲੈ ਕੇ ਪਾਕਿਸਤਾਨ ਦੇ ਇੱਕ ਯੂਟਿਊਬਰ ਵੱਲੋਂ ਵੀ ਇੱਕ ਵੀਡੀਓ ਕਲਿੱਪ ਸ਼ੋਸ਼ਲ ਮੀਡੀਆ ’ਤੇ ਅਪਲੋਡ ਕਰ ਕੇ ਇਸ ਬਾਬਤ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। ਲਹਿੰਦੇ ਪੰਜਾਬ ਦੀ ਤਹਿਸੀਲ ਤੇ ਜ਼ਿਲ੍ਹਾ ਲਾਹੌਰ ਨਾਲ ਸਬੰਧਤ ਸਰਹੱਦੀ ਪਿੰਡ ਭੰਡਾਣਾ ਅੱਜ-ਕੱਲ੍ਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿਉਂਕਿ ਇਸ ਪਿੰਡ ਦੇ ਨਾਲ ਦੋਵਾਂ ਦੇਸ਼ਾਂ ਦੇ ਸਾਂਝੇ ਪੰਜਾਬ ਦੀਆਂ ਬਹੁਤ ਸਾਰੀਆਂ ਯਾਦਾਂ ਜੁੜੀਆ ਹੋਈਆਂ ਹਨ।

***

## ਭਵਿੱਖ ਦੀ ਰਾਜਨੀਤੀ ਦਾ ਰਾਹ

ਹਾਲਾਂਕਿ ਐੱਸ ਸੀ/ ਐੱਸ ਟੀ/ਓ ਬੀ ਸੀ ਲਈ ਫੰਡ ਦੁੱਗਣਾ ਹੋਇਆ, ਪਰ ਉਨ੍ਹਾਂ ਦਾ ਕੁੱਲ ਹਿੱਸਾ 2.59 ਫੀਸਦੀ ਤੋਂ ਘਟ ਕੇ 1.29 ਫੀਸਦੀ ਰਹਿ ਗਿਆ। ਵੋਟ ਵਾਈਬ ਸਰਵੇ ਨੇ ਦੱਸਿਆ ਕਿ ਦਲਿਤ ਵੋਟਾਂ ਲਈ ਸਖ਼ਤ ਲੜਾਈ ਹੈ ਅਤੇ ਇਹ ਐੱਨਡੀਏ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਬਿਹਾਰ ਵਿੱਚ ਕਿੱਥੇ ਗਏ ਘੁਸਪੈਠੀਏ?

ਬੀਤੀ 7 ਅਕਤੂਬਰ ਨੂੰ ਬਿਹਾਰ ਅਸੰਬਲੀ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰਨ ਵੇਲੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਤੋਂ ਜਦੋਂ ਪੁੱਛਿਆ ਗਿਆ ਕਿ ਸੂਬੇ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਦੌਰਾਨ ਕਿੰਨੇ ਵਿਦੇਸ਼ੀ ਘੁਸਪੈਠੀਏ ਫੜੇ ਗਏ ਤਾਂ ਉਹ ਭੇਦਭਰੇ ਅੰਦਾਜ਼ ਵਿੱਚ ਮੁਸਕਰਾ ਕੇ ਗੱਲ ਟਾਲ ਗਏ। ਭਾਜਪਾ ਤੇ ਆਰ.ਐੱਸ.ਐੱਸ. ਵਰ੍ਹਿਆਂ ਤੋਂ ਬੰਗਲਾਦੇਸ਼ੀ, ਰੋਹਿੰਗਿਆ ਤੇ ਨੇਪਾਲੀ ਘੁਸਪੈਠੀਆਂ ਦਾ ਡਰ ਫੈਲਾ ਕੇ ਹਿੰਦੂ ਵੋਟਰਾਂ ਨੂੰ ਇੱਕਜੁਟ ਕਰਦੇ ਰਹੇ ਹਨ। ਬਿਹਾਰ ਵਿੱਚ ਵੀ ਇਹੀ ਕਹਿ ਕੇ ਐੱਸ ਆਈ ਆਰ ਮੁਹਿੰਮ ਚਲਾਈ ਗਈ। ਐੱਸ. ਆਈ. ਆਰ. ਦਾ ਮਕਸਦ ਇਹ ਦੱਸਿਆ ਗਿਆ ਸੀ ਕਿ ਵਿਦੇਸ਼ੀ ਘੁਸਪੈਠੀਆਂ ਨੂੰ ਫੜਨਾ ਹੈ, ਪਰ ਅੰਤਮ ਰਿਪੋਰਟ ਵਿਚ ਨਿਕਲਿਆ ਕੀ? ਵੋਟਰ ਹਟਾਉਣ ਤੇ ਨਵੇਂ ਜੋੜਨ ਤੋਂ ਬਾਅਦ ਇੱਕ ਅਕਤੂਬਰ ਨੂੰ ਜਾਰੀ ਕੀਤੀ ਗਈ ਅੰਤਮ ਵੋਟਰ ਸੂਚੀ ਵਿੱਚ 7.42 ਲੱਖ ਕਰੋੜ ਵੋਟਰ ਬਚੇ, ਜਿਹੜੇ ਲੋਕ ਸਭਾ ਚੋਣਾਂ ਵੇਲੇ 7.89 ਕਰੋੜ ਸਨ। ਹਟਾਏ ਗਏ 52.9 ਲੱਖ ਨਾਵਾਂ ਵਿੱਚੋਂ 22.34 ਲੱਖ ਮ੍ਰਿਤਕ, 36.44 ਲੱਖ ਪ੍ਰਵਾਸੀ (ਦੇਸ਼ ਦੇ ਅੰਦਰ ਹੀ), 6.85 ਲੱਖ ਡੁਪਲੀਕੇਟ ਅਤੇ ਸਿਰਫ 11,484 ਨਾਮਾਲੂਮ ਹਨ। ਨੇਪਾਲੀ, ਬੰਗਲਾਦੇਸ਼ੀ ਤੇ ਰੋਹਿੰਗਿਆ ਦਾ ਨਾਮੋਨਿਸ਼ਾਨ ਨਹੀਂ। ਜਿਨ੍ਹਾਂ ਦਾ ਪਤਾ ਨਹੀਂ ਲੱਗਾ ਕੀ ਉਨ੍ਹਾਂ ਨੂੰ ਘੁਸਪੈਠੀਏ ਮੰਨਿਆ ਜਾਵੇ?

ਮੁੱਖ ਚੋਣ ਕਮਿਸ਼ਨਰ ਦਾ ਦਾਅਵਾ ਹੈ ਕਿ 22 ਸਾਲ ਬਾਅਦ ਬਿਹਾਰ ਦੀ ਵੋਟਰ ਸੂਚੀ ਸ਼ੁੱਧ ਕਰ ਦਿੱਤੀ ਗਈ ਹੈ। ‘ਦੀ ਰਿਪੋਰਟਰਜ਼ ਕੁਲੈਕਟਿਵ’ ਨਾਂਅ ਦੀ ਵੱਕਾਰੀ ਜਥੇਬੰਦੀ ਨੇ 6 ਅਕਤੂਬਰ ਨੂੰ ਜਾਰੀ ਕੀਤੀ ਆਪਣੀ ਰਿਪੋਰਟ ਵਿੱਚ ਕਿਹਾ ਕਿ ਸੂਚੀ ਵਿੱਚ 1.32 ਕਰੋੜ ਵੋਟਰਾਂ ਦੇ ਫਰਜ਼ੀ ਜਾਂ ਸ਼ੱਕੀ ਪਤੇ ਹਨ ਅਤੇ 14.35 ਲੱਖ ਡੁਪਲੀਕੇਟ ਹਨ। 3.42 ਲੱਖ ਮਾਮਲਿਆਂ ਵਿੱਚ ਨਾਂਅ, ਪਿਤਾ ਦਾ ਨਾਂਅ ਤੇ ਉਮਰ ਤੱਕ ਇੱਕੋ ਜਿਹੇ ਹਨ। ਵੱਖ-ਵੱਖ ਜਾਤਾਂ ਦੇ ਲੋਕ ਇੱਕ ਹੀ ਪਤੇ ’ਤੇ ਦਰਜ ਹਨ। ਸਿਆਸੀ ਵਿਸ਼ਲੇਸ਼ਕ ਇਸ ਨੂੰ ‘ਚੋਣ ਘੁਟਾਲਾ’ ਕਹਿ ਰਹੇ ਹਨ, ਜਦਕਿ ਆਪੋਜ਼ੀਸ਼ਨ ਪਾਰਟੀਆਂ ਸੱਤਾ ਦੀ ਸਾਜ਼ਿਸ਼ ਦੱਸ ਰਹੀਆਂ ਹਨ। ਅੰਕੜੇ ਦੱਸਦੇ ਹਨ ਕਿ ਸ਼ੁੱਧੀਕਰਨ ਦੇ ਨਾਂਅ ’ਤੇ ਸੂਚੀ ਹੋਰ ਗੰਧਲੀ ਕਰ ਦਿੱਤੀ ਗਈ ਹੈ। ਕਰੀਬ 20 ਸਾਲ ਤੋਂ ਬਿਹਾਰ ਵਿੱਚ ਸ਼ਾਸਨ ਕਰ ਰਿਹਾ ਭਾਜਪਾ ਤੇ ਜਨਤਾ ਦਲ (ਯੂ) ਦਾ ਗੱਠਜੋੜ ਕੋਈ ਘੁਸਪੈਠੀਆ ਨਹੀਂ ਲੱਭ ਸਕਿਆ। ਇਸ ਕਰਕੇ ਇਹ ਸਵਾਲ ਵਾਜਬ ਲੱਗਦਾ ਹੈ: ਐੱਸ ਆਈ ਆਰ ਦਾ ਅਸਲ ਮਕਸਦ ਕੀ ਸੀ? ਬਿਹਾਰ ਵਿੱਚ ਸਨਅਤੀ ਵਿਕਾਸ ਤੇ ਰੁਜ਼ਗਾਰ ਪੈਦਾ ਕਰਨ ਵਿੱਚ ਨਾਕਾਮ ਰਹੀ ਸਰਕਾਰ ਨੇ ਲੋਕਾਂ ਦਾ ਧਿਆਨ ਭਟਕਾਉਣ ਲਈ ਹੀ ਐੱਸ ਆਈ ਆਰ ਦੀ ਸਾਜ਼ਿਸ਼ ਘੜੀ ਤਾਂ ਜੋ ਦੂਜੀਆਂ ਪਾਰਟੀਆਂ ਦੇ ਹਮਾਇਤੀ ਵੋਟਰਾਂ ਦੇ ਨਾਂਅ ਕੱਟ ਦਿੱਤੇ ਜਾਣ, ਪਰ ਆਪੋਜ਼ੀਸ਼ਨ ਪਾਰਟੀਆਂ ਨੇ ਸੜਕਾਂ ਤੇ ਸੁਪਰੀਮ ਕੋਰਟ ਵਿੱਚ ਤਕੜੀ ਲੜਾਈ ਲੜ ਕੇ ਇਸ ਸਾਜ਼ਿਸ਼ ਨੂੰ ਕਾਫੀ ਹੱਦ ਤੱਕ ਨਾਕਾਮ ਬਣਾ ਦਿੱਤਾ। ਸੁਪਰੀਮ ਕੋਰਟ ਵਿੱਚ ਕੇਸ ਅਜੇ ਵੀ ਲੱਗਿਆ ਹੋਇਆ ਹੈ ਤੇ ਉਮੀਦ ਹੈ ਕਿ ਚੋਣ ਕਮਿਸ਼ਨ ਵੱਲੋਂ ਸ਼ੋਅ ਕੀਤੇ ‘ਨਾਮਾਲੂਮ ਵੋਟਰ’ ਵੀ ਲੱਭ ਪੈਣਗੇ।

## ਛੁਟਕਾਰਾ...

ਮੈਂ ਸਮਝ ਨਹੀਂ ਸਕਿਆ ਕਿ ਮਜਬੂਰੀ ਨੇ ਇਸ ਅਣਹੋਣੀ ਦਾ ਰੂਪ ਕਿਉਂ ਧਾਰਨ ਕਰ ਲਿਆ ਸੀ ਤੇ ਪਿਉ ਦਾ ਫ਼ਰਜ਼ ਪੂਰਾ ਕਰਨ ਲਈ ਕਿਸੇ ਨੂੰ ਆਪਣੀ ਜਾਨ ਦੇਣੀ ਪਈ ਸੀ। ਦਿਨ ਲੰਘ ਜਾਣ 'ਤੇ ਸਰਕਾਰ ਵੱਲੋਂ ਉਹਦੇ ਪਰਿਵਾਰ ਨੂੰ ਪੰਜ ਲੱਖ ਰੁਪਏ ਮਿਲ ਗਏ ਸਨ ਤੇ ਉਨ੍ਹਾਂ ਪੈਸਿਆਂ ਨਾਲ ਮੈਂ...।"

ਗੱਲ ਕਰਦਿਆਂ ਮੰਗਲ ਕੁਝ ਚਿਰ ਲਈ ਰੁਕ ਗਿਆ। ਕੁਰਸੀ 'ਤੇ ਬੈਠਾ ਮੈਂ ਤਾਂ ਜਿਵੇਂ ਸਿੱਲ ਬਣ ਗਿਆ। ਮੇਰੇ ਕੋਲੋਂ ਕੁਝ ਵੀ ਨਹੀਂ ਬੋਲਿਆ ਗਿਆ, ਪਰ ਮੰਗਲ ਨੇ ਫਿਰ ਅੱਗੋਂ ਗੱਲ ਸ਼ੁਰੂ ਕੀਤੀ, "ਸਾਹਿਬ, ਉਸ ਦੀ ਵੱਡੀ ਧੀ ਦਾ ਵਿਆਹ ਤਾਂ ਹੋ ਗਿਆ। ਅਜੇ ਵੀ ਬੈਂਕ ਵਿੱਚ ਇੰਨੇ ਪੈਸੇ ਹਨ ਕਿ ਦੂਜੀ ਦਾ ਵਿਆਹ ਕਰਕੇ ਵੀ ਉਨ੍ਹਾਂ ਵਿੱਚੋਂ ਬਹੁਤ ਸਾਰੇ ਪੈਸੇ ਬਚ ਜਾਣਗੇ। ਪਰ ਸਾਹਿਬ, ਪਿਛਲੇ ਮਹੀਨੇ ਤੋਂ ਮੈਨੂੰ ਸੁੱਤੇ ਪਏ ਨੂੰ ਇੱਕ ਆਵਾਜ਼ ਸੁਣਾਈ ਦਿੰਦੀ ਹੈ ਜਿਹੜੀ ਜਿਵੇਂ ਚੀਕ ਬਣ ਕੇ ਕੂੜੇ ਤੇ ਗੰਦ ਨਾਲ ਭਰੇ ਸੀਵਰੇਜ ਵਿੱਚੋਂ ਬਾਹਰ ਨਿਕਲਦੀ ਹੈ। ਮੈਂ ਤਦੇ ਇਸ ਨੂੰ ਪਛਾਣ ਲੈਂਦਾ ਹਾਂ। ਇਹ ਆਵਾਜ਼ ਤਾਂ ਅਮਰ ਦੀ ਹੁੰਦੀ ਹੈ ਜਿਹੜਾ ਜਾਣ-ਬੁੱਝ ਕੇ ਸੀਵਰੇਜ ਵਿੱਚ ਡਿੱਗ ਪਿਆ ਸੀ, ਜਿਸ ਨੇ ਆਪਣੀਆਂ ਧੀਆਂ ਦੀ ਖ਼ੁਸ਼ੀ ਲਈ ਜਾਨ ਦੇ ਦਿੱਤੀ ਸੀ। ਉਹ ਚੀਕ ਸੁਣ ਕੇ ਡਰ ਨਾਲ ਮੇਰੀ ਅੱਖ ਖੁੱਲ੍ਹ ਜਾਂਦੀ ਹੈ। ਫਿਰ ਮੈਨੂੰ ਨੀਂਦ ਨਹੀਂ ਆਉਂਦੀ ਸਾਹਿਬ। ਮੈਂ ਬਹੁਤ ਕੋਸ਼ਿਸ਼ ਕਰਦਾ ਹਾਂ ਕਿ ਉਹ ਗੱਲ ਭੁੱਲ ਜਾਵਾਂ ਤੇ ਸੌਂ ਜਾਵਾਂ ਪਰ...। ਮੈਨੂੰ ਮੁੜ-ਮੁੜ ਅਮਰ ਦਾ ਖ਼ਿਆਲ ਆਉਂਦਾ ਰਹਿੰਦਾ ਹੈ। ਉਸ ਦੀ ਪਤਨੀ, ਉਸ ਦੀਆਂ ਧੀਆਂ ਚੀਕਾਂ ਮਾਰਦੀਆਂ ਦਿਸਦੀਆਂ ਹਨ। ਸਾਰੀ ਰਾਤ ਅੱਖਾਂ ਥਾਣੀ ਲੰਘ ਜਾਂਦੀ ਹੈ। ਜਦੋਂ ਮੈਂ ਸਵੇਰੇ ਮੰਜੇ ਤੋਂ ਉਠਦਾ ਹਾਂ ਤਾਂ ਬਹੁਤ ਥੱਕਿਆਂ ਹੁੰਦਾ ਹਾਂ। ਤੁਸੀਂ ਦੱਸੋ ਕਿਵੇਂ ਛੁਟਕਾਰਾ ਪਾਵਾਂ ਇਨ੍ਹਾਂ ਆਵਾਜ਼ਾਂ ਕੋਲੋਂ ਜਿਹੜੀਆਂ ਮੇਰਾ ਪਿੱਛਾ ਨਹੀਂ ਛੱਡਦੀਆਂ ? ਮੈਂ ਕੀ ਕਰਾਂ ਸਾਹਿਬ ?"

ਮੰਗਲ ਦੀ ਗੱਲ ਮੁੱਕ ਗਈ।

ਮੈਂ ਅੱਖਾਂ ਬੰਦ ਕਰੀ ਅਜੇ ਵੀ ਕੁਰਸੀ ਦੀ ਢੋਅ ਦਾ ਸਹਾਰਾ ਲਈ ਚੁੱਪ ਬੈਠਾ ਸਾਂ। ਮੈਂ ਸੋਚ ਰਿਹਾ ਸੀ ਕਿ ਮੰਗਲ ਨੂੰ ਕੀ ਕਹਾਂ ? ਕਿਵੇਂ ਛੁਟਕਾਰਾ ਦਿਵਾਵਾਂ ਇਨ੍ਹਾਂ ਚੀਕਾਂ ਕੋਲੋਂ ਉਸ ਨੂੰ ?

ਇਹ ਸੋਚਦਿਆਂ ਤੇ ਅੱਖਾਂ ਬੰਦ ਕਰੀਂ ਬੈਠਿਆਂ ਪਤਾ ਨਹੀਂ ਮੈਨੂੰ ਕਿੰਨਾ ਹੀ ਚਿਰ ਲੰਘ ਗਿਆ। ਕੁਝ ਚਿਰ ਬਾਅਦ ਮੈਂ ਅੱਖਾਂ ਖੋਲ੍ਹ ਕੇ ਕਮਰੇ ਵਿੱਚ ਵੇਖਿਆ ਤਾਂ ਉੱਥੇ ਮੈਨੂੰ ਮੰਗਲ ਦਿਖਾਈ ਨਹੀਂ ਦਿੱਤਾ।

ਅਚਾਨਕ ਮੇਰੀ ਨਜ਼ਰ ਖੁੱਲ੍ਹੀ ਬਾਰੀ ਰਾਹੀਂ ਕਮਰੇ ਤੋਂ ਬਾਹਰ ਚਲੀ ਗਈ ਜਿੱਥੇ ਥੱਕਿਆ-ਥੱਕਿਆ, ਚੁੱਪ-ਚੁੱਪ ਜਿਹਾ ਮੰਗਲ ਝਾੜੂ ਨਾਲ ਨਿੰਮ ਦੇ ਪੱਤੇ ਇਕੱਠੇ ਕਰ ਰਿਹਾ ਸੀ।

***

## ਸਿੱਖਣ ਪ੍ਰਕਿਰਿਆ, ਨਿੱਜੀ ਵਿਕਾਸ ਤੇ ਭਵਿੱਖ...

ਦੂਜੇ ਪਾਸੇ ਆਪਣੇ ਹਾਣੀਆਂ ਨਾਲ ਉਸ ਦੇ ਦੋਸਤਾਨਾ ਸੰਬੰਧ ਵੀ ਉਸ ਨੂੰ ਆਪਣੀਆਂ ਭਾਵਨਾਵਾਂ ਵਿਕਸਿਤ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਸਕੂਲ ਉਸ ਨੂੰ ਅਜਿਹੀਆਂ ਯਾਦਾਂ ਨਾਲ ਭਰਦਾ ਹੈ, ਜੋ ਆਉਣ ਵਾਲੀ ਜ਼ਿੰਦਗੀ ਵਿੱਚ ਵੀ ਉਸ ਨੂੰ ਖ਼ੁਸ਼ੀ ਦੇ ਪਲ ਦੇ ਸਕਦੀਆਂ ਹਨ।

ਸਕੂਲਾਂ ਵਿੱਚ ਸਿਰਫ਼ ਅਕਾਦਮਿਕ ਹੀ ਨਹੀਂ ਸਗੋਂ ਪਾਠਕ੍ਰਮ ਤੋਂ ਬਾਹਰੀ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਗਤੀਵਿਧੀਆਂ ਵਿੱਚ ਕੋਮਲ ਕਲਾਵਾਂ, ਜਿਵੇਂ ਪੇਂਟਿੰਗ, ਸੰਗੀਤ, ਅਦਾਕਾਰੀ, ਫੋਟੋਗ੍ਰਾਫੀ ਜਾਂ ਅੱਖਰਕਾਰੀ (ਕੈਲੀਗ੍ਰਾਫੀ) ਆਦਿ ਸ਼ਾਮਿਲ ਹਨ। ਇਨ੍ਹਾਂ ਕਿਰਿਆਤਮਿਕ ਗਤੀਵਿਧੀਆਂ ਵਿੱਚ ਵਿਦਿਆਰਥੀ ਦੀ ਭਾਗੀਦਾਰੀ ਉਸ ਅੰਦਰ ਇਨ੍ਹਾਂ ਕਲਾਵਾਂ ਅਤੇ ਹੁਨਰਾਂ ਲਈ ਰੁਚੀ ਪੈਦਾ ਕਰਦੀ ਹੈ ਅਤੇ ਇਹ ਰੁਚੀ ਹੀ ਵਿਦਿਆਰਥੀ ਦੇ ਭਵਿੱਖੀ ਰੁਜ਼ਗਾਰ ਦਾ ਸਾਧਨ ਵੀ ਬਣ ਸਕਦੀ ਹੈ। ਵਿਦਿਆਰਥੀਆਂ ਵਿੱਚ ਇਹ ਹੁਨਰਮੰਦੀ ਤਾਂ ਹੀ ਆ ਸਕਦੀ ਹੈ, ਜੇ ਉਹ ਸਕੂਲ ਵਿੱਚ ਹਾਜ਼ਰ ਹੋਣ।

ਸਕੂਲ ਅਕਸਰ ਹੀ ਕਿਸੇ ਪੇਸ਼ੇ ਜਾਂ ਮਾਨਸਿਕ ਸਿਹਤ ਸਬੰਧੀ ਕਾਊਂਸਲਿੰਗ ਦਾ ਪ੍ਰਬੰਧ ਸਮੇਂ-ਸਮੇਂ 'ਤੇ ਕਰਦੇ ਰਹਿੰਦੇ ਹਨ। ਇਹ ਸਹੂਲਤਾਂ ਨਿੱਜੀ ਰੂਪ ਵਿੱਚ ਪ੍ਰਾਪਤ ਕਰਨੀਆਂ ਮਹਿੰਗੀਆਂ ਹਨ ਪਰ ਸਕੂਲ ਵਿੱਚ ਲਗਾਤਾਰ ਹਾਜ਼ਰ ਰਹਿਣ ਵਾਲਾ ਵਿਦਿਆਰਥੀ ਬੜੀ ਆਸਾਨੀ ਨਾਲ ਇਨ੍ਹਾਂ ਸਹੂਲਤਾਂ ਨੂੰ ਪ੍ਰਾਪਤ ਕਰ ਸਕਦਾ ਹੈ। ਸਕੂਲ 'ਚ ਲਗਾਤਾਰ ਹਾਜ਼ਰੀ ਵਿਦਿਆਰਥੀ ਦੀ ਵਿੱਦਿਆਕ ਯਾਤਰਾ ਦਾ ਬੁਨਿਆਦੀ ਪਹਿਲੂ ਹੈ। ਇਹ ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ ਨੂੰ ਹੀ ਯਕੀਨੀ ਨਹੀਂ ਬਣਾਉਂਦਾ ਸਗੋਂ ਉਸ ਦੇ ਵਿਅਕਤੀਗਤ ਵਿਕਾਸ ਵਿੱਚ ਵੀ ਯੋਗਦਾਨ ਪਾਉਂਦਾ ਹੈ। ਸੋ ਵਿਦਿਆਰਥੀਆਂ ਦੀ ਲਗਾਤਾਰ ਹਾਜ਼ਰੀ ਨੂੰ ਬਣਾਈ ਰੱਖਣ ਲਈ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦੀ ਜ਼ਿੰਮੇਵਾਰੀ ਮਾਪਿਆਂ, ਅਧਿਆਪਕਾਂ ਅਤੇ ਭਾਈਚਾਰੇ ਦੇ ਸਾਂਝੇ ਯਤਨਾਂ ਕਾਰਨ ਹੀ ਸੰਭਵ ਹੈ।

***

## ਬੱਚਿਆਂ ਲਈ ਹਊਆ ਨਾ ਬਣਨ...

ਮਾਪਿਆਂ ਨੂੰ ਚਾਹੀਦਾ ਹੈ ਕਿ ਸਮੇਂ-ਸਮੇਂ 'ਤੇ ਬੱਚਿਆਂ ਨਾਲ ਖੁੱਲ੍ਹ ਕੇ ਗੱਲਬਾਤ ਕਰਨ ਤਾਂ ਜੋ ਉਹ ਆਪਣੀਆਂ ਸਮੱਸਿਆਵਾਂ ਬਿਨਾਂ ਡਰ ਦੇ ਸਾਂਝੀਆਂ ਕਰ ਸਕਣ। ਜਦੋਂ ਬੱਚੇ ਨੂੰ ਇਹ ਯਕੀਨ ਹੋਵੇ ਕਿ ਉਸ ਦੀ ਗੱਲ ਸੁਣੀ ਜਾ ਰਹੀ ਹੈ, ਤਾਂ ਉਹ ਵੀ ਪੜ੍ਹਾਈ ਪ੍ਰਤੀ ਗੰਭੀਰ ਹੋ ਜਾਂਦਾ ਹੈ। ਇਸੇ ਤਰ੍ਹਾਂ ਸਮਾਜ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਸਿਰਫ਼ ਅੰਕਾਂ ਦੇ ਆਧਾਰ 'ਤੇ ਬੱਚਿਆਂ ਦੀ ਯੋਗਤਾ ਨਾ ਤੋਲੀ ਜਾਵੇ। ਖੇਡ, ਕਲਾ, ਸੰਗੀਤ ਜਿਵੇਂ ਖੇਤਰਾਂ 'ਚ ਵੀ ਉਨ੍ਹਾਂ ਦੀ ਪ੍ਰਤਿਭਾ ਦੀ ਕਦਰ ਹੋਣੀ ਚਾਹੀਦੀ ਹੈ। ਜਦੋਂ ਬੱਚਿਆਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਦੀਆਂ ਹੋਰ ਕਾਬਲੀਅਤਾਂ ਵੀ ਮਹੱਤਵ ਰੱਖਦੀਆਂ ਹਨ, ਤਾਂ ਉਹ ਪ੍ਰੀਖਿਆਵਾਂ ਦਾ ਸਾਹਮਣਾ ਵੀ ਸ਼ਾਂਤੀ ਨਾਲ ਕਰ ਸਕਦੇ ਹਨ।

ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਇਮਤਿਹਾਨ ਜੀਵਨ ਦਾ ਸਿਰਫ਼ ਇਕ ਪੜਾਅ ਹਨ, ਪੂਰਾ ਜੀਵਨ ਨਹੀਂ। ਬੱਚਿਆਂ ਨੂੰ ਸਿਖਾਉਣਾ ਚਾਹੀਦਾ ਹੈ ਕਿ ਸਫਲਤਾ ਕੇਵਲ ਅੰਕਾਂ ਨਾਲ ਨਹੀਂ ਮਾਪੀ ਜਾਂਦੀ। ਜਦੋਂ ਉਹ ਇਹ ਗੱਲ ਸਮਝ ਲੈਂਦੇ ਹਨ, ਤਾਂ ਨਾ ਸਿਰਫ਼ ਇਮਤਿਹਾਨਾਂ ਦਾ ਡਰ ਘਟਦਾ ਹੈ ਸਗੋਂ ਉਹ ਜੀਵਨ ਦੀਆਂ ਵੱਡੀਆਂ ਚੁਣੌਤੀਆਂ ਨਾਲ ਵੀ ਹਿੰਮਤ ਨਾਲ ਨਜਿੱਠ ਸਕਦੇ ਹਨ। ਅਸਲੀ ਸਫਲਤਾ ਉਹੀ ਹੈ ਜਿੱਥੇ ਡਰ ਨਹੀਂ, ਸਿਰਫ਼ ਹੌਸਲਾ ਹੁੰਦਾ ਹੈ। ਜੇ ਮਾਪੇ, ਅਧਿਆਪਕ ਅਤੇ ਸਮਾਜ ਮਿਲ ਕੇ ਅਜਿਹਾ ਮਾਹੌਲ ਬਣਾਉਣ, ਜਿਸ ਵਿੱਚ ਬੱਚੇ ਖੁੱਲ੍ਹੇ ਮਨ ਨਾਲ ਸਿੱਖ ਸਕਣ, ਤਾਂ ਭਵਿੱਖ ਦੀ ਪੀੜ੍ਹੀ ਹੋਰ ਵੀ ਨਿੱਖਰੀ ਹੋਵੇਗੀ।

***

## ਮੌਸਮ ਵਾਂਗ ਹੀ ਬਦਲ...

ਆਓ ਕੁਦਰਤ ਦੀ ਸਦਾ ਸੰਭਾਲ ਕਰੀਏ, ਉਹਦੀ ਸੁੰਦਰਤਾ ਨੂੰ ਬਰਕਰਾਰ ਰੱਖੀਏ। ਕੁਦਰਤ ਦੀ ਕਰੋਪੀ ਕਈ ਵਾਰ ਝੱਲ ਚੁੱਕੇ ਹਾਂ। 2020 ਵਿੱਚ ਵੀ ਕਰੋਨਾ ਦੀ ਮਾਰ ਸੰਸਾਰ ਨੂੰ ਸਹਿਣੀ ਪਈ। ਉਦੋਂ ਜੋ ਸਥਿਤੀ ਪੂਰੇ ਜਗਤ ਦੀ ਹੋਈ, ਕਿਸੇ ਨੂੰ ਭੁੱਲੀ ਨਹੀਂ। ਸੋ ਆਓ ਕੁਦਰਤ ਨੂੰ ਸ਼ਿੰਗਾਰੀਏ, ਸੰਵਾਰੀਏ, ਬਹਾਰਾਂ ਖਿੜਾਈਏ ਤਾਂ ਕਿ ਸਾਰਾ ਆਲਾ ਦੁਆਲਾ ਸ਼ਾਂਤ, ਸੁਖਾਂਤ, ਖ਼ੁਸ਼ੀਆਂ-ਖੇੜਿਆਂ ਭਰਪੂਰ ਤੇ ਮਹਿਕਾਂ ਵੰਡਦਾ ਹੋਵੇ।

ਕੁਦਰਤ ਨੂੰ ਕੁਦਰਤ ਰਹਿਣ ਦਿਓ
ਨਾ ਇਹਨੂੰ ਬਰਬਾਦ ਕਰੋ।
ਰੱਬ ਦੀ ਬਖ਼ਸ਼ੀ ਇਹ ਦੌਲਤ
ਇਹਨੂੰ ਲੋਕੋ ਆਬਾਦ ਕਰੋ।

ਆਖ਼ਰ ਵਿੱਚ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਪੰਜਾਬ ਬੜੀ ਵਾਰੀ ਬਰਬਾਦ ਹੋਇਆ ਤੇ ਮੁੜ-ਮੁੜ ਆਬਾਦ ਵੀ ਹੋਇਆ। ਪੰਜਾਬ ਜਿਊਂਦਾ ਏ ਗੁਰਾਂ ਦੇ ਨਾਮ 'ਤੇ। ਪੰਜਾਬੀਆਂ ਨੂੰ ਮਾਣ ਹੈ ਆਪਣੇ ਡੌਲਿਆਂ 'ਤੇ, ਆਪਣੀ ਫ਼ਰਾਖ਼ ਦਿਲੀ 'ਤੇ, ਆਪਣੇ ਦਰਿਆ ਦਿਲਾਂ 'ਤੇ, ਆਪਣੇ ਉੱਚ ਇਰਾਦਿਆਂ 'ਤੇ, ਸੱਚੇ ਵਾਅਦਿਆਂ 'ਤੇ...। ਇਹ ਹਾਰਦੇ ਨਹੀਂ...ਬੁਲੰਦ ਹੌਸਲੇ ਰੱਖਦੇ ਨੇ। ਇਨ੍ਹਾਂ ਦੀਆਂ ਆਸਾਂ ਦੇ ਆਸ਼ਿਆਨੇ ਫਿਰ ਤੋਂ ਉੱਸਰਨਗੇ, ਜਗਮਗਾਉਣਗੇ ਰੋਸ਼ਨੀਆਂ ਵੰਡਣਗੇ, ਮਨੁੱਖਤਾ ਦੇ ਭਲੇ ਲਈ ਫਿਰ ਤੋਂ ਡਟਣਗੇ...ਇਹ ਹਾਰਨਾ ਨਹੀਂ, ਜੇਤੂ ਬਣਨਾ ਜਾਣਦੇ ਨੇ। ਦਾਤਾ ਅੱਗੇ ਇਹੀ ਅਰਜ਼ ਕਰਾਂਗੀ;

ਬਦਲੇ ਨਾ ਕਦੇ ਮੌਸਮ
ਇੰਨਾ ਕਹਿਰ ਨਾ ਢਾਵੇ
ਬਰਬਾਦੀਆਂ ਨਾ ਏਦਾਂ
ਸੰਗ ਕਦੇ ਲਿਆਵੇ।
ਗੂੰਜਣ ਨਗ਼ਮੇ ਪਿਆਰਾਂ ਦੇ
ਪੌਣ ਵਗੇ ਮਤਵਾਲੀ
ਫੁੱਲਾਂ ਨਾਲ ਰਹਿਣ ਭਰੇ
ਹਰ ਰੁੱਖ ਤੇ ਡਾਲੀ

***

## ਸ੍ਰੀ ਅੰਮ੍ਰਿਤਸਰ ਸਾਹਿਬ ਦਾ 450 ਸਾਲਾ...

ਸੈਲਾਨੀਆਂ ਤੇ ਨਗਰ ਨਿਵਾਸੀਆਂ ਦੀ ਵੱਧਦੀ ਗਿਣਤੀ ਦੇ ਮੱਦੇਨਜ਼ਰ ਸ਼ਹਿਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸਰਕਾਰਾਂ ਵੱਲੋਂ ਕੀਤੇ ਜਾਂਦੇ ਯਤਨ ਕੁਝ ਸਮੇਂ ਬਾਅਦ ਨਿਗੂਣੇ ਸਾਬਤ ਹੋ ਜਾਂਦੇ ਹਨ। ਸ੍ਰੀ ਦਰਬਾਰ ਸਾਹਿਬ ਵੱਲ ਜਾਂਦੇ ਰਸਤਿਆਂ ਨੂੰ ਹੋਰ ਖੁੱਲ੍ਹੇ ਕਰਨ ਦੀ ਲੋੜ ਹੈ। ਅੰਮ੍ਰਿਤਸਰ ਦੀ ਵਿਰਾਸਤ ਨੂੰ ਦਰਸਾਉਂਦਾਇਕ ਪੈਨੋਰਮਾ ਜਾਂ ਆਡੀਓ-ਵਿਜ਼ੂਅਲ ਪ੍ਰੋਗਰਾਮ ਤਿਆਰ ਕੀਤਾ ਜਾ ਸਕਦਾ ਹੈ, ਜੋ ਸੈਲਾਨੀਆਂ ਸਾਹਮਣੇ ਇਸ ਨਗਰ ਦਾ ਇਤਿਹਾਸ ਪੇਸ਼ ਕਰਕੇ ਉਨ੍ਹਾਂ ਦੀ ਯਾਤਰਾ ਨੂੰ ਹੋਰ ਵਧੇਰੇ ਆਕਰਸ਼ਕ ਤੇ ਖਿੱਚ ਭਰਪੂਰ ਬਣਾ ਸਕੇ। ਸ਼ਹਿਰ ਦੇ ਧਾਰਮਿਕ ਤੇ ਇਤਿਹਾਸਕ ਅਸਥਾਨਾਂ ਨੂੰ ਜੋੜਨ ਵਾਲਾ ਰੂਟ ਤਿਆਰ ਕੀਤਾ ਜਾਵੇ, ਜੋ ਸੈਲਾਨੀਆਂ ਨੂੰ ਸ਼ਹਿਰ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਪ੍ਰਦਾਨ ਕਰੇ। ਸ਼ਹਿਰ ਬਾਰੇ ਹਰ ਭਾਸ਼ਾ ਵਿੱਚ ਸੰਖੇਪ, ਸਰਲ ਅਤੇ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰਨ ਵਾਲੀਆਂ ਪੁਸਤਕਾਂ ਤਿਆਰ ਕਰਨ ਦੀ ਲੋੜ ਹੈ, ਜੋ ਬਹੁਤ ਘੱਟ ਕੀਮਤ 'ਤੇ ਸੈਲਾਨੀਆਂ ਨੂੰ ਦਿੱਤੀਆਂ ਜਾ ਸਕਦੀਆਂ ਹਨ। ਖੋਜ ਦੀ ਦ੍ਰਿਸ਼ਟੀ ਤੋਂ ਕਾਫੀ-ਟੇਬਲ ਪੁਸਤਕਾਂ ਵੀ ਤਿਆਰ ਕਰਵਾਈਆਂ ਜਾ ਸਕਦੀਆਂ ਹਨ। ਅੰਮ੍ਰਿਤਸਰ ਸ਼ਹਿਰ ਤੇ ਜ਼ਿਲ੍ਹੇ ਵਿੱਚ ਮੌਜੂਦ ਸੈਲਾਨੀ ਸਥਾਨਾਂ ਦਾ ਇਕ ਵੱਖਰਾ ਨਕਸ਼ਾ ਤਿਆਰ ਕਰਕੇ ਮੀਡੀਆ ਰਾਹੀਂ ਆਮ ਲੋਕਾਂ ਤੱਕ ਪਹੁੰਚਾਇਆ ਜਾਵੇ, ਤਾਂ ਕਿ ਛੁੱਟੀ ਵਾਲੇ ਦਿਨ ਇਨ੍ਹਾਂ ਥਾਵਾਂ ਦੀ ਰੌਣਕ ਵਧ ਸਕੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਕਾਰ ਤੋਂ ਇਸ ਨਗਰ ਨੂੰ ਪਵਿੱਤਰ ਸ਼ਹਿਰ ਜਾਂ 'ਵੈਟੀਕਨ ਸਿਟੀ' ਵਰਗਾ ਦਰਜਾ ਦੇਣ ਤੋਂ ਇਲਾਵਾ ਸ਼ਰਾਬ, ਮੀਟ ਤੇ ਤੰਬਾਕੂ ਦੀਆਂ ਦੁਕਾਨਾਂ ਬੰਦ ਕਰਨ ਦੀ ਮੰਗ ਕਰ ਚੁੱਕੀ ਹੈ। ਇੱਥੇ ਆਉਣ ਵਾਲੇ ਬਹੁਤੇ ਸ਼ਰਧਾਲੂਆਂ ਅਨੁਸਾਰ ਸ੍ਰੀ ਅੰਮ੍ਰਿਤਸਰ ਸਾਹਿਬ ਸਿਰਫ਼ ਇਕ ਨਗਰ ਨਹੀਂ, ਸਗੋਂ ਗੁਰੂ ਸਾਹਿਬਾਨ ਦੁਆਰਾ ਪੈਦਾ ਕੀਤੇ ਗਏ ਆਚਾਰ-ਵਿਹਾਰ ਦਾ ਕੇਂਦਰ ਵੀ ਹੈ ਅਤੇ ਇੱਥੇ ਹਰ ਹਾਲਤ ਵਿੱਚ ਮਰਿਆਦਾ ਕਾਇਮ ਰੱਖਣ ਦੀ ਲੋੜ ਹੈ। ਇਸ ਸ਼ਹਿਰ ਦੀ ਦਿੱਖ ਤੇ ਵਾਤਾਵਰਣ ਅਜਿਹਾ ਹੋਵੇ ਕਿ ਦਰਬਾਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਤੇ ਸੈਲਾਨੀਆਂ ਦੇ ਮਨਾਂ ਵਿੱਚ ਚੰਗਾ ਪ੍ਰਭਾਵ ਬਣ ਸਕੇ। ਸ਼ਹਿਰ ਦੇ ਬਾਜ਼ਾਰਾਂ 'ਚੋਂ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਸਿਧਾਂਤ ਤੇ ਵਿਹਾਰ ਦੀ ਝਲਕ ਨਜ਼ਰ ਆਉਣੀ ਚਾਹੀਦੀ ਹੈ। ਜੇਕਰ ਅੰਮ੍ਰਿਤਸਰ ਦੇ ਮੂਲ ਸੁਭਾਅ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਪ੍ਰਚਾਰਕ, ਵਿਦਵਾਨ, ਸੂਝਵਾਨ ਤੇ ਸਰਕਾਰ ਸਭ ਮਿਲ ਕੇ ਕੰਮ ਕਰਨਗੇ ਤਾਂ ਹੀ ਸ਼ਹਿਰ ਦੇ 450 ਸਾਲਾ ਸ਼ਤਾਬਦੀ ਸਮਾਗਮ ਸਾਰਥਕ ਹੋ ਸਕਣਗੇ ।

***

## ਕਦੇ ਹਾਰ ਨਹੀਂ ਮੰਨਦੇ...

ਕੇਂਦਰ ਸਰਕਾਰ ਨੇ ਤਾਂ ਤਬਾਹੀ ਦੇ ਕਈ ਦਿਨਾਂ ਬਾਅਦ ਤੱਕ ਕੋਈ ਨੋਟਿਸ ਨਹੀਂ ਸੀ ਲਿਆ। ਹਵਾਈ ਸਰਵੇਖਣ ਦੀ ਜਾਣੀ-ਪਛਾਣੀ 'ਰਸਮ' ਤੋਂ ਬਾਅਦ ਕੇਂਦਰੀ ਹਕੂਮਤ ਨੇ ਪੰਜਾਬ ਦੇ ਨੁਕਸਾਨ ਦੀ ਬਰਪਾਈ ਲਈ 1600 ਕਰੋੜ ਰੁਪਏ ਦਾ ਐਲਾਨ ਕੀਤਾ। ਹੈਰਾਨੀ ਹੈ ਕਿ ਇੰਨੇ ਵੱਡੇ ਦੁਖਾਂਤ ਦੇ ਬਾਵਜੂਦ ਦੋਵੇਂ ਸਰਕਾਰਾਂ ਪਹਿਲਾਂ ਆਏ ਫੰਡਾਂ ਦੇ ਨਾਂ 'ਤੇ ਇਕ ਦੂਜੇ ਨਾਲ ਮਿਹਣੋ-ਮਿਹਣੀ ਹੋ ਕੇ, ਹੜ੍ਹ ਪੀੜਤਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਦੀਆਂ ਜਾਪਦੀਆਂ ਹਨ। ਸਿਆਸੀ ਪਾਰਟੀਆਂ ਦੇ ਨੇਤਾ ਵੀ ਇੱਕਜੁੱਟ ਹੋ ਕੇ ਪੀੜਤਾਂ ਦੀ ਮਦਦ ਕਰਨ ਦੀ ਥਾਂ, ਇੱਕ ਦੂਜੇ ਉੱਤੇ ਚਿੱਕੜ ਉਛਾਲ ਕੇ, ਆਪਣੇ ਆਪ ਨੂੰ ਦੁੱਧ ਧੋਤਾ ਸਾਬਤ ਕਰਨ ਲਈ ਤਰਲੋ-ਮੱਛੀ ਹੋ ਰਹੇ ਹਨ। ਆਪਣੇ ਦੇਸ਼ 'ਚ ਹੀ ਨਹੀਂ, ਕਿਸੇ ਹੋਰ ਦੇਸ਼ਾਂ 'ਚ ਵੀ ਜੇ ਕੋਈ ਹੜ੍ਹ, ਸੋਕਾ, ਭੂਚਾਲ, ਸੁਨਾਮੀ ਆ ਜਾਵੇ ਤਾਂ ਪੰਜਾਬੀਆਂ ਦੀਆਂ ਸੰਸਥਾਵਾਂ ਮੋਹਰੀ ਹੋ ਕੇ ਸੇਵਾ ਲਈ ਜਾ ਪਹੁੰਚਦੀਆਂ, ਹੁਣ ਤਾਂ ਪੰਜਾਬ 'ਤੇ ਹੀ ਭੀੜ ਬਣੀ ਹੈ। ਪੰਜਾਬ ਨੂੰ ਇਸ ਸੰਕਟ 'ਚੋਂ ਕੱਢਣ ਲਈ ਸਮਾਜ ਸੇਵੀ ਸੰਸਥਾਵਾਂ ਸੇਵਾ ਵਿੱਚ ਜੁਟੀਆਂ ਹੋਈਆਂ ਹਨ। ਹੜ੍ਹ ਪੀੜਤਾਂ ਨੂੰ ਪੈਰਾਂ ਸਿਰ ਕਰਨ ਲਈ ਅਜੇ ਬਹੁਤ ਵੱਡੇ ਉਪਰਾਲਿਆਂ ਦੀ ਲੋੜ ਹੈ।

***

## ਦੇਸ਼ ਦੀ ਅਜੋਕੀ ਸਥਿਤੀ ਵਿੱਚ ਖੱਬੇ-ਪੱਖੀ ਪਾਰਟੀਆਂ...

ਇਥੇ ਇਹ ਵੀ ਵਰਣਨਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਤਾਮਿਲਨਾਡੂ ਵਿੱਚ ਸੀ.ਪੀ.ਆਈ.(ਐਮ.) ਦੀ ਹੋਈ ਪਾਰਟੀ ਕਾਂਗਰਸ ਵਿੱਚ ਵੀ ਖੱਬੇ ਪੱਖੀ ਪਾਰਟੀਆਂ ਵਿਚਕਾਰ ਏਕਤਾ ਜਾਂ ਸਾਂਝੇ ਸੰਘਰਸ਼ ਕਰਨ ਦਾ ਮੁੱਦਾ ਬੜੇ ਜ਼ੋਰ-ਸ਼ੋਰ ਨਾਲ ਉੱਭਰਿਆ ਸੀ। ਸਮੁੱਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਦੇਸ਼ ਦੀਆਂ ਖੱਬੀਆਂ ਪਾਰਟੀਆਂ ਵਿੱਚ ਭਾਵੇਂ ਕਈ ਤਰ੍ਹਾਂ ਦੇ ਸਿਧਾਂਤਕ ਮਤਭੇਦ ਅਜੇ ਵੀ ਮੌਜੂਦ ਹਨ, ਪਰ ਕੇਂਦਰੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਦਾ ਵਿਰੋਧ ਕਰਨ ਅਤੇ ਦੇਸ਼ ਨੂੰ ਧਰਮ ਨਿਰਪੱਖ ਅਤੇ ਜਮਹੂਰੀ ਬਣਾਈ ਰੱਖਣ ਲਈ ਮਿਲ ਕੇ ਕੰਮ ਕਰਨ ਸੰਬੰਧੀ ਉਨ੍ਹਾਂ ਵਿੱਚ ਹੁਣ ਕੋਈ ਮਤਭੇਦ ਨਹੀਂ ਹਨ। ਪਰ ਇਸ ਦੇ ਬਾਵਜੂਦ ਅਜੇ ਤੱਕ ਕੌਮੀ ਪੱਧਰ 'ਤੇ ਖੱਬੇ ਪੱਖੀ ਪਾਰਟੀਆਂ ਆਪਣੇ ਉਪਰੋਕਤ ਏਜੰਡੇ ਦੀ ਪੂਰਤੀ ਲਈ ਨਾ ਤਾਂ ਕੋਈ ਸਾਂਝੀ ਤਾਲਮੇਲ ਕਮੇਟੀ ਬਣਾ ਸਕੀਆਂ ਹਨ ਅਤੇ ਨਾ ਹੀ ਸੰਘਰਸ਼ ਲਈ ਕੋਈ ਸਾਂਝਾ ਪ੍ਰੋਗਰਾਮ ਬਣਾ ਸਕੀਆਂ ਹਨ। ਇਸ ਕਾਰਨ ਦੇਸ਼ ਵਿੱਚ ਖੱਬੇ ਪੱਖੀ ਪਾਰਟੀਆਂ ਦੇ ਵਰਕਰਾਂ ਅਤੇ ਸਮਰਥਕਾਂ ਵਿੱਚ ਉਹੋ ਜਿਹਾ ਉਤਸ਼ਾਹ ਅਤੇ ਉਭਾਰ ਨਜ਼ਰ ਨਹੀਂ ਆਉਂਦਾ, ਜਿਸ ਤਰ੍ਹਾਂ ਦਾ ਉਤਸ਼ਾਹ ਕੁਝ ਦਹਾਕੇ ਪਹਿਲਾਂ ਖੱਬੇ ਪੱਖੀ ਪਾਰਟੀਆਂ ਦੇ ਆਗੂਆਂ ਤੇ ਸਮਰਥਕਾਂ ਵਿੱਚ ਨਜ਼ਰ ਆਉਂਦਾ ਸੀ।

ਦੇਸ਼ ਦੀਆਂ ਰਾਜਨੀਤਕ ਅਤੇ ਆਰਥਿਕ ਸਥਿਤੀਆਂ ਇਹ ਮੰਗ ਕਰਦੀਆਂ ਹਨ ਕਿ ਖੱਬੇ ਪੱਖੀ ਪਾਰਟੀਆਂ ਹੁਣ ਆਪਣੇ ਆਪ ਨੂੰ ਸਿਧਾਂਤਕ ਵਿਚਾਰ ਵਟਾਂਦਰਿਆਂ ਤੱਕ ਸੀਮਿਤ ਨਾ ਰੱਖਣ, ਸਗੋਂ ਅਮਲੀ ਰੂਪ ਵਿੱਚ ਰਾਜਨੀਤੀ ਦੇ ਮੈਦਾਨ ਵਿੱਚ ਉਤਰਨ ਅਤੇ ਦੇਸ਼ ਦੀਆਂ ਰਾਜਨੀਤਕ ਤੇ ਆਰਥਿਕ ਨੀਤੀਆਂ ਨੂੰ ਆਪਣੀ ਸੋਚ ਮੁਤਾਬਕ ਮੋੜਾ ਦੇਣ ਲਈ ਅਤੇ ਖ਼ਾਸ ਕਰਕੇ ਦੇਸ਼ ਵਿੱਚ ਧਰਮ ਨਿਰਪੱਖਤਾ, ਜਮਹੂਰੀਅਤ ਅਤੇ ਸੰਘੀ ਢਾਂਚੇ ਨੂੰ ਮੁੜ ਤੋਂ ਮਜ਼ਬੂਤ ਬਣਾਉਣ ਲਈ ਸੰਘਰਸ਼ਸ਼ੀਲ ਹੋਣ। ਜੇਕਰ ਮੁਢਲੇ ਤੌਰ 'ਤੇ ਖੱਬੇ ਪੱਖੀ ਪਾਰਟੀਆਂ ਘੱਟੋ-ਘੱਟ ਆਮ ਸਹਿਮਤੀ ਵਾਲਾ ਪ੍ਰੋਗਰਾਮ ਬਣਾ ਕੇ ਸੰਘਰਸ਼ ਵਿੱਚ ਉੱਤਰਦੀਆਂ ਹਨ ਤਾਂ ਇਸ ਨਾਲ ਕਾਂਗਰਸ ਸਮੇਤ ਦੇਸ਼ ਦੀਆਂ ਹੋਰ ਜਮਹੂਰੀ ਤੇ ਧਰਮ ਨਿਰਪੱਖ ਸਿਆਸੀ ਪਾਰਟੀਆਂ ਨਾਲ ਵੀ ਉਨ੍ਹਾਂ ਦਾ ਤਾਲਮੇਲ ਵਧ ਸਕਦਾ ਹੈ। ਹੁਣ ਇਹ ਦੇਖਣਾ ਬਣਦਾ ਹੈ ਕਿ ਚੰਡੀਗੜ੍ਹ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਹੋਈ 25ਵੀਂ ਪਾਰਟੀ ਕਾਂਗਰਸ ਤੋਂ ਬਾਅਦ ਖੱਬੇ ਪੱਖੀ ਪਾਰਟੀਆਂ ਦੇਸ਼ ਵਿੱਚ ਕਿੰਨੇ ਕੁ ਉਤਸ਼ਾਹ ਅਤੇ ਦ੍ਰਿੜਤਾ ਨਾਲ ਆਉਣ ਵਾਲੇ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਕਿਵੇਂ ਤਿਆਰ ਕਰਦੀਆਂ ਹਨ।

****

## ਜਦੋਂ ਆਰ.ਐੱਸ.ਐੱਸ. ...

ਜਦੋਂ ਸੰਘ ਦੇ ਮੁੱਖ ਅਖ਼ਬਾਰ 'ਆਰਗੇਨਾਇਜ਼ਰ' ਨੇ 17 ਜੁਲਾਈ 1947 ਨੂੰ 'ਰਾਸ਼ਟਰੀ ਝੰਡਾ' ਸਿਰਲੇਖ ਵਾਲੇ ਸੰਪਾਦਕੀ ਵਿੱਚ ਭਗਵਾਂ ਝੰਡੇ ਨੂੰ ਰਾਸ਼ਟਰੀ ਝੰਡੇ ਦੇ ਤੌਰ 'ਤੇ ਮੰਨਣ ਦੀ ਮੰਗ ਕੀਤੀ ਤਾਂ ਸੰਘ ਨਿਸ਼ਾਨੇ ਹੇਠ ਆਇਆ ਕਿ ਤਿਰੰਗੇ ਦੀ ਥਾਂ ਆਰ.ਐੱਸ.ਐੱਸ. ਭਗਵਾਂ ਝੰਡੇ ਦਾ ਹਿਮਾਇਤੀ ਸੀ। ਅਲੋਚਕ ਤਾਂ ਇਹ ਵੀ ਕਹਿੰਦੇ ਹਨ ਕਿ 2002 ਤੱਕ ਸੰਘ ਨੇ ਆਪਣੇ ਨਾਗਪੁਰ ਦੇ ਮੁੱਖ ਦਫ਼ਤਰ ਵਿੱਚ ਤਿਰੰਗਾ ਝੰਡਾ ਨਹੀਂ ਸੀ ਲਹਿਰਾਇਆ। ਅਸਲ 'ਚ ਸੰਘ ਸਿਧਾਂਤਕ ਤੌਰ 'ਤੇ ਕਮਿਊਨਿਸਟਾਂ ਨੂੰ ਆਪਣੇ ਮੁੱਖ ਵਿਰੋਧੀ ਮੰਨਦਾ ਹੈ ਅਤੇ ਮੁਸਲਮਾਨਾਂ ਨੂੰ ਵਿਦੇਸ਼ੀ ਹਮਲਾਵਰਾਂ ਦੇ ਵਾਰਸ ਗਰਦਾਨਦਾ ਹੈ ਅਤੇ ਇਸਾਈਆਂ ਨੂੰ ਵਿਦੇਸ਼ੀ।

ਆਰ.ਐੱਸ.ਐੱਸ. ਵੱਲੋਂ ਵਿਦਿਆਰਥੀ ਜੱਥੇਬੰਦੀਆਂ, ਮੁਲਾਜ਼ਮਾਂ, ਸਿੱਖਿਆ ਸੰਸਥਾਵਾਂ ਵਿੱਚ ਆਪਣਾ ਪ੍ਰਭਾਵ, ਅਧਿਕਾਰ ਜਮਾਉਣ ਲਈ ਲਗਾਤਾਰ ਯਤਨ ਹੋਏ ਹਨ। ਦੇਸ਼ ਵਿੱਚ ਭਾਰਤੀ ਵਿਦਿਆਰਥੀ ਪ੍ਰੀਸ਼ਦ, ਭਾਰਤੀ ਮਜ਼ਦੂਰ ਸੰਘ, ਵਿਸ਼ਵ ਹਿੰਦੂ ਪ੍ਰੀਸ਼ਦ, ਭਾਰਤੀ ਸ਼ਿਕਸ਼ਣ ਮੰਡਲ ਅਤੇ ਹੋਰ ਸੰਸਥਾਵਾਂ ਸਥਾਪਿਤ ਕਰਕੇ ਇਸਨੇ ਆਪਣੇ ਅਕਾਰ 'ਚ ਵਾਧਾ ਕੀਤਾ ਹੈ।

ਸਰਕਾਰ ਅਤੇ ਭਾਜਪਾ ਦੀਆਂ ਮੁੱਖ ਪੋਸਟਾਂ ਵੀ ਸੰਘ ਵੱਲੋਂ ਕਾਬੂ ਕੀਤੀਆਂ ਹੋਈਆਂ ਹਨ ਅਤੇ ਹੋਰ ਕਾਬੂ ਕਰਨ ਦੇ ਲਗਾਤਾਰ ਯਤਨ ਹੁੰਦੇ ਹਨ। ਸਿੱਟੇ ਵਜੋਂ ਸੰਘ ਮੁਖੀ ਮੋਹਨ ਭਾਗਵਤ ਅਤੇ ਮੋਦੀ ਸਰਕਾਰ ਅਤੇ ਮੋਦੀ ਦੇ ਪੈਰੋਕਾਰਾਂ ਵਿੱਚ ਕੁੜੱਤਣ ਵਧਦੀ ਹੈ ਅਤੇ ਟਕਰਾਅ ਦੀ ਨੌਬਤ ਆਉਂਦੀ ਹੈ। ਇਸੇ ਟਕਰਾਅ ਕਾਰਨ ਕਈ ਵੇਰ ਸਰਕਾਰ ਹਚਕੋਲੇ ਖਾਂਦੀ ਦਿਸਦੀ ਰਹੀ।

ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨੇ 2024 ਵਿੱਚ ਕਿਹਾ ਸੀ ਕਿ ਭਾਜਪਾ ਉਸ ਸਮੇਂ ਤੋਂ ਅੱਗੇ ਵੱਧ ਚੁੱਕੀ ਹੈ, ਜਦੋਂ ਉਸ ਨੂੰ ਆਰ.ਐੱਸ.ਐੱਸ. ਦੀ ਲੋੜ ਸੀ। ਇਸ ਬਿਆਨ 'ਤੇ ਮੋਹਨ ਭਾਗਵਤ ਨੇ ਕਿਹਾ ਸੀ , 'ਸੇਵਕ (ਜਨਤਾ ਦੀ ਸੇਵਾ ਕਰਨ ਵਾਲੇ) ਵਿੱਚ ਹੰਕਾਰ ਨਹੀਂ ਹੋਣਾ ਚਾਹੀਦਾ, ਭਾਵੇਂ ਰਿਜ਼ਰਵੇਸ਼ਨ ਦਾ ਮਾਮਲਾ ਹੋਵੇ ਜਾਂ ਜਨ ਸੰਖਿਆ ਦਾ ਮੁੱਦਾ, ਜਾਂ ਫਿਰ 75 ਸਾਲ ਦੀ ਉਮਰ 'ਚ ਨੇਤਾ ਦੇ ਰਿਟਾਇਰ ਹੋਣ ਦਾ।' ਸਰਕਾਰ ਅਤੇ ਸੰਘ ਦੇ ਸੰਬੰਧਾਂ 'ਚ ਖਟਾਸ ਵੇਖਣ ਨੂੰ ਮਿਲੀ। ਇਸੇ ਤਰ੍ਹਾਂ ਦੀ ਕੁੜੱਤਣ ਭਾਜਪਾ ਦੇ ਪ੍ਰਧਾਨ ਦੀ ਚੋਣ 'ਚ ਭਾਜਪਾ ਅਤੇ ਸੰਘ 'ਚ ਵੇਖਣ ਨੂੰ ਮਿਲ ਰਹੀ ਹੈ। ਜੇ.ਪੀ. ਨੱਢਾ ਦਾ ਪ੍ਰਧਾਨਗੀ ਕਾਰਜਕਾਲ 2023 ਦਾ ਖ਼ਤਮ ਹੈ। ਪਰ ਨਵੇਂ ਪ੍ਰਧਾਨ ਦੇ ਨਾਂਅ 'ਤੇ ਸਹਿਮਤੀ ਨਹੀਂ ਹੋ ਰਹੀ, ਕਿਉਂਕਿ ਸੰਘ, ਭਾਜਪਾ ਆਪਣੇ ਪੱਖੀ ਪ੍ਰਧਾਨ ਨਿਯੁਕਤ ਕਰਨਾ ਚਾਹੁੰਦਾ ਹੈ ਅਤੇ ਮੋਦੀ ਧਿਰ ਆਪਣਾ। ਦੋਹਾਂ 'ਚ ਇੱਕ ਲਕੀਰ ਸਪਸ਼ਟ ਦਿੱਖ ਰਹੀ ਹੈ।

ਪਰ ਫਿਰ ਵੀ ਦੇਸ਼ ਦੀ ਹਾਕਮ ਧਿਰ ਭਾਜਪਾ, ਜਿਸ ਢੰਗ ਨਾਲ ਚੋਣ ਕਮਿਸ਼ਨ, ਨਿਆਪਾਲਿਕਾ, ਖ਼ੁਦਮੁਖਤਿਆਰ ਸੰਸਥਾਵਾਂ ਉੱਤੇ ਭਾਰੂ ਹੋ ਰਹੀ ਹੈ ਅਤੇ ਜਿਸ ਢੰਗ ਨਾਲ ਵੱਖੋ-ਵੱਖਰੇ ਸੂਬਿਆਂ ਦੀਆਂ ਸਰਕਾਰਾਂ ਨੂੰ ਖੂੰਜੇ ਲਾ ਰਹੀ ਹੈ, ਉਹ ਵਿਚਾਰਧਾਰਿਕ ਤੌਰ 'ਤੇ ਆਰ.ਐੱਸ.ਐੱਸ. ਦੇ ਸਿਧਾਂਤਾਂ ਨੂੰ ਲਾਗੂ ਕਰਨ ਲਈ ਯਤਨਸ਼ੀਲ ਹੈ। ਜਿਸ ਕਾਰਨ ਲਗਾਤਾਰ ਦੇਸ਼ 'ਚ ਅਸੰਤੁਸ਼ਟੀ ਦਾ ਮਾਹੌਲ ਪੈਦਾ ਹੋ ਰਿਹਾ ਹੈ ਅਤੇ ਆਲੋਚਕਾਂ ਵੱਲੋਂ ਲਗਾਤਾਰ ਵਿਰੋਧ ਪ੍ਰਗਟ ਕੀਤਾ ਜਾ ਰਿਹਾ ਹੈ। ਹੁਣੇ ਜਿਹੇ ਐਨ.ਸੀ.ਈ.ਆਰ.ਟੀ. ਨੇ ਸਕੂਲਾਂ ਦੇ ਸਿਲੇਬਸ ਵਿੱਚ ਗਾਂਧੀ ਜੀ ਦੀ ਹੱਤਿਆ ਨਾਲ ਸੰਬੰਧਿਤ ਕੁਝ ਅੰਸ਼ ਹਟਾ ਦਿੱਤੇ ਹਨ। ਵਿਰੋਧੀ ਇਸ ਨੂੰ ਸੰਘ ਦੇ ਵਿਵਾਦਿਤ ਅਤੀਤ ਨੂੰ ਮਿਟਾਉਣ ਦਾ ਯਤਨ ਦੱਸ ਰਹੇ ਹਨ।

***

## ਟਰੰਪ ਨੇ ਹੁਣ ਚੀਨ 'ਤੇ ਲਗਾਇਆ...

ਜਿਸ ਵਿੱਚ ਫ਼ੌਜੀ ਅਤੇ ਸੈਮੀਕੰਡਕਟਰ ਸੈਕਟਰ ਸ਼ਾਮਲ ਹਨ।

ਇਸ ਤੋਂ ਪਹਿਲਾਂ ਟਰੰਪ ਨੇ ਕਿਹਾ ਸੀ ਕਿ ਪੇਈਚਿੰਗ ਵੱਲੋਂ ਧਰਤੀ ਦੇ ਦੁਰਲੱਭ ਤੱਤਾਂ 'ਤੇ ਵਿਆਪਕ ਨਵੇਂ ਨਿਰਯਾਤ ਨਿਯੰਤਰਣ ਲਗਾ ਕੇ 'ਬਹੁਤ ਵਿਰੋਧੀ' ਕਦਮ ਚੁੱਕਣ ਤੋਂ ਬਾਅਦ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ 'ਮਿਲਣ ਦਾ ਕੋਈ ਕਾਰਨ ਨਹੀਂ' ਸੀ।

ਉਨ੍ਹਾਂ ਚਿਤਾਵਨੀ ਦਿੱਤੀ ਸੀ ਕਿ ਸੰਯੁਕਤ ਰਾਜ ਅਮਰੀਕਾ ਸਖ਼ਤ ਜਵਾਬੀ ਉਪਾਵਾਂ ਨਾਲ ਜਵਾਬ ਦੇਣ ਦੀ ਤਿਆਰੀ ਕਰ ਰਿਹਾ ਹੈ, ਜਿਸ ਵਿੱਚ ਚੀਨੀ ਸਾਮਾਨਾਂ 'ਤੇ 'ਟੈਰਿਫ਼ ਵਿੱਚ ਭਾਰੀ ਵਾਧਾ' ਸ਼ਾਮਲ ਹੈ।

ਚੀਨ, ਜੋ ਸਮਾਰਟਫ਼ੋਨ ਤੋਂ ਲੈ ਕੇ ਲੜਾਕੂ ਜਹਾਜ਼ਾਂ ਤੱਕ ਹਰ ਚੀਜ਼ ਵਿੱਚ ਵਰਤੇ ਜਾਣ ਵਾਲੇ ਦੁਰਲੱਭ ਖਣਿਜਾਂ ਦੀ ਗਲੋਬਲ ਪ੍ਰੋਸੈਸਿੰਗ ਵਿੱਚ ਦਬਦਬਾ ਰੱਖਦਾ ਹੈ, ਨੇ ਪੰਜ ਨਵੇਂ ਤੱਤਾਂ ਹੋਲਮੀਅਮ, ਐਰਬੀਅਮ, ਥੂਲੀਅਮ, ਯੂਰੋਪੀਅਮ ਅਤੇ ਯਟਰਬੀਅਮ ਨੂੰ ਆਪਣੀ ਮੌਜੂਦਾ ਪਾਬੰਦੀਸ਼ੁਦਾ ਖਣਿਜਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ, ਜਿਸ ਨਾਲ ਕੁੱਲ 17 ਕਿਸਮਾਂ ਵਿੱਚੋਂ 12 ਹੋ ਗਏ ਹਨ। ਨਿਰਯਾਤ ਲਾਇਸੈਂਸ ਹੁਣ ਨਾ ਸਿਰਫ਼ ਤੱਤਾਂ ਲਈ ਸਗੋਂ ਮਾਈਨਿੰਗ, ਪਿਘਲਾਉਣ ਅਤੇ ਚੁੰਬਕ ਉਤਪਾਦਨ ਨਾਲ ਸਬੰਧਤ ਤਕਨਾਲੋਜੀਆਂ ਲਈ ਵੀ ਲੋੜੀਂਦੇ ਹੋਣਗੇ।

ਚੀਨੀ ਵਣਜ ਮੰਤਰਾਲੇ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼ 'ਰਾਸ਼ਟਰੀ ਸੁਰੱਖਿਆ ਅਤੇ ਹਿੱਤਾਂ ਦੀ ਰਾਖੀ' ਕਰਨਾ ਹੈ ਅਤੇ ਸਮੱਗਰੀ ਨੂੰ 'ਸਿੱਧੇ ਜਾਂ ਅਸਿੱਧੇ ਤੌਰ 'ਤੇ ਫ਼ੌਜੀ ਅਤੇ ਹੋਰ ਸੰਵੇਦਨਸ਼ੀਲ ਖੇਤਰਾਂ ਵਿੱਚ' ਵਰਤੇ ਜਾਣ ਤੋਂ ਰੋਕਣਾ ਹੈ। ਸੀਐੱਨਐੱਨ ਦੀ ਰਿਪੋਰਟ ਮੁਤਾਬਕ ਚੀਨ ਨੇ ਇਲੈੱਕਟ੍ਰਿਕ ਵਾਹਨਾਂ ਵਿੱਚ ਵਰਤੀਆਂ ਜਾਣ ਵਾਲੀਆਂ ਲਿਥੀਅਮ ਬੈਟਰੀਆਂ 'ਤੇ ਵੀ ਨਵੀਆਂ ਪਾਬੰਦੀਆਂ ਲਗਾਈਆਂ ਹਨ।

ਇਹ ਨਵੇਂ ਕਦਮ ਨਵੰਬਰ ਅਤੇ ਦਸੰਬਰ ਦੇ ਵਿਚਕਾਰ ਪੂਰੀ ਤਰ੍ਹਾਂ ਲਾਗੂ ਹੋਣਗੇ, ਜੋ ਇਸ ਮਹੀਨੇ ਦੇ ਅੰਤ ਵਿੱਚ ਦੱਖਣੀ ਕੋਰੀਆ ਵਿੱਚ ਅਪੈਕ ਸੰਮੇਲਨ ਵਿੱਚ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਡੋਨਾਲਡ ਟਰੰਪ ਵਿਚਕਾਰ ਹੋਣ ਵਾਲੀ ਸੰਭਾਵਿਤ ਮੁਲਾਕਾਤ ਤੋਂ ਪਹਿਲਾਂ ਸੰਯੁਕਤ ਰਾਜ ਅਮਰੀਕਾ ਨਾਲ ਵਪਾਰਕ ਗੱਲਬਾਤ ਵਿੱਚ ਪੇਈਚਿੰਗ ਦੇ ਵਧ ਰਹੇ ਲਾਭ ਨੂੰ ਦਰਸਾਉਂਦੇ ਹਨ।

ਸੀ.ਐਨ.ਐਨ. ਨੇ ਇਹ ਵੀ ਜ਼ਿਕਰ ਕੀਤਾ ਕਿ ਨਵੀਨਤਮ ਪਾਬੰਦੀਆਂ ਐਡਵਾਂਸਡ ਚਿਪਸ 'ਤੇ ਵਾਸ਼ਿੰਗਟਨ ਦੇ ਆਪਣੇ ਨਿਰਯਾਤ ਨਿਯੰਤਰਣਾਂ ਨੂੰ ਦਰਸਾਉਂਦੀਆਂ ਹਨ, ਜੋ ਚੱਲ ਰਹੇ ਅਮਰੀਕਾ-ਚੀਨ ਵਪਾਰ ਟਕਰਾਅ ਵਿੱਚ ਇੱਕ ਨਵੇਂ ਪੜਾਅ ਦੀ ਸ਼ੁਰੂਆਤ ਕਰਦੀਆਂ ਹਨ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

**ਹੋਰ ਜਾਣਕਾਰੀ ਲਈ ਵੇਖੋ**

**https://hokatv.com/guest/home**